# ਸਚਹੁ ਓਰੈ ਸਭੁ ਕੋ

ਤਰਨ ਸਿੰਘ ਵਹਿਮੀ

ਨਾਮਧਾਰੀ ਸਾਹਿਤ ਸਭਾ
ਸ੍ਰੀ ਜੀਵਨ ਨਗਰ—ਹਿਸਾਰ

ਫਗਣ—੨੦੨੧ ਬਿਕ੍ਰਮੀ

ਸਭ ਹੱਕ ਰਾਖਵੇਂ ਹਨ

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

# ਸਚਹੁ ਓਰੈ ਸਭੁ ਕੋ

ਤਰਨ ਸਿੰਘ ਵਹਿਮੀ

ਨਾਮਧਾਰੀ ਸਾਹਿਤ ਸਭਾ
ਸ੍ਰੀ ਜੀਵਨ ਨਗਰ ਹਿਸਾਰ

Sri Satguru Jagjit Singh Ji Elibrary NamdhariElibrary@gmail.com

ਪ੍ਰਕਾਸ਼ਕ :—
ਤਰਨ ਸਿੰਘ 'ਵਹਿਮੀ'
ਨਾਮਧਾਰੀ ਸਾਹਿਤ ਸਭਾ
ਸ੍ਰੀ ਜੀਵਨ ਨਗਰ
ਜ਼ਿਲਾ ਹਿਸਾਰ।

ਮੁਲ 2 ਰੁਪਏ

ਛਾਪਕ :—
ਗਿਆਨੀ ਪ੍ਰਕਾਸ਼ ਸਿੰਘ
ਪ੍ਰੋ: ਐਵਰ ਸਕਸੈੱਸ ਪ੍ਰਿੰਟਿੰਗ ਪ੍ਰੈਸ
ਸੈਂਟਰਲ ਟਾਊਨ ਜਲੰਧਰ ਸ਼ਹਿਰ।

Sri Satguru Jagjit Singh Ji Elibrary NamdhariElibrary@gmail.com

# ਸਮਰਪਣ

ਸਤਿਗੁਰੂ ਜਗਜੀਤ ਸਿੰਘ ਜੀ ਤੇ ਮਹਾਰਾਜਾ ਬੀਰ ਸਿੰਘ ਜੀ ਨੂੰ
ਜਿਨ੍ਹਾਂ ਇਹ ਉੱਤਰ ਤੇ ਨਿਰਨੇ ਲਿਖਨ
ਦਾ ਹੁਕਮ ਦਿਤਾ

Sri Satguru Jagjit Singh Ji Elibrary NamdhariElibrary@gmail.com

# ਮੁਖ ਬੰਦ

ਮੈਂ ਇਸ ਵਿਚ (ਅਸਾਂ) ਇਸ ਲਈ ਲਿਖਿਆ ਹੈ, ਮੈਂ ਦੇ ਥਾਂ ਕਿ ਇਹ ਜੋ ਕੁਝ ਲਿਖਿਆ ਹੈ "ਮਨ ਪ੍ਰਗਾਸ ਗੁਰ ਤੇ ਮਤ ਲਈ" ਦੇ ਅਨੁਸਾਰ ਹੀ ਲਿਖਿਆ ਹੈ। ਮੈਂ ਇਸ ਵਿਚ ਗ੍ਰੰਥਾਂ ਦੀ ਸੂਚੀ ਨਹੀਂ ਲਿਖੀ। ਮੈਂ ਖੋਜਨ ਵਾਲਾ ਬਨਣਾ ਸੀ ਤੇ ਗ੍ਰੰਥ ਮੇਰਾ ਆਸਰਾ ਹੋਣੇ ਸੀ। ਪਰ ਇਸ ਪੁਸਤਕ "ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰਿ" ਵਿਚ ਗੁਰਮਤ ਜੋ ਮੈਨੂੰ ਕੂਕੇ ਹੋਣ ਦੇ ਨਾਤੇ ਸਤਿ ਗੁਰੂ ਪਰਤਾਪ ਸਿੰਘ ਜੀ ਪਾਸੋਂ ਮਿਲੀ ਹੈ ਤੇ ਜੋ ਉਸ ਤੇ ਚਾਨਣਾਂ ਮੇਰੇ ਚਿਤ ਵਿਚ ਰਿਹਿਆ ਹੈ ਉਹ ਹੀ ਇਹਨਾਂ ਉਤਰਾਂ ਤੇ ਨਿਰਨਿਆਂ ਵਿਚ ਵਰਤਿਆ ਹੈ। ਤੇ ਜੋ ਲਿਖਿਆ ਹੈ ਹੁਣ (ਅਸਾਂ) ਇਸ ਦਾ ਉਤਰ ਦੇਣਾ ਹੈ। ਸਾਂ ਗੁਰਮਤ ਅਨੁਸਾਰ ਨਿਰਨਾਂ ਕਰਨਾ ਹੈ ਜਿਵੇਂ ਅਗੇ ਇਸ ਪੁਸਤਕ ਵਿਚ ਉਤਰ ਦਿਤੇ ਤੇ ਨਿਰਨੇ ਕੀਤੇ ਹਨ।

ਗੁਰਮਤ ਤੇ ਮੇਰੇ ਮਨ ਦੇ ਪ੍ਰਗਾਸ ਵਲੋਂ ਇਹੋ ਹੀ ਮੰਗ ਹੈ (ਜਾਂ) ਤੇ ਇਹ ਉਤਰ, ਨਿਰਨੇ, ਉਵੇਂ ਹੀ ਵਿਦਿਆਰਥੀਆਂ ਨੂੰ ਸਕੂਲਾਂ ਕਾਲਜਾਂ ਵਿਚ ਪੜ੍ਹਾਏ ਜਾਣ ਜਿਵੇਂ ਜਸਵੰਤ ਸਿੰਘ ਜੀ ਦੀ ਗਲਤ ਪੁਸਤਕ ਲਾਈ ਗਈ ਹੈ, ਜਾਂ ਉਹ ਜ਼ਬਤ ਕੀਤੀ ਜਾਵੇ ਜੋ ਇਹ ਵਿਦਿਆਰਥੀਆਂ ਜੋਗ ਨ ਲਾਏ ਜਾਣ।

ਹੁਣ ਆਜ਼ਾਦ ਹਕੂਮਤ ਲੋਕ ਰਾਏ ਦੇ ਰਾਜ ਵਿਚ ਫਿਰਕਾ ਪ੍ਰਸਤੀ ਦੀਆਂ ਰੁਚੀਆਂ ਵਾਲੀਆਂ ਤੇ ਆਪੋ ਵਿਚ ਵਿਥ ਪਾਣ ਵਾਲੀਆਂ ਪੁਸਤਕਾਂ ਛਾਪਣੇ ਤੇ ਲਿਖਣ ਦੀ ਲੋੜ ਨਹੀਂ ਕਿਉਂਕਿ ਹੁਣ ਇਕ ਮੁਠ ਹੋ ਕੇ ਦੇਸ਼ ਦੀ ਰਖਿਆ ਹਿਤ ਰਲ ਟੁਰਨ ਦੀ ਲੋੜ ਏ। ਪਰ ਇਹ ਤਾਂ ਹੋ ਸਕਦੇ ਜੋ ਅੰਗਰੇਜ਼ੀ ਮਤ ਰੱਖਣ ਵਾਲਿਆਂ ਨੂੰ ਭੀ ਮਤ ਦਿਤੀ ਜਾਵੇ। ਜਿਵੇਂ ਅਗੇ ਸਿਖ ਇਤਿਹਾਸ ਭਾਗ ਦੂਜਾ ਕਰਤਾਰ ਸਿੰਘ ਜੀ ਦਾ ਲਿਖਿਆ ਜ਼ਬਤ ਕਰ ਕੇ ਪੰਜਾਬ ਸਰਕਾਰ ਨੇ ਸਮੇਂ ਦੀ ਲੋੜ ਨੂੰ ਅਪਨਾਇਆ ਹੈ।

ਤਰਨ ਸਿੰਘ ਸ੍ਰੀ ਰਾਮ ਪੁਰਾ।

Sri Satguru Jagjit Singh Ji Elibrary NamdhariElibrary@gmail.com

# ਭੂਮਿਕਾ

(ਸ੍ਰੀ ਸਤਿ ਗੁਰੂ ਰਾਮ ਸਿੰਘ ਜੀ ਨੂੰ) ਬਾਬਾ ਰਾਮ ਸਿੰਘ ਜੀ ਨਾਮ ਧਾਰੀ ਉਪਰ ਲਿਖ ਤਲੇ ਸਤਿ ਗੁਰੂ ਜੀ ਦੀ ਸੋਹਣੀ ਘੋੜੀ ਸਮੇਤ ਤਸਵੀਰ ਦੇ ਜਸਵੰਤ ਸਿੰਘ ਅਗੋਂ ਪਹਿਲਾ ਕਾਂਡ ਸ਼ੁਰੂ ਕਰਦੇ, ਪਰ ਇਸ ਤੋਂ ਪਹਿਲਾਂ ਆਪ ਦੇ ਵਲੋਂ ਭੂਮਿਕਾ ਵਿਚ ਹੀ (ਸ) ਧੰਨੇ ਤੇ ਸਤਿ ਗੁਰੂ ਜੀ ਦੇ ਪ੍ਰੇਮੀ ਤੇ ਸਿਦਕੀ ਤੇ ਗਊ ਗ੍ਰੀਬ ਤੇ ਦੇਸ਼ ਦੇ ਪਿਆਰ ਤੇ ਹਿਤ ਵਿਚ ਰਤਿਆਂ ਮਤਿਆਂ ਨੂੰ ਭੂਲਤ ਤੇ ਜੁਸ਼ੀਲੇ ਲਿਖ ਮੰਦਾ ਮੂਢ ਬੰਨ੍ਹ ਟੁਰਿਆ ਹੈ। ਜਿਸ ਕਾਰਨ ਇਸ ਪੁਸਤਕ ਦੇ ਅਗਲੇ ਪਤ੍ਰੇ ਪੜ੍ਹਨ ਦੀ ਥਾਂ ਪਾੜਨ ਨੂੰ ਜੀਅ ਕਰਦੈ। ਕਿਉਂਕਿ ਇਸ ਦੇ ਹਰ ਕਾਂਡ ਵਿਚ ਉਪਰ ਨ ਸਤਿ ਗੁਰੂ ਰਾਮ ਸਿੰਘ ਜੀ ਦਾ ਲਿਖ ਵਿਚ ਬਿਖ ਆਪਣੀ ਮਰਜੀ ਦੀ ਭਰੀ ਹੋਈ ਏ। ਜਿਹਾ ਕਿ ਗੁਰੂ ਬਾਲਕ ਿਘ ਜੀ ਨਾਲ ਮੇਲ ਲਿਖਦਿਆਂ। (ਜਗਿਆਸੂ) ਜਗਤ ਵਿਚ ਰਹਿ ਕੇ ਸਚ ਦੀ ਖੋਜ ਕਰਨ ਵਾਲੇ ਤੇ (ਅਭਿਆਸੀ) (ਈਸ਼ਵਰ ਦੇ ਭਜਨ ਦਾ ਅਭਿਆਸ ਕਰਨ ਵਾਲੇ) ਲਿਖ ਗੁਰੂ ਨਾਨਕ ਜੀ ਤੋਂ ਵਖਰੇ ਮਤ ਵਾਲੇ ਲਿਖੇ ਹਨ।

ਹਰ ਹੀਲੇ ਇਸ ਪੁਸਤਕ ਵਿਚ ਸਤਿ ਗੁਰੂ ਰਾਮ ਸਿੰਘ ਜੀ ਨੂੰ ਸਤਿ ਗੁਰੂ ਸਚਾ ਪਾਤ ਸਾਹ ਹੋਣ ਦੀ ਪਦਵੀ ਵਲੋਂ ਤੇ ਸਿਫਤ ਵਲੋਂ (ਵਾਂਝਾ) ਰਖਣ ਦਾ ਜਤਨ ਕੀਤਾ ਹੈ ਤੇ ਗੁਰ ਸਿਖਾਂ ਸ਼ਹੀਦਾਂ ਦੇਸ਼ ਪਿਆਰ ਰੱਖਣ ਵਾਲਿਆਂ ਨੂੰ ਤੇ ਗੋਰੇ ਦੇ ਕਨੂੰਨ ਤੋੜਨ ਵਾਲਿਆਂ ਨੂੰ ਸਹੀ ਸਿਫਤ ਵਲੋਂ (ਵਾਂਝੇ) ਵਿਖਾ ਈਰਖਾ ਵਰਤੀ ਹੋਈ ਏ। ਅੰਮ੍ਰਿਤਸਰ ਵਾਲੇ ਸ਼ਹੀਦਾਂ ਦਾ ਸਤਿ ਗੁਰੂ ਰਾਮ ਸਿੰਘ ਜੀ ਦੇ ਹੁਕਮ ਨਾਲ ਔਣਾਂ ਲੁਕਾ ਕੇ ਇਕ ਝੂਠੀ ਪੁਲਸ ਦੀ ਰਿਪੋਟ ਲਿਖ 10 ਸਤੀਰ ਪੂਰੇ ਵੀ ਕਰ ਦਿਤੇ ਹੋਏ ਹਨ ਤੇ ਅਸਲ ਇਕ ਦਾ ਨਾਂ ਲਿਖਿਆ ਹੀ ਨਹੀਂ। ਮਲੇਰ



Sri Satguru Jagjit Singh Ji Elibrary NamdhariElibrary@gmail.com

ਕੋਟਲੇ ਦਾ ਹਾਲ ਲਿਖਦਿਆਂ ਸਤਿ ਗੁਰੂ ਜੀ ਵਲੋਂ ਇਸ ਲੇਖਕ ਨੇ ਇਕ ਬਿਆਨ ਬਨੌਟੀ ਲਿਖ ਦਿਤਾ ਹੈ ਜੋ ਉਕਾ ਨ ਬਰਦਾਸ਼ਤ ਹੈ। ਜਿਹਾ ਕਿ "ਜਦ ਮੈਂ ਉਹਨਾਂ (ਸਰਦਾਰ ਹੀਰਾ ਸਿੰਘ, ਲਹਿਣਾਂ ਸਿੰਘ ਤੇ ਉਹਨਾਂ ਦੇ ਸਾਥੀ ਦੀ ਕੋਈ ਗਲ ਨ ਸੁਨੀ ਤਾਂ ਉਹ ਮੇਰੇ ਨਾਲ ਗੁਸੇ ਹੋ ਗਏ ਤੇ ਆਖਣ ਲਗੇ ਕਿ ਤੂੰ ਸਾਡੇ ਨਾਲ ਨਹੀਂ ਰਲਦਾ ਹੈਂ। ਇਸ ਲਈ ਜਦ ਅਸੀਂ ਵਾਪਸ ਆਵਾਂਗੇ ਤੇਰੇ ਸਿਰ ਵਿਚ ਤੇਲ ਪਾ ਕੇ ਸਾੜਾਂਗੇ। ਉਹਨਾਂ ਵਿਚੋਂ ਇਕ ਨੰਦ ਸਿੰਘ ਸਾਡੇ ਡੇਰੇ ਦੀ ਛਤ ਉਤੇ ਚੜ੍ਹ ਕੇ ਮੇਰੇ ਪ੍ਰਵਾਰ ਨੂੰ ਡਰਾਉਣ ਧਮਕਾਉਣ ਲਗ ਪਿਆ ਕਿ ਤੁਹਾਡੇ ਸਾਰਿਆਂ ਦੇ ਵਾਲਾਂ ਨੂੰ ਅਗ ਲਾਈ ਜਾਵੇਗੀ।

ਇਹ ਪੜ੍ਹ ਪਾਠਕਾਂ ਦੇ ਮਨ ਵਿਚ ਸਤਿ ਗੁਰੂ ਜੀ ਤੇ ਸਿਖਾਂ ਦਾ ਕੋਈ ਨਾਤਾ ਨਹੀਂ ਰਹਿ ਜਾਂਦਾ। ਪਰ ਹੈ ਇਸ ਵਿਚ ਹੋਰ ਰਾਜ਼। ਉਹ ਇਹ ਹੈ। ਜੋ ਸੰਤ ਨਿਧਾਨ ਸਿੰਘ ਜੀ ਆਲਿਮ ਹੋਰੀ ਇਸ ਸਾਕੇ ਨੂੰ, ਜੁਗਪਲਟਾਊ ਸਤਿ ਗੁਰੂ ਵਿਚ 164 ਪੰਨੇ ਤੇ ਇਸ ਤਰ੍ਹਾਂ ਲਿਖਿਆ ਹੈ। "ਮਲੇਰ ਕਟਲੇ ਦਾ ਸਾਕਾ ਕੂਕਾ ਇਤਿਹਾਸ ਦਾ ਉਹ ਪੜ੍ਹਾ ਹੈ। ਜੋ ਦੇਸ਼ ਦੀ ਸੁਤੰਤਰਤਾ ਅਤੇ ਗਊ ਗ਼ਰੀਬ ਦੇ ਉਦੇਸ਼ ਨੂੰ ਮੁਖ ਰਖ ਕੇ ਸ਼ਹੀਦ ਹੋਣ ਵਾਲੇ ਕੂਕਾ ਸ਼ਹੀਦਾਂ ਦੇ ਲਹੂ ਨਾਲ ਲਿਖਿਆ ਗਿਆ ਹੈ। ਇਹ ਸਾਕਾ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਜਾਨ ਬਾਜ਼ ਸਿਖਾਂ ਦੀਆਂ ਮਹਾਨ ਮੁਸੀਬਤਾਂ ਤੇ ਔਕੜਾਂ ਦਾ ਮੁੱਢ ਹੈ। ਅਸਲ ਵਿਚ ਇਹ ਸਾਕਾ ਕੂਕਾ ਇਤਿਹਾਸ ਦੀ ਰੀੜ੍ਹ ਦੀ ਹਡੀ ਹੈ।————

ਪਰ ਮੇਰੀ ਸਮਝੇ ਜਸਵੰਤ ਸਿੰਘ ਇਸ ਦਾ ਕਤਲ ਕਰ ਵਿਖਾਇਆ ਹੈ। ਝੂਠੋ ਝੂਠ ਕਲਪਤ ਕਹਾਣੀ ਘੜ।

ਦੂਜੀ ਛਾਪ ਵਿਚ ਕੁਝ ਕਾਂਡ ਬਦਲੇ ਹਨ ਤੇ ਅਖਰ ਭੀ ਬਦਲੇ ਹਨ ਤੇ ਅੰਤ ਤੇ ਦਸ ਲਾਇਨਾਂ ਵਧ ਲਿਖਉਹ ਅਨਰਥ ਲਿਖਿਆ ਹੈ ਜੋ ਉਸਦਾ ਸਾਰਾ ਪਾਜ ਖੋਲ੍ਹ ਗਿਆ। ਜੋ ਉਸ ਲਿਖਿਆ ਹੈ ਕਿ ਉਸ ਜਾਗ੍ਰਤੀ ਤੇ ਜੋ ਇਸ ਸੰਪ੍ਰਦਾ

ਵਲੋਂ ਕੀਤੀ ਗਈ ਸੀ, ਉਸੇ ਉਤੇ ਖਾਲਸਾ, ਦੀਵਾਨ ਤੇ ਸਿੰਘ ਸਭਾਵਾਂ ਦਾ ਮਹਿਲ ਉਸਰਿਆ । ਹੋਰ ਆਪਣਾ ਮੁਢ ਨਾ ਦਸ ਸਕਣ ਦੇ ਡਰੋਂ । ਇਹ ਲਿਖਣਾ ਚੰਗਾ ਜਾਣ ਲਿਖ ਦਿਤਾ। ਕਿ ਇਹ ਅੰਗ੍ਰੇਜ਼ ਦੀ ਮਤ ਦੀ ਪਦਾਇਸ਼ ਖਾਲਸਾ ਦੀਵਾਨ ਤੇ ਸਿੰਘ ਸਭਾਵਾਂ ਨਾ ਜਾਪਣ ।

ਅਸਾਂ ਆਪਣੇ ਵਲੋਂ ਸ਼੍ਰੀ ਸਤਿ ਗੁਰੂ ਜਗਜੀਤ ਸਿੰਘ ਜੀ ਤੇ ਮਹਾਰਾਜ ਬੀਰ ਸਿੰਘ ਜੀ ਦੇ ਹੁਕਮ ਅਨੁਸਾਰ ਜੋ ਉਹਨਾਂ ਕਰੀ ਵਾਲੇ ਦੇ ਹੋਲੇ ਤੇ 18 ਫਗਣ 2020 ਨੂੰ ਹੁਕਮ ਕੀਤਾ ਸੀ ਸੋ ਹੀ ਨਿਭਾਇਆ ਹੈ । ਤੇ ਹਰ ਗਲਤ ਗਲ ਦਾ ਉਤਰ ਗੁਰਮਤ ਤੇ ਗੁਰਬਾਣੀ ਅਨੁਸਾਰ ਤੇ ਜਸਵੰਤ ਸਿੰਘ ਦੇ ਲਿਖੇ ਵਿਚੋਂ ਹੀ ਦਿਤਾ ਹੈ।

ਤਰਨ ਸਿੰਘ ਸ੍ਰੀ ਰਾਮ ਪੁਰ !

---

Sri Satguru Jagjit Singh Ji Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

(ਸਿਰੀ ਰਾਗ ਮਹਲਾ ੧)

# ਸਚਹੁ ਓਰੈ ਸਭੁ ਕੋ, ਉਪਰਿ ਸਚੁ ਆਚਾਰੁ ।

(ਦੋਹਰਾ)

ਜੋ ਗੁਰ ਕਾਰ ਨ ਲਖ ਸਕੇ ਈਰਖੀ ਨਿੰਦ ਸੁਭਾਇ ।
ਗੁਰਮਤ ਸਾਰ ਵਿਚਾਰ ਕਹੁੰ ਉਸਟ ਲਸਟਕਾ ਨਿਆਂਇ ।

## ਬਾਬਾ ਰਾਮ ਸਿੰਘ ਪੁਸਤਕ ਦੁਹਾਂ ਐਡੀਸ਼ਨਾਂ ਬਾਰੇ

(ਬਾਬਾ ਰਾਮ ਸਿੰਘ) ਪੁਸਤਕ ਬਾਰੇ ਜੋ ਮੁਖ ਬੰਦ ਭਾਈ ਜੋਧ ਸਿੰਘ ਜੀ ਪ੍ਰਿੰਸੀਪਲ ਵਲੋਂ ਤੇ ਡਾਕਟਰ ਸ਼ੇਰ ਸਿੰਘ ਜੀ ਪ੍ਰਿੰਸੀਪਲ ਵਲੋਂ ਲਿਖੇ ਹਨ ਉਹਨਾਂ ਤੇ ਅਸੀਂ ਕੁਝ ਨਹੀਂ ਲਿਖਦੇ ਕਿਉਂਕਿ ਇਹ ਸਿਆਣੇ ਸਜਨਾਂ ਵਾਂਗੂ ਵਰਤੇ ਹਨ। ਪਰ ਜੋ ਜਸਵੰਤ ਸਿੰਘ ਜੀ (ਜੱਸ) ਲੇਖਕ ਨਿਵਾਸ ਤਰਨ ਤਾਰਨ† ਪਹਿਲੀ ਵਾਰ ਛਾਪਣ ਸਮੇਂ ਗੌਰਮਿੰਟ ਕਾਲਜ ਟਾਂਡਾ ਤੇ ਦੂਜੀ ਐਡੀਸ਼ਨ ਵੇਲੇ ਗੋਰਮਿੰਟ ਕਾਲਜ ਜਲੰਧਰ ਸੀ ਤੇ ਹੁਣ ਪਤਾ ਨਹੀਂ ਰੋਟੀ ਕਪੜੇ ਦੀ ਢੁੜ੍ਹ ਕਾਰਨ ਕਿਤ੍ਰਾ ਦਰ ਝਾਕਦੇ ਹੋਣ। ਉਹਨਾ ਦੀ ਲਿਖੀ ਇਸ ਪੁਸਤਕ ਦਾ ਉਤਰ ਗੁਰਮਤ ਅਨੁਸਾਰ ਤੇ ਉਨ੍ਹਾਂ ਦੇ ਲਿਖੇ ਵਿਚੋਂ ਹੀ ਦੇਣ ਦਾ ਜਤਨ ਕਰਦੇ ਹਾਂ ।

---

†ਪਹਿਲੀ ਵਾਰ 1958 ਮਈ ਤੇ ਦੂਜੀ ਵਾਰ 1962 ਅਪ੍ਰੈਲ ਵਿਚ ਪਹਿਲੇ ਦੇ ਤੇਤੀ ਕਾਂਡ ਤੇ ਬਾਦ ਅਧਾਰ ਸੂਚੀ ਤੇ ਅੰਤਕਾਏ। ਦੂਜੀ ਐਡੀਸ਼ਨ ਦੇ 29 ਕਾਂਡ ਹਨ ਤੇ ਫਿਰ ਕੁਝ ਅਗਾ ਪਿਛਾ ਹੈ ਅੰਤ੍ਰ ਤੋਂ ਸਤ੍ਹਾਂ 10 ਵਾਧੂ ਹਨ। ਅਸੀਂ ਪਹਿਲੀ ਲਈ ਪੱਪਾ ਤੇ ਦੂਜੀ ਲਈ ਦੱਦਾ ਹੀ ਵਰਤਾਂਗੇ ।



Sri Satguru Jagjit Singh Ji Elibrary NamdhariElibrary@gmail.com

ਸਤ ਗੁਰੂ ਪਰਤਾਪ ਸਿੰਘ ਜੀ ਪਾਸੋਂ ਜਸਵੰਤ ਸਿੰਘ ਜੀ ਨੂੰ ਕਦੇ ਅਣਛਪੀ ਪੁਸਤਕ (ਸਤਿ ਗੁਰੂ ਬਿਲਾਸ) ਸੰਤੋਖ ਸਿੰਘ ਜੀ ਦੀ ਲਿਖੀ ਤੇ ਹੋਰ ਵਾਕਫੀ ਨ ਮਿਲਦੀ ਜੇ ਜਸਵੰਤ ਸਿੰਘ ਜੀ ਵਹਿਦਾ ਨ ਕਰਦੇ ਕਿ ਮੈਂ ਇਹ ਪੁਸਤਕ ਆਪ ਨੂੰ ਸੁਣਾ ਤੇ ਵਖਾ ਛਪਵਾਵਾਂਗਾ। ਪਰ ਇਹ ਵਚਨ ਤੇ ਪੂਰੇ ਤਾਂ ਉਤਰਦੇ ਬਾਦ ਜੋ ਖਾਲਸਾ ਕਾਲਜ ਅੰਮ੍ਰਿਤਸਰ ਦੇ ਮੈਕਾਲਿਫ ਮੈਮੋਰੀਅਲ ਦੇ ਖੋਜ ਵਿਭਾਗ ਵਲੋਂ ਮਿਲੀ ਘੋਸ਼ਨਾ ਤੇ ਗੋਲਡ ਮੈਡਲ ਦੀ ਪ੍ਰਾਪਤੀ ਦੇ ਲੋਭ ਵਿਚ ਆਕੇ ਕੀਤੇ ਵਹਿਦੇ ਤੋਂ ਨ ਬਦਲਦੇ। ਜੋ ਸਤਿਗੁਰੂ ਪਰਤਾਪ ਸਿੰਘ ਜੀ ਨਾਲ ਕੀਤਾ ਸੀ। "ਮਾਇਆ ਕਾਰਨ ਵਿਦਿਆ ਬੇਚਹੁ ਜਨਮ ਅਬਿਰਥਾ ਜਾਈ।" ਗ੍ਰੰਥ ਸਾਹਿਬ ਦਾ ਵਾਕ ਜੇ ਆਪਦੇ ਉਤੇ ਨਾ ਘਟਾਂਦੇ ਤੇ "ਮੰਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਵਾਹੁ ਭਾਈ।" ਵਾਕ ਜੇ ਆਪਣੇ ਤੇ ਨ ਵਰਤਣ ਦੇਂਦੇ।

ਇਸ ਪੁਸਤਕ ਦੇ ਛਾਪਣ ਤੇ ਹੀ ਸਤਿ ਗੁਰੂ ਪਰਤਾਪ ਸਿੰਘ ਜੀ ਇਸ ਵਿਚ ਮਨ ਘੜਤ ਗਲਾਂ ਤੇ ਹੋਰ ਕਈ ਗਲਤੀਆਂ ਵੇਖ ਇਸਦੇ ਸਰਧਾ ਨਾਲ ਪੜ੍ਹਨ ਵਲੋਂ ਨਾਮਧਾਰੀ ਸੰਗਤ ਨੂੰ ਰੋਕ ਦਿਤਾ ਸੀ। ਜਸਵੰਤ ਸਿੰਘ ਜੀ ਨੇ ਉਹਨਾਂ ਮਾਇਆ ਦੇਣ ਵਾਲਿਆਂ ਦੇ ਆਖੇ ਲਗ ਸਤਿ ਗੁਰੂ ਜੀ ਦੇ ਮਥੇ ਲਗਣਾ ਛਡ ਦਿਤਾ ਤੇ ਸਗੋਂ ਦੂਜੀ ਐਡੀਸ਼ਨ ਵਿਚ ਹੋਰ ਕੁਝ ਅਦਲਾ ਬਦਲੀ ਕਰ ਤੇ ਸਤ੍ਹਾਂ ਵਧਾ ਉਹਨਾਂ ਆਪਣੇ ਅੰਨ ਦਾਤਿਆਂ ਕਾਲਜ ਦੇ ਆਗੂਆਂ ਨੂੰ ਖੁਸ਼ ਕੀਤਾ। ਜੇ ਇਕ ਨਾਮ ਧਾਰੀ ਵਿਦਵਾਨ ਨੇ ਪੁਛਿਆ ਜੱਸ ਜੀ ਇਹ ਕੀ ਕੀਤਾ ਜੇ ਤਾਂ ਕੁਝ ਉਤਰ ਨ ਦਿਤਾ ਤੇ ਅਖੀਂ ਨੀਵੀਆਂ ਕੀਤੀ ਰਖੀਆਂ। ਸਾਨੂੰ ਮਜਬੂਰ ਹੋਕੇ ਹੁਣ ਇਸਦੀ ਪੜਚੋਲ ਤੇ ਸਭਾਈ ਸੰਗਤਾਂ ਨੂੰ ਦਸਣੀ ਪਈ ਹੈ। ਅਸੀਂ ਨਹੀਂ ਚਾਹੁੰਦੇ ਕਿ ਲੇਖਕ ਅਗੋਂ ਇਸ ਤਰ੍ਹਾਂ ਦਾ ਲਿਖਣ ਤੇ ਭਾਰਤ ਦੇ ਏਕੇ ਤੇ ਸਿਖ ਪੰਥ ਦੇ ਪਿਆਰ ਨੂੰ ਵਿਰੋਧ ਦੀ ਸਟ ਵਜੇ ਜਿਸ ਦੀ ਇਸ ਸਮੇਂ ਉਕਾ ਲੋੜ ਨਹੀਂ। ਸਗੋਂ ਸਟ ਦੇ ਥਾਂ ਫਟ ਮੇਲਨ ਤੇ ਰਲ ਟੁਰਨ ਦੀ ਲੋੜ ਏ। ਅੰਗ੍ਰੇਜ਼ ਚਲੇ ਗਏ ਬਾਦ ਹੁਣ ਉਹਦੀ ਦਿਤੀ ਮਤ ਭੀ ਤਿਆਗ ਦੇਣੀ ਚਾਹੀਦੀ ਏ। ਜਸਵੰਤ ਸਿੰਘ ਜੀ ਜਿਹਨਾਂ ਨੂੰ।

ਭੂਮਕਾ ਵਿਚ ਹੀ (ਜਸ) ਸਾਹਿਬ। (ਸ) ਪੰਨੇ ਤੇ ਪੂਰਨ ਗੁਰ ਸਿਖਾਂ ਦੇਸ਼ ਪਿਆਰ ਤੇ ਗਊ ਗ੍ਰੀਬ ਦੇ ਨਿਧੜਕ ਸੇਵਕਾਂ ਨੂੰ "ਛੁਲਤ ਤੇ ਜਥਤ ਦੀਆਂ

ਹੱਦਾਂ ਤੋੜ ਜੋਸ਼ ਵਿਚ ਭੁਲਾਂ ਕਰਨ ਵਾਲੇ ਲਿਖ ਦਸਣਾ ਸ਼ੁਰੂ ਕਰ ਦਿਤਾ ਹੈ ਕਿ ਮੈਂ ਕਿਸੇ ਸਾੜ੍ਹੇ ਦੇ ਪੱਖ ਵਿਚ ਪੈ ਇਹ ਪੁਸਤਕ ਲਿਖਣ ਲਗਾ ਹਾਂ ਜਸਵੰਤ ਸਿੰਘ ਜੀ ਦੀ ਇਸ ਭਾਰੀ ਭੁਲ ਦੀ ਨਵਿਰਤੀ ਅਸੀਂ ਇਸਦੇ ਲਿਖੇ ਵਿਚੋਂ ਸਾਬਤ ਕਰਦੇ ਹਾਂ। ਜੇ ਉਹ ਭੁਲੜ ਸਨ ਤਾਂ (ਜਸ) ਸਾਹਿਬ ਉਹਨਾਂ ਨੂੰ ਸ਼ਹੀਦੀ ਜਥਾ ਕਿਉਂ ਲਿਖਦੇ ਹਨ। ਤੇ "ਸ਼ਹੀਦੀ ਜਥੇ ਵਿਚ ਨਾਮ ਲਖਾਏ" ਤੇ "ਸਿੰਘ ਸ਼ਹੀਦ ਹੋਏ" ਕਿਉਂ ਲਿਖਦੇ। ਪਾਠਕ ਇਹ ਕੁਝ ਸ਼ਹੀਦਾਂ ਦੀ ਬਾਬਤ ਮਲੇਰ ਕੋਟਲੇ ਤੇ ਮਲੋਟ ਦੇ ਧਾਵੇ ਵਿਚ ਪੜ੍ਹ ਵੇਖ ਸਕਦੇ ਹਨ। ਤੇ (ਜਸ) ਸਾਹਿਬ ਸਮੇਂ ਦੀ ਹਕੂਮਤ ਨੂੰ ਕਿਉਂ ਨਹੀਂ ਵਰਜਦੇ ਕਿ ਉਹਨਾਂ ਨੂੰ ਅੰਗ੍ਰੇਜ਼ ਦੇ ਬਾਗ਼ੀ ਦੇਸ਼ ਦੇ ਸ਼ਹੀਦ ਨ ਲਿਖੇ ਤੇ ਨ ਉਹਨਾ ਨੂੰ ਸਰਧਾਂਜਲੀਆਂ ਸਦਾ ਉਹਨਾਂ ਦੇ ਅਸਥਾਨ ਤੇ ਜਾ ਭੇਟ ਕਰੇ ਜੋ ਤੋਪਾਂ ਸਾਹਵੇਂ ਖਿੜੇ ਕਾਵਨ ਨੂੰ ਵੰਗਾਰ ਕੇ ਕਹਿੰਦੇ ਗਏ ਸੀ ਬਿਲਿਆ ਬਾਰ ਬਾਰ ਜਨਮ ਤੇਨੂੰ ਭਾਰਤ ਵਿਚੋਂ ਕਢਕੇ (ਦਮ ਲਵਾਂਗੇ)।

ਨਾ ਮਿਲਵਰਤਨ ਲਹਿਰ ਸਿਰਲੇਖ ਤਲੇ ਆਪ ਹੀ ਜੱਸ ਸਾਹਿਬ ਲਿਖਦੇ ਹਨ। "ਪੰਜਾਬੀ ਤਾਂ ਬਿਲਕੁਲ ਨਿਘਰ ਗਏ ਸਨ, ਪੰਜਾਬ ਵਿਚਲਾ ਜੁਸ਼ੀਲਾ ਅੰਸ਼ ਆਪਣੀ ਭਲਾਈ ਅੰਗਰੇਜ਼ ਨੀਤੀ ਦੇ ਨਾਲ ਨਾਲ ਤੁਰਨ ਵਿਚ ਸਮਝਣ ਲਗ ਪਿਆ ਸੀ। ਸਿਖ ਕੌਮ ਦਿਨੋਂ ਦਿਨ ਢਹਿੰਦੀਆਂ ਕਲਾਂ ਵਿਚ ਜਾ ਰਹੀ ਸੀ। (ਪ: ਪੁ: ਪੰਨਾ 46 ਦੂ: ਪੰਨਾ 60) ਇਹੋ ਅਖਰ ਉਪਰ ਲਿਖੇ।

ਕੀ ਜੱਸ ਜੀ ਏਥੇ ਪੰਜਾਬ ਵਿਚਲਾ ਜੁਸ਼ੀਲਾ ਅੰਸ਼ ਕਿਉਂ ਸੀ ਸੁਰੱਮਤ ਤੇ ਧਰੱ-ਮਤ ਦੇ ਗੁਣਾਂ ਵਿਚ ਲਿਖਣਾ ਚੰਗਾ ਮੰਨਿਆ ਹੈ ਤੇ ਉਥੇ ਜ਼ਬਤ ਦੀਆਂ ਹੱਦਾਂ ਨੂੰ ਤੋੜਨਾ ਭੁਲੜਤਾ ਦਾ ਕੰਮ ਜ਼ਾਹਰ ਕੀਤਾ ਹੈ। ਅਰਥਾਤ ਉਥੇ ਨਾਮਧਾਰੀਆਂ ਸ਼ਹੀਦਾਂ ਦੀ ਸਿਫਤ ਹੁੰਦੀ ਸੀ ਤੇ ਜਸ ਜੀ ਨੇ ਨਿੰਦਣੇ ਸੀ ਆਪਣੇ ਅੰਨ ਦਾਤਿਆਂ ਨੂੰ ਖੁਸ਼ ਕਰਨ ਲਈ। ਤੇ ਵਖਾਣਾ ਸੀ ਵੇਖ ਲਉ ਮੈਂ ਅੰਗਰੇਜ਼ ਦੇ ਖਿਲਾਫ ਜੋਸ਼ ਵਿਚ ਆਉਣ ਵਾਲਿਆਂ ਨੂੰ ਭੁਲੜ ਲਿਖਿਆ ਹੈ। (ਵਾਹ ਜਸ ਸਾਹਿਬ)

ਤੀਜੇ ਕਾਂਡ ਵਿਚ ਬਾਬਾ ਬਾਲਕ ਸਿੰਘ ਨਾਲ ਮੇਲ ਲਿਖਦੇ ਹੋਏ ਜਸਵੰਤ ਸਿੰਘ ਜੀ ਨਾਮ ਧਾਰੀ ਇਤਿਹਾਸ ਹਿਸਾ ਪਹਿਲਾ ਸੰਤ ਇੰਦਰ ਸਿੰਘ ਜੀ ਚਕਰ ਵਰਤੀ ਜੀ ਵਲੋਂ ਤੇ ਜੁਗ ਪਲਟਾਊ ਸਤਿ ਗੁਰੂ ਸੰਤ ਨਿਧਾਨ ਸਿੰਘ ਜੀ ਆਲਿਮ ਜੀ ਵਲੋਂ ਨ ਵੇਂਹਦੇ ਹੋਏ। ਗੁਰੂ ਬਾਲਕ ਸਿੰਘ ਜੀ ਦਾ ਜਨਮ ਤੇ ਨਗਰ ਭੀ ਗਲਤ

Sri Satguru Jagjit Singh Ji Elibrary NamdhariElibrary@gmail.com

ਲਿਖਦੇ ਹਨ। ਸਰਵਾਲੇ ਦੇ ਥਾਂ ਛੱਡੀ ਤੇ 1841 ਬਿ: ਦੇ ਥਾਂ 1856 ਤੇ ਕੋਮਲ ਪੁਰ ਦੇ ਥਾਂ ਕਮਾਲ ਪੁਰ ਤੇ ਹੋਰ ਗ਼ਲਤ ਪਾਸੇ ਤੁਰਨ ਲਗਿਆਂ ਉਕਾ ਸੋਚਿਆ ਹੀ ਨਹੀਂ। ਜਦ ਮੈਂ ਅਠਵੇ ਕਾਂਡ ਵਿਚ ਅਨੰਦ ਮਰਜਾਦਾ ਸਤਿ ਗੁਰੂ ਰਾਮ ਸਿੰਘ ਜੀ ਦੀ ਚਲਾਈ ਲਿਖ ਰਿਹਾ ਹਾਂ ਤਾਂ ਏਥੇ ਮੇਰੇ ਇਸ ਲਿਖੇ ਗੁਰ ਬਾਲਕ ਸਿੰਘ ਜੀ ਵਲੋਂ ਅਨੰਦ ਮਰਜਾਦਾ ਦਾ ਕੀ ਮਤਲਬ ਰਹਿ ਜਾਏਗਾ। ਤੇ ਜਿਸ ਤਾਰੀਖ ਮਖਜ਼ਨ ਦਾ ਹਵਾਲਾ ਆਪ ਦੇਂਦੇ ਹਨ। ਲਾਹੌਰੀ ਮੁਸਲਮਾਨ ਕੁਰੈਸੀ ਦੀ ਲਿਖਤ ਦਾ ਜਸਵੰਤ ਸਿੰਘ ਜੀ ਐਸੇ ਲੇਖਕਾਂ ਦੀ ਲਿਖਤ ਬਾਬਤ ਬਾਬਾ ਪ੍ਰੇਮ ਸਿੰਘ ਜੀ ਹੋਤੀ ਵਾਲਿਆਂ ਦਾ ਲਿਖਿਆ ਨਵਾਬ ਕਪੂਰ ਸਿੰਘ ਜੀ ਦੇ ਜੀਵਨ ਪਿਛੇ ਪੜ ਲੈਂਦਾ ਤਾਂ ਇਹ ਉਕਾਈ ਨ ਕਰਦੇ।

ਬਾਬਾ ਪ੍ਰੇਮ ਸਿੰਘ ਜੀ 199–203 ਪੰਨੇ ਤੇ ਲਿਖਦੇ ਹਨ। ਇਨ੍ਹਾਂ ਪੁਸਤਕਾਂ ਦੀ ਵਰਤੋਂ ਬੜੀ ਸਿਆਣਪ ਨਾਲ ਕਰਨੀ ਚਾਹੀਦੀ ਹੈ ਨਹੀਂ ਤੇ ਭਾਰੀ ਭੁਲੇਖਿਆਂ ਦਾ ਸ਼ਿਕਾਰ ਹੋ ਜਾਣਾ ਸੰਭਵ ਹੈ। "ਇਨ੍ਹਾਂ ਨੂੰ ਬੜੀ ਸਿਆਣਪ ਨਾਲ ਪੜ੍ਹਨ ਦੀ ਲੋੜ ਹੈ ਨਹੀਂ ਤਾਂ ਕਈ ਵਾਰੀ ਭਾਰੀ ਭੁਲੇਖਿਆਂ ਵਿਚ ਪੈ ਜਾਣ ਦਾ ਡਰ ਹੈ।"

ਜੇ ਜਸਵੰਤ ਸਿੰਘ ਜੀ ਕਹਿਣ ਇਹ ਨਗਰ ਤੇ ਸੰਮਤ ਗਿਆਨੀ ਗਿਆਨ ਸਿੰਘ ਜੀ ਦੇ ਪੰਥ ਪ੍ਰਕਾਸ਼ ਤੋਂ ਲਏ ਹਨ ਤਾਂ ਗੁਰੂ ਬਾਲਕ ਸਿੰਘ ਜੀ ਨੂੰ ਦਸਮ ਜੀ ਦਾ ਮਿਲਨਾ ਭੀ ਉਹਨਾਂ ਦਾ ਲਿਖਿਆ ਮੰਨਣਾ ਪਵੇਗਾ। ਪਰ ਨਹੀਂ ਜਸਵੰਤ ਸਿੰਘ ਜੀ ਨੇ ਇਤਿਹਾਸ ਤੇ ਸਤਿ ਗੁਰੂ ਰਾਮ ਸਿੰਘ ਜੀ ਦਾ ਲਿਖਣਾ ਏ ਤੇ ਖੁਸ਼ੀ ਖਾਲਸਾ ਕਾਲਜੀਆਂ ਦੀ ਲੈਣੀ ਅਰੰਭੀ ਕਰ ਇਹ ਲਿਖਣਾਂ ਔਖਾ ਸੀ ਕਿ ਦਸਮ ਜੀ ਦਰਸ਼ਨ ਦੇ ਕੇ ਗੁਰੂ ਬਾਲਕ ਸਿੰਘ ਜੀ ਨੂੰ ਆਪਣੇ ਵਲੋਂ ('ਮੇਰ ਅਵਤਾਰ ਅੰਸ ਰਾਮ ਸਿੰਘ ਹ੍ਵੈ ਭਰੇ)" ਦੀ ਪਕੀ ਭੀ ਕਰ ਗਏ ਸਨ। ਕਿਉਂਕਿ ਜਿਵੇਂ ਕਦੀ ਖੁਰਸ਼ੀਦ ਖਾਲਸੇ ਵਿਚ ਨਿਹਾਲ ਸਿੰਘ ਇਹ ਗਲ ਲਿਖ ਆਪਣੀ ਪੁਸਤਕ ਜ਼ਬਤ ਕਰਾ ਲਈ ਸੀ। ਤਿਵੇਂ ਇਨ੍ਹਾਂ ਦੀ ਭੀ ਇਹ ਪੁਸਤਕ ਜੇ ਜ਼ਬਤ ਨ ਹੁੰਦੀ ਤਾਂ ਨ ਮਨਜ਼ੂਰ ਤੇ ਜ਼ਰੂਰ ਹੋ ਜਾਣੀ ਸੀ। ਤੇ ਇਹ ਜਚ ਲਿਖ ਐਸਾ ਕਿਉਂ ਕਰਦੇ।

Sri Satguru Jagjit Singh Ji Elibrary NamdhariElibrary@gmail.com

ਜਸਵੰਤ ਸਿੰਘ ਜੀ ਜਾਣ ਕੇ ਪੰਥ ਪ੍ਰਕਾਸ਼ ਦੀਆਂ ਉਹ ਪੰਗਤੀਆਂ ਨਹੀਂ ਲਿਖੀਆਂ ਜੋ ਗੁਰੂ ਬਾਲਕ ਸਿੰਘ ਜੀ ਤੇ ਦਸਮ ਜੀ ਦੇ ਮਿਲਾਪ ਤੇ ਸਤਿ ਗੁਰੂ ਰਾਮ ਸਿੰਘ ਜੀ ਜੋਗ ਗੁਰਤਾ ਦੇਣ ਦੀ ਪਕੀ ਕਰਦੀਆਂ ਹਨ† । ਜੋ ਜਗਿਆਸੀ ਤੇ ਅਭਿਆਸੀ ਗੁਰੂ ਨੂਰ ਬਾਲਕ ਸਿੰਘ ਜੀ ਨੂੰ ਲਿਖ ਗੁਰੂ ਨਾਨਕ ਜੀ ਦੀ ਗੁਰ ਪ੍ਰਣਾਲੀ ਨਾਲੋਂ ਵਖ ਕਰਨ ਤੇ ਓਹਨਾਂ ਕਲਮ ਘਸਾਈਏ ਉਹ ਕੰਮ ਫੇਰ ਕਿਵੇਂ ਹੁੰਦਾ । ਨਹੀਂ ਸੋਚਿਆ "ਕਾਹੇ ਰੇ ਬਨ ਖੋਜਨ ਜਾਈ" ਸਰਬ ਨਿਵਾਸੀ ਸਦਾ ਅਲੇਪਾ ਤੁਹੀ ਸੰਗ ਸਮਾਈ" ਵਾਲੇ ਜਗਿਆਸੀ ਤੇ "ਹਰਿ ਜਪਦਿਆਂ ਖਿਣ ਨ ਢੀਲਦੀ ਮੇਰੀ ਜਿੰਦੜੀਏ" ਗੁਰ ਵਾਕ ਦੀ ਵਰਤੋਂ ਕਰਨ ਵਾਲੇ ਅਭਿਆਸੀ ਤਾਂ ਸਤ ਗੁਰ ਨਾਨਕ ਜੀ ਦੇ ਉਤਰਾ ਅਧਿਕਾਰੀ ਤੇ ਸੇਵਕ ਹੋਏ ਹਨ । ਇਹੋ ਤੇ ਗੁਰ ਨਾਨਕ ਜੀ ਦੀ ਸਿਖਿਆ ਹੈ । ਸਿਰਫ ਨਾਮ ਬਦਲ ਕੇ ਪਾਠਕਾਂ ਨੂੰ ਟਪਲਾ ਲਾਇਆ ਹੈ । ਜਾਂ ਸਾਬਤ ਕੀਤਾ ਹੈ ਗੁਰ ਨਾਨਕ ਜੀ ਦਾ ਮਾਰਗ ਐਸਾ ਨ ਸੀ ਖੋਜ ਤੇ ਅਭਿਆਸ, ਕਰਨ ਵਾਲਾ ਇਹ ਤੇ ਫੋਰਿਆ ਹੀ ਗੁਰੂ ਬਾਲਕ ਸਿੰਘ ਜੀ ਏ । ਵਾਹ ਜਸਵੰਤ ਸਿੰਘ ਜੀ । ਆਪ ਜੈਸਿਆਂ ਜੋਗ ਹੀ ਭਾਈ ਗੁਰਦਾਸ ਜੀ ਲਿਖਿਆ ਹੈ । "ਐਸੇ ਤੇ ਅਰਾਧਬੇ ਤੇ ਮਨ ਸੁਖਦਾਈ ਹੈ ।"

ਜੋ ਕਵੇ ਕਿ ਗੁਲਾਮ ਸਰਵਰ ਕੁਰੇਸ਼ੀ ਲਾਹੌਰ ਵਾਲੇ ਦਾ ਲਿਖਿਆ ਦੇ ਕੇ ਸਾਬਤ ਕੀਤੈ । ਅਨੰਦ ਮਰਜਾਦਾ ਗੁਰੂ ਬਾਲਕ ਸਿੰਘ ਜੀ ਦੀ ਟੋਰੀ । ਤਾਂ ਜਿਨਾਂ ਮੁਸਲਮਾਨਾਂ ਸਿੰਘਾਂ ਨੂੰ (ਸਗ) ਅਰਥਾਤ ਕੁਤੇ ਲਿਖਿਆ ਹੈ ਤਾਂ ਇਹ ਲਿਖਿਆ

---

† "ਐਪੇ ਗੁਰ ਦਸਮ ਦਰਸ ਦੈ ਜੁ ਕਹਿਤੁ ਤਾਹਿ ਮੇਰੋ ਅਵਤਾਰ ਐਸ ਰਾਮ ਸਿੰਘ ਹਵੈ ਭਰੋ । ਯਾਹਿ ਹਿਤ ਤਾਹਿ ਔਰ ਨਾਹਿ ਕਾਹਿ ਮਾਹਿ ਨਿਜ ਸਕਤ ਰਖਾਈ ਗੁਰ ਵਾਕ ਇਵ ਚੇ ਧਰੇ ।"

ਇਹਨਾਂ ਸਤਰਾਂ ਵਿਚ ਤੇ ਸਗੋਂ ਪਕੀ ਕੀਤੀ ਹੋਈ ਏ ਏਸੇ ਵਾਸਤੇ ਤੁਹਾਡੇ ਕੋਲ ਆਏ ਹਾਂ ਤੇ ਇਹ ਜੋ ਨਿਜ ਸਕਤ ਹੈ । ਨਹੀਂ ਹੋਰ ਕਿਸੇ ਵਿਚ ਤੁਹਾਡੇ ਬਿਨਾਂ ਰਖੀ ।

Sri Satguru Jagjit Singh Ji Elibrary NamdhariElibrary@gmail.com

ਤਾਂ ਜਿਵੇ ਪਿਆਂ ਕੋਈ ਜਸਵੰਤ ਸਿੰਘ ਜੀ ਜਿਹਾ ਹੀ ਮੰਨੇਗਾ ਕਿ ਸਕਤ ਵਾਨ ਤੇ ਲੜਾਕੇ ਹੋਣ ਕਰ ਠੀਕ ਲਿਖਿਆ ਹੈ। ਸੋਚ ਵਾਨ ਤੇ ਸਭ ਕਹਿਣਗੇ ਉਨਾਂ ਸਾਤੋ ਦੇ ਸੂਬਾ ਦਸ ਸਿੰਘਾਂ ਨੂੰ ਸਗ ਲਿਖਿਆ ਹੈ।

ਉਸੇ ਤਰ੍ਹਾਂ ਸੱਚ ਦੀ ਖੋਜ ਤੇ ਈਸ਼ਵਰ ਦੇ ਭਜਨ ਦੇ ਅਭਿਆਸ ਵਾਲੇ ਤਾਂ ਸਭ ਗੁਰੂ ਸਾਹਿਬ ਹੋਏ ਹਨ। ਸਿਰਫ ਜਸਵੰਤ ਸਿੰਘ ਜੀ ਜਿਹਾਂ ਦੇ ਨਾਮ ਬਦਲਣ ਨਾਲ ਗੁਰੂ ਨਾਨਕ ਪ੍ਰਣਾਲੀ ਨਾਲੋਂ ਵਖਰੇ ਨਹੀਂ ਹੋ ਜਾਂਦੇ। ਜਿਵੇਂ ਕੁਰੈਸ਼ੀ ਸਾਹਿਬ ਦੇ ਲਿਖਣ ਨਾਲ ਅਨੰਦ ਮਰਜਾਦਾ ਸਤਿ ਗੁਰੂ ਰਾਮ ਸਿੰਘ ਜੀ ਦੀ ਟੋਰੀ ਗੁਰੂ ਬਾਲਕ ਸਿੰਘ ਜੀ ਦੀ ਟੋਰੀ ਨਹੀਂ ਬਣੀ। ਇਤਿਹਾਸਾਂ ਵਿਚ ਟਪਲੇ ਪਾਣ ਲਈ ਹੀ ਇਹੋ ਜੇਹੀਆਂ ਲਿਖਤਾਂ ਪਾਈਆਂ ਜਾਂਦੀਆਂ ਹਨ। ਜਿਨ੍ਹਾਂ ਦੀ ਬਾਬਤ ਬਾਬਾ ਪ੍ਰੇਮ ਸਿੰਘ ਜੀ ਦਾ ਲਿਖਿਆ ਅਸੀਂ ਉਪਰ ਦੇ ਆਏ ਹਾਂ ਕਿ ਸੋਚ ਕੇ ਪੜ੍ਹਨ ਦੀ ਲੋੜ ਏ।

ਜਸਵੰਤ ਸਿੰਘ ਜੀ ਨੇ ਦੂਜੀ ਐਡੀਸ਼ਨ ਵਿਚ ਕੁਝ ਕਾਂਡ ਵਿਚਾਲੇ ਬਦਲੇ ਹਨ ਤੇ ਅਖਰ ਭੀ। ਪਰ ਜ਼ੋਰ ਅਮਾ ਇਹ ਲਾਇਆ ਹੈ ਕਿ ਗੁਰ ਨਾਨਕ ਜੀ ਵਾਲੀ ਗੁਰ ਪ੍ਰਨਾਲੀ ਨਾਲ ਗੁਰੂ ਬਾਲਕ ਸਿੰਘ ਜੀ ਤੇ ਸਤਿ ਗੁਰੂ ਰਾਮ ਸਿੰਘ ਕਿਤੇ ਯਾਰਵੀਂ ਤੇ ਬਾਰਵੀਂ ਪਾਤਸ਼ਾਹੀ ਨ ਸਾਬਤ ਹੋ ਜਾਣ। ਤੇ ਸਿੰਘ ਸਚੇ ਸ਼ਹੀਦ ਗੁਰੂ ਹੁਕਮ ਵਿਚ ਹੋਏ ਸਾਬਤ ਨ ਹੋ ਜਾਣ। ਤੇ ਇਹ ਨਾਮ ਧਾਰੀ ਪੰਥ ਕਿਤੇ ਸਚਾ ਪੰਥ ਗੁਰੂ ਨਾਨਕ ਮਾਰਗ ਨ ਸਾਬਤ ਹੋਵੇ। ਤੇ ਇਸੇ ਲਈ ਦੂਜੀ ਐਡੀਸ਼ਨ ਦੇ ਅੰਤ ਤੇ 11–12 ਲਾਇਨਾਂ ਵਾਧੂ ਉਚੇਚੀਆਂ ਲਿਖੀਆਂ ਹਨ। ਪਰ ਪਾਠਕ ਇਹ ਪੁਸਤਕ ਪੜ੍ਹ ਕੇ ਨਿਰਨਾਂ ਲੈ ਸਕਣਗੇ ਕਿ ਸਗੋਂ ਉਹਨਾਂ ਸਤ੍ਹਾਂ ਤੋਂ ਸਾਬਤ ਹੁੰਦੇ ਕਿ ਸਚਾ ਮਾਰਗ ਹੀ ਨਾਮਧਾਰੀ ਪੰਥ ਵਾਲਾ ਹੈ ਜਿਸ ਦੀ ਨੀਂਹ ਤੇ ਇਹ ਆਪਣੇ ਵਲੋਂ ਸਿੰਘ ਸਭਾਵਾਂ ਦਾ ਮਹਿਲ ਉਸਰਿਆ ਬਣਾਂਦੇ ਹਨ। ਕਿ ਮਤੇ ਅਸੀਂ ਅੰਗਰੇਜ਼ਾਂ ਦੀ ਮਤ ਦਿਤੀ ਵਾਲਾ ਮਤ ਨ ਕਿਤੇ ਸਾਬਤ ਹੋ ਜਾਈਏ। ਜੇ ਏਹਨਾਂ ਕੋਲ ਸਚ ਹੁੰਦਾ ਤਾਂ ਇਹ ਕਹਿ ਸਕਦੇ ਸਨ। ਗੁਰੂ ਨਾਨਕ ਜੀ ਵਾਲੀ ਜਾਗਰਤੀ ਦੀ ਨੀਂਵ ਤੇ ਹੀ ਸਿੰਘ ਸਭਾ ਦਾ ਮਹਿਲ ਉਸਰਿਆ। ਪਰ ਕੂੜ ਸਚ ਨੂੰ ਪਹੁੰਚਦਾ ਕਿਵੇਂ।

ਪਾਠਕਾਂ ਨੂੰ ਯਾਦ ਰਹੇ । ਜਿਵੇਂ ਅਸਾਂ ਦਸਿਆ ਹੈ । ਜਗਤ ਵਿਚ ਰਹਿਕੇ ਸਚ ਦੀ ਖੋਜ ਕਰਨ ਵਾਲੇ ਜਗਿਆਸੀ ਤੇ ਈਸ਼ਵਰ ਦਾ ਭਜਨ ਕਰਨ ਵਾਲੇ ਅਭਿਆਸੀ ਸਤਗੁਰੂ ਤੇ ਉਹਨਾਂ ਦੇ ਸਿਖ ਗੁਰਬਾਣੀ ਤੇ ਸਿਖ ਇਤਿਹਾਸ ਤੋਂ ਸਾਬਤ ਹੁੰਦੇ ਹਨ । ਉਸ ਦਾ ਨਾਮ ਬਦਲਕੇ ਸਹੀ ਇਤਿਹਾਸ ਲੁਕੋ ਕੇ ਗੁਰੂ ਬਾਲਕ ਸਿੰਘ ਜੀ ਤੇ ਦਸਮ ਜੀ ਦਾ ਮੇਲ ਤੇ ਸਤਿਗੁਰੂ ਰਾਮ ਸਿੰਘ ਦਾ ਮੇਲ ਤੇ ਸਤਿਗੁਰੂ ਰਾਮ ਸਿੰਘ ਜੀ ਲੋਗ ਹੁਕਮ ਨਿਜ ਸਕਤ ਰਖਾਈ ਗੁਰ ਵਾਕ ਵਿਚਰੇ ਧਰੇ ।'' ਪਾਠਕਾਂ ਨੂੰ ਟਪਲਾ ਲਾਇਆ ਹੈ । ਜੇ ਐਸਾ ਨ ਕਰਦੇ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਸਾਥ ਕੀਤੇ ਵੈਦੇ ਤੋਂ ਬਦਲਦੇ ਕਿਵੇਂ ਤੇ ਇਨਾਮ ਕਿਵੇਂ ਲੈਂਦੇ । ਕਿਉਂਕਿ ਜਿਥੋਂ ਇਨਾਮ ਮਿਲਨਾ ਸੀ । ਇਸਦੀ ਨੀਂਵ 'ਅੰਗਰੇਜ਼' ਮੈਕਾਲਫ਼ ਨੇ ਰਖੀ ਹੋਈ ਹੈ ਤੇ ਸਭ ਉਸਦੇ ਮਤ ਦੇ ਮਿਲੇ ਜੁਲੇ ਇਸਦੇ ਮੁਖੀ ਹਨ । ਜੱਸ ਜੀ ਇਹੋ ਸੋਚਿਆ ਮੈਂ ਸਚਾਈ ਨੂੰ ਕੀ ਕਰਨਾ ਹੈ ਜਿਵੇਂ ਮਿਲਦੀ ਹੈ ਮਾਇਆ ਲਵੋ ।

ਜਿਵੇਂ ਅਸਾਂ ਅਨੰਦ ਮਰਯਾਦਾ ਦਾ ਨਿਰਨਾ ਜਸ ਜੀ ਦੇ ਆਪਣੇ ਲਿਖੇ ਵਿਚ ਹੀ ਦਤਿਆ ਹੈ ਤਿਵੇਂ ਹੁਣ ਪਾਠਕਾਂ ਨੂੰ ਅਸੀਂ ਦਸਣਾ ਹੈ ਕਿ ਉਹਨਾਂ ਸਤਿਗੁਰੂ ਰਾਮ ਸਿੰਘ ਜੀ ਨੂੰ ਗੁਰੂ ਪਦ ਮਿਲਣਾਂ ਭੀ ਆਪ ਹੀ ਦੱਸ ਦਿੱਤਾ ਹੋਇਆ ਏ ।

ਪਰ ਪਹਿਲਾਂ ਦਸਦੇ ਹਾਂ ਜਸ ਜੀ ਨੇ ਖੋਜ ਦੇ ਖਿਆਲ ਨਾਲ ਗੁਰੂ ਨਾਨਕ ਜੀ ਦੀ ਜਨਮ ਸਾਖੀ ਪੁਰਾਣੀ ਭੀ ਜ਼ਰੂਰ ਪੜ੍ਹੀ ਹੋਵੇਗੀ ਤੇ ਉਸ ਵਿਚ ਅਜਿਤੇ ਰੰਧਾਵੇ ਦੀ ਗੋਸਟ ਭੀ ਆਪ ਨੇ ਪੜ੍ਹੀ ਹੋਵੇਗੀ । ਜਿਸ ਵਿਚ ਲਿਖਿਆ ਹੈ ''ਭਾਈ ਜਬ ਦਸਵਾਂ ਜਾਮਾ ਹੋਵੇਗਾ ਤੇ ਗਿਆਰਵਾਂ ਗੁਪਤ ਵਰਤੇਗਾ ਤੇ ਬਾਰਵਾਂ ਜਾਮਾ ਹੋਵੇਗਾ ਸੂਲੋਂ ਸ਼ਬਦ ਉਚਰੇਗਾ ਤੇ ਜਿਸ ਦੇ ਆਸਰੇ ਮਾਰਗ ਚਲੇਗਾ ।''

ਤੇ ਗੁਰ ਪ੍ਰਤਾਪ ਸੂਰਜ ਵਿਚ ਭੀ ਆਪਨੇ ਪੜ੍ਹਿਆ ਹੋਵੇਗਾ । ਬੇਰ ਗਿਆਰਵੀਂ ਜਬ ਹਮ ਆਵੇ । ਤਬ ਤੇ ਹਮੇਂ ਕੌਤਕ ਲਖਪਾਵੇ । ਪੰਥ ਖਾਲਸਾ ਖੇਤੀ ਮੇਰੀ । ਕਰੋ ਸੰਭਾਲਨ ਮੈਂ ਤਿਸ ਬੇਰੀ ।'' ਜਦ ਗੁਰ ਨਾਨਕ ਗੁਰੂ ਦਸਮ ਜੀ ਉਹਨਾਂ ਨੂੰ ਯਾਰਵੇਂ ਗੁਰੂ ਮੰਨਦੇ ਹਨ ਤਾਂ ਉਹ ਵਖਰੀ ਸੰਪ੍ਰਦਾ ਵਾਲੇ ਗੁਰੂ ਬਾਲਕ ਸਿੰਘ

ਜੋ ਕਿਵੇਂ ਹੋ ਗਏ ਜਸਵੰਤ ਸਿੰਘ ਜੀ ਦੇ ਕਹੇ ।

ਜਸਵੰਤ ਸਿੰਘ ਜੀ ਅਧਾਰ ਸੂਚੀ ਵਿਚ ਮਾਲਵੇਂਦ੍ਰ, ਤੇ ਜੁਗ ਪਲਟਾਊ ਸਤਿਗੁਰੂ ਤੇ ਅਣਛਪੀ ਪੁਸਤਕ ਸਤਿਗੁਰੂ ਬਿਲਾਸ ਆਦਿ ਪੜ੍ਹੇ ਮੰਨਦੇ ਹਨ। ਅਸੀਂ ਦਸਦੇ ਹਾਂ ਕਿ ਉਹਨਾਂ ਨੇ ਸੰਤ ਇੰਦਰ ਸਿੰਘ ਜੀ ਚਕਰਵਰਤੀ ਜੀ ਵਲੋਂ ਮਾਲਵੇਂਦ੍ਰ ਦੇ 20 ਪੰਨੇ ਤੋਂ 36 ਤਕ ਇਹ ਭੀ ਪੜ੍ਹਿਆ ਹੋਵੇਗਾ ।

"ਠਾਰਾਂ ਸੋ ਇਕਤਾਲੀਆ ਸੰਮਤ ਬਿਕਰਮਾਂ ਜੀਤ ।
ਕੀਤਾ ਸਿਖੀ ਬਾਗ ਸੀ ਸੁਕਿਆ ਜਿਨ ਸਰਜੀਤ ।
ਹਰੋਂ ਨਦੀ ਵਿਚ ਸਿੰਧ ਦੇ ਮਿਲਦੀ ਜਿਥੇ ਜਾਏ ।
ਸਰਵਾਲਾ ਹੈ ਉਸਦੇ ਕੰਢੇ ਇਕ ਗਰਾਏ ।
ਭਾਗ ਭਰੀ ਸੀ ਮਾਂ ਉਹ ਪਿਤਾ ਸ੍ਰੀ ਸਿੰਘ ਦਿਆਲ ।
ਅਵਤਰੇ ਜਾ ਉਸ ਘਰੇ ਬਾਲਕ ਸਿੰਘ ਕਿਰਪਾਲ ।
ਛੋਟੀ ਕਰਦੇ ਹਟ ਸੀ ਕਈ ਗੁਜਾਰੇ ਸਾਲ
ਹਥ ਕਾਰ ਦਿਲ ਯਾਰ ਵਲ ਜਪਦੇ ਜਾਪ ਅਕਾਲ ।
ਪਰ ਇਛਾ ਦੀਦਾਰ ਦੀ ਰਖਦੇ ਰਿਦੇ ਹਮੇਸ਼
ਪੋਣ ਕਲੇਜੇ ਠੰਡ ਆ ਦਰਸ਼ਨ ਦੇ ਦਸ਼ਮੇਸ਼ ।
†ਠਾਰਾਂ ਛੇ ਨੌ ਬਿਕਰਮੀ ਦਸਮੀ ਸ਼ੁਦੀ ਵੈਸਾਖ
ਦਰਸ਼ਨ ਦੇ ਦਸਮੇਸ਼ ਗੁਰ ਪੂਰੀ ਕੀਤੀ ਆਸ ।
ਜਾ ਰਹੇ ਦਸ਼ਮੇਸ਼ ਸਨ ਕਾਬਲ ਵਲ ਪਸ਼ੌਰ
ਸ੍ਰੀ ਮਹੰਤ ਸੁਮੇਰ ਸਿੰਘ ਲਿਖਿਆ ਹੈ ਕਰ ਗੌਰ ।"

---

†1869 ਬਿਕ੍ਰਮੀ ਵੈਸਾਖ ਸੁਦੀ ਦਸਮੀ ਗੁਰੂ ਬਾਲਕ ਸਿੰਘ ਜੀ ਤੇ ਦਸਮ ਜੀ ਦੇ ਮਿਲਾਪ ਦਾ ਦਿਨ ਹੈ

Sri Satguru Jagjit Singh Ji Elibrary NamdhariElibrary@gmail.com

# ਅਗੇ ਪਸ਼ੌਰ ਤੇ ਕਾਬਲ ਜਾਣ ਵਾਲਾ ਪ੍ਰਸੰਗ ਹੈ

"ਕਿਹਾ ਗੁਰੂ ਦਸ਼ਮੇਸ਼ ਜੀ ਗੁਰਤਾ ਰਖਿ ਅਮਾਨ
ਵਸਤ ਸੰਭਾਲੋਂ ਇਹ.ਤੁੱਬ ਲਵਾਂ ਫੇਰ ਮੈਂ ਆਨ ।
ਆਵਾਂਗਾ ਮੈਂ ਆਪ ਹੀ ਕਿਹਾ ਗੁਰ ਅਵਤਾਰ ।
ਬਾਵੀ ਕੁਲ ਨੂੰ ਭਾਗ ਲਾ ਕਰਾਂ ਪੰਥ ਦੀ ਸਾਰ ।
ਭਾਰਤ ਦੀ ਕਲਿਆਣ ਦਾ ਇਸ ਦਿਨ ਬੜਾ ਮੁਬ ।
ਹੋਵੀ ਧਰਮ ਸਥਾਪਨਾ ਪਾਪ ਤਾਪ ਗਏ ਉਡ ।"

ਸੰਤ ਇੰਦਰ ਸਿੰਘ ਜੀ ਏਨਾਂ ਵਾਕ਼ਾਂ ਦੇ ਸਫਲ ਹੋਣ ਤੇ ਸਬੂਤ ਲਈ ਅਗੇ ਗ੍ਰੰਥ ਲਿਖੇ ਹਨ । ਜਨਮ ਸਾਖੀ ਗੁਰਨਾਨਕ ਜੀ ਸੌ ਸਾਖੀ ਤੇ ਗੁਰਿੰਡ ਨਾਮਾਂ ਆਦ । ਤੇ ਫੇਰ ਸਤਿਗੁਰੂ ਰਾਮ ਸਿੰਘ ਜੀ ਦੇ ਮਿਲਾਪ ਦਾ ਸਮਾਂ ਲਿਖਦੇ ਹਨ । ਗੁਰੂ ਬਾਲਕ ਸਿੰਘ ਜੀ ਨਾਲ ।

ਠਾਕੁਰ ਜੀ ਤੁਸੀਂ ਆਏ ਹੋ ਕਰਕੇ ਯਾਦ ਕਰਾਰ ।
ਸੀ ਅਮਾਨਤ ਤੁਸਾਂ ਦੀ ਰਖੀ ਅਸਾਂ ਸੰਭਾਰ ।
ਪੈਸੇ ਪੰਜ ਦਸਤਾਰ ਤੇ ਮਾਲਾ ਨਾਲ ਨਲੀ ਏਰ ।
(ਧਰ) ਮਥੇ ਗੁਰਤਾ ਦਾ ਤਿਲਕ ਕਰ ਦਿਤਾ ਬਿਨ ਦੇਰ ।
+ਅਠਾਰਾਂ ਸੌ ਅਠਾਨਵੇਂ ਸੰਮਤ ਬਿਕ੍ਰਮਾਜੀਤ ।
ਅਸੂ ਦੀ ਸੰਗ੍ਰਾਂਦ ਸੀ ਦਿਨ ਪਵਿਤ ਪੁਨੀਤ ।

ਮਾਲ ਵੇਂਦ੍ਰ ਦੇ ਇਹ ਪੰਨੇ ਪਾਨੂਆਂ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਦਸਮੇਸ਼ ਜੀ ਦੇ ਤੇ ਗੁਰਬਾਲਕ ਸਿੰਘ ਜੀ ਦੇ ਮਿਲਾਪ ਤੇ ਗੁਰੂ ਬਾਲਕ ਸਿੰਘ ਜੀ ਤੇ ਸਤਿ ਗੁਰੂ ਰਾਮ ਸਿੰਘ ਜੀ ਦੇ ਮਿਲਾਪ ਤੇ ਗੁਰਤਾ ਪ੍ਰਾਪਤ ਹੋਣ ਬਾਬਤ । ਪਰ ਜਸਵੰਤ

---

+ 1898 ਸੰਮਤ ਬਿਕਰਮੀ ਅਸੂ ਦੀ ਸੰਗ੍ਰਾਂਦ ਦਾ ਦਿਨ ਗੁਰੂ ਬਾਲਕ ਸਿੰਘ ਜੀ ਵਲੋਂ ਸਤ ਗੁਰੂ ਰਾਮ ਸਿੰਘ ਜੀ ਨੂੰ ਗੁਰਤਾ ਦੇਣ ਦਾ ਏ ।

Sri Satguru Jagjit Singh Ji Elibrary NamdhariElibrary@gmail.com

ਸਿੰਘ ਜੀ ਪਾਠਕਾਂ ਨੂੰ ਟਪਲਾ ਲਾਣ ਲਈ ਲਿਖ ਤੇ ਦਿਤਾ ਹੈ ਮੈਂ ਇਹ ਪੁਸਤਕ ਪੜੇ ਹਨ ਪਰ ਸਾਰ ਸਹੀ ਨਹੀਂ ਲਿਖ ਵਿਖਾਇਆ ।

ਜਿਵੇਂ ਜਸਵੰਤ ਸਿੰਘ ਜੀ ਅਧਾਰ ਸੂਚੀ ਵਿਚ ਲਿਖਦੇ ਹਨ । ਮੈਂ ਸੰਤ ਕਾਲਾ ਸਿੰਘ ਜੀ ਦੀ ਪੈਂਤੀਸ ਅਖਰੀ ਤੇ ਸ਼ਹੀਦ ਬਲਾਸ ਤੇ ਜੁਗ ਪਲਟਾਊ ਸਤਿਗੁਰੂ ਤੇ ਸਤਿ ਜੁਗ ਦੇ ਬੰਸਤ ਨੰਬਰ ਭੀ ਪੜ੍ਹੇ ਹਨ ਤੇ ਸਤਿ ਗੁਰੂ ਪਰਤਾਪ ਸਿੰਘ ਜੀ ਤੋਂ ਵਾਕਫੀ ਭੀ ਲਈ ਹੈ । ਪਰ ਕੀ ਇਹ ਸਚ ਏ ਕਿ ਆਪ ਨੂੰ ਕਿਤੋਂ ਪ੍ਰਤੀਤ ਨ ਹੋ ਸਕਿਆ ਕਿ ਗੁਰੂ ਬਾਲਕ ਸਿੰਘ ਜੀ ਤੇ ਦਸਮ ਜੀ ਮਿਲੇ ਹਨ ਤੇ ਅਗੋਂ ਸਤਿ ਗੁਰੂ ਰਾਮ ਸਿੰਘ ਜੀ ਨੂੰ ਉਹ ਗੁਰੂ ਜੀ ਵਲੋਂ ਹੁਕਮ ਅਨੁਸਾਰ ਗੁਰੂ ਪਦਵੀ ਮਿਲੀ ਹੈ ਤੇ ਇਹ ਭਵਿਖਤ ਵਾਕ ਉਹਨਾਂ ਕਿਤੋਂ ਨਹੀਂ ਪੜ੍ਹੇ ਤੇ ਸੁਣੇ ।

ਜਾਮੇ ਪਹਿਰੇ ਦਸ ਗੁਰੂ ਨਵ ਸਤ ਕਲਾ ਸੁਧਾਰ । ਗੁਪਤ ਗਿਆਰਵਾਂ ਖੇਲਸੀ ਕੋਇਕ ਪਾਵੈ ਪਾਰ ।

ਜਾਹੀ ਕੁਲ ਤੇ ਪ੍ਰਗਟ ਹੋਏ ਭਾਗੀ ਕੁਲ ਹੈ ਨਾਮ ਪੁੰਨ ਦੁਆਦਸ ਗੁਰਿੰਡ ਕੌ ਮੋਤੀ ਹੈ ਪ੍ਰਨਾਮ ਤੇ ਸਤਰ ਜਾਮੇ ਭਗਤ । ਜਨ ਚੌਦਾ ਸਤਿ ਗੁਰ ਰਾਏ । ਤੇ ਕਲ ਜੁਗ ਮੈਂ ਸਤਿ ਜੁਗ ਵਰਤਾਊਂ । ਤਬੀ ਬਾਰਵਾਂ ਬਪ ਕਹਾਊਂ ।

ਕਲ ਜੁਗ ਤੇ ਸਤਿ ਜੁਗ ਕਰ ਠਾਨਉ । ਤਬੀ ਬਾਰਵਾਂ ਬਪ ਪਹਿਚਾਨਉ । ਆਦ ਆਦ ਬਚਨ ਤੇ ਸਤਿ ਗੁਰੂ ਪਰਤਾਪ ਸਿੰਘ ਜੀ ਹਰ ਕਥਾ ਤੇ ਵਾਕਫੀ ਤੇ ਬਚਨ ਬਲਾਸਾਂ ਵਿਚ ਮਿਲਨ ਵਾਲਿਆਂ ਨੂੰ ਦੁਰਾਂਦੇ ਤੇ ਸੁਣਾਂਦੇ ਸੀ ।

ਪਰ ਜਸਵੰਤ ਸਿੰਘ ਜੀ ਆਪ ਦੇ ਮਾਇਆ ਦਾਤਿਆਂ ਨੂੰ ਖੁਸ਼ ਕਰਨ ਲਈ ਇਹ ਸਭ ਕੁਝ ਸੁਣਿਆ ਪੜਿਆ ਲਾਂਭੇ ਕਰ ਗੁਰੂ ਬਾਲਕ ਸਿੰਘ ਜੀ ਨੂੰ ਤੇ ਸਤਿ ਗੁਰੂ ਰਾਮ ਸਿੰਘ ਜੀ ਨੂੰ, ਇਕ ਵਖਰੀ ਸੰਪ੍ਰਦਾਏ ਲਿਖ ਖਾਸ ਇਨਾਮ ਪਾਣ ਦੇ ਲਾਲਚ ਨੂੰ, ਕੀਤੇ ਬਚਨੋਂ ਵਿਰ ਕੀਤਾ ਹੈ । ਜੋ ਸੂਚੀ ਦੇ ਅਖਰ ਤੇ ਪੁਸਤਕ ਪੜਿਆਂ ਸਾਬਤ ਹੁੰਦਾ ਹੈ ।

ਭਵਿਖਤ ਵਾਕਾਂ ਤੇ ਵਾਕਫੀ ਤੇ ਪੜੇ ਪੁਸਤਕਾਂ ਦੀ ਸੂਚੀ ਤੋਂ ਬਾਦ ਜਸਵੰਤ ਸਿੰਘ ਜੀ ਦੇ ਆਪਣੇ ਲਿਖੇ ਵਿਚੋਂ ਸਤਿ ਗੁਰੂ ਰਾਮ ਸਿੰਘ ਜੀ ਨੂੰ ਗੁਰੂ ਪਦ

ਮਿਲਨਾ ਸਾਬਤ ਕਰਦੇ ਹਾਂ ।

ਤੇ ਜੋ ਪ: ਛਾਪ ਦਸਵੇਂ ਕਾਂਡ ਤੇ ਦੂ: ਅਠਵਾਂ ਕਾਂਡ ਦਾ ਸਿਰਲੇਖ "ਸ਼ਰਧਾ ਵਾਨ ਸਿਖ ਤੇ ਗੁਰੂ" ਏ ਉਸ ਵਿਚੋਂ ਹੀ ਪਾਠਕਾਂ ਨੂੰ ਲਿਖਿਆ ਦਸਦੇ ਹਾਂ ਤੇ ਦਸਦੇ ਹਾਂ ਕਿਵੇਂ ਸਤਿ ਗੁਰੂ ਰਾਮ ਸਿੰਘ ਜੀ ਦੇ ਨਾਮ ਨਾਲ ਗੁਰੂ ਲਗਣ ਤੋਂ ਗਰੇਜ਼ ਕੀਤਾ ਏ ਤੇ ਫੇਰ ਭੀ ਜਿਵੇਂ ਲਿਖਿਆ ਹੀ ਤੇ ਏਹਨਾਂ ਤੋਂ ਲਿਖਿਆ ਗਿਆ ਹੈ।

ਇਸੇ ਪੱਖ ਵਿਚ ਕਿ ਉਹ (ਸਤਿ ਗੁਰੂ ਰਾਮ ਸਿੰਘ ਜੀ) ਗੁਰੂ ਨਹੀਂ ਸਨ, ਜਸਵੰਤ ਸਿੰਘ ਜੀ ਨੇ ਆਪਣੇ ਵਲੋਂ ਦੂਜੀ ਸੋਧੀ ਹੋਈ ਛਾਪ ਦੇ · 7 ਪੰਨੇ ਤੇ ਸ: ਕਪੂਰ ਸਿੰਘ ਆਈ ਸੀ ਐਸ ਦਾ ਲਿਖਿਆ ਸਪਤ ਸ੍ਰਿੰਗ ਵਿਚੋਂ ਹਵਾਲਾ ਦਿਤਾ ਹੈ। "ਬਾਬਾ ਜੀ ਲੋਕਾਂ ਨੂੰ ਗੁਰੂ ਕਹਿਣੋਂ ਰੋਕਦੇ ਰਹੇ। ਸਚੀ ਗਲ ਤਾਂ ਇਹ ਹੈ ਕਿ ਭਾਰਤ ਵਿਚ ਹਜਾਰਾਂ ਵਰਿਆਂ ਦੀ ਤਾਰੀਖ ਵਿਚ ਗੁਰੂ ਗੋਬਿੰਦ ਸਿੰਘ ਜੀ ਤੋਂ ਬਿਨਾਂ ਕੋਈ ਵੀ ਇਤਿਹਾਸਕ ਵਿਅਕਤੀ ਐਸੀ ਨਹੀਂ ਹੋਈ ਜਿਸਨੇ ਆਪਣੇ ਜੀਵਨ ਮਨੋਰਥ ਦਾ ਨਿਸ਼ਾਨਾਂ ਇਨਾਂ ਉਚਾ ਤੇ ਜਹਾਂਗੀਰ ਰਖਿਆ ਹੋਵੇ, ਜਿਸ ਦਾ ਮੰਤਵ ਕਿ ਜਾਤੀ ਤੇ ਜਨਤਾ ਦੇ ਆਤਮਕ ਤੋਰ ਤੇ ਸਮਾਜਕ ਤੌਰ ਤੇ ਰਾਜਸੀ ਤੋਰ ਤੇ ਸਾਰੇ ਭਰਮਾਂ ਦੇ ਬੰਧਨਾਂ ਨੂੰ ਤੋੜ ਕੇ ਉਸ ਨੂੰ ਉਨਤੀ ਦੀ ਸਿਖਰ ਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਇਸ ਕਿਸਮ ਦੀ ਦਲੇਰ ਆਤਮਾਂ ਵਾਲਾ ਪੁਰਸ਼ ਭਾਰਤ ਵਰਸ਼ ਵਿਚ ਬਾਬਾ ਰਾਮ ਸਿੰਘ ਹੋਇਆ ਹੈ, ਇਸ ਲਈ ਸਰਧਾਲੂਆਂ ਦੇ ਮਨ ਉਤੇ ਬਾਬਾ ਰਾਮ ਸਿੰਘ ਦੇ ਸਰੂਪ ਦਾ ਇਉਂ ਝਲਕਾਰਾ ਪੈਣਾ ਕਿ ਉਹ ਬਾਬਾ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਤੀ ਬਿੰਬ ਜਾਂ ਅਕਸ ਹੀ ਸਮਝਣ ਇਕ ਕੁਦਰਤੀ ਜੇਹੀ ਗਲ ਸੀ।" ਇਹ ਸਤ੍ਰਾਂ ਕਪੂਰ ਸਿੰਘ ਜੀ ਵਲੋਂ ਲਿਖ ਜਸਵੰਤ ਸਿੰਘ ਜੀ ਹੇਠਾਂ ਆਪਣੇ ਵਲੋਂ ਲਿਖਦੇ ਹਨ ।

"ਬਾਬਾ ਰਾਮ ਸਿੰਘ ਜੀ ਵਰਗੀ ਗੁਰਮਤ ਗੁਧੀ ਸ਼ਖਸੀਅਤ ਗੁਰੂ ਬਨਣ ਨਾਲੋਂ ਗੁਰੂ ਘਰ ਦਾ ਕੂਕਰ ਦਾਸ ਟਪਣੀਆ ਅਖਵਾਣ ਵਿਚ ਵਧੇਰੇ ਰਸ ਮਾਣਦੀ ਹੈ। ਗੁਰੂ ਅਖਵਾਉਣਾਂ ਤਾਂ ਕਿਤੇ ਰਿਹਾ ਉਹ ਤਾਂ ਆਪਣੇ ਨਾਂ ਨਾਲ

Sri Satguru Jagjit Singh Ji Elibrary NamdhariElibrary@gmail.com

ਸਤਿਕਾਰ ਭਰੇ ਰਸਮੀ ਸ਼ਬਦ ਭੀ ਲਾਉਣ ਤੋਂ ਹੀ ਵਰਜਦੇ ਹਨ। ਕੇਵਲ ਸ਼ਰਧਾਲੂਆਂ ਨੇ ਹੀ ਵਧ ਰਹੀ ਮਾਨਤਾ ਨੂੰ ਵੇਖ ਕੇ ਗੁਰੂ, ਸਤਿਗੁਰੂ, ਸਚਾ ਪਾਤਸ਼ਾਹ, ਆਦ ਸ਼ਬਦਾਂ ਨਾਲ ਸੰਬੋਧਨ ਕਰਨਾ ਸ਼ੁਰੂ ਕਰ ਦਿਤਾ। ਆਪ ਜੀ ਜਿਸ ਜਿਸ ਸਮੇਂ ਜਿਸ ਜਿਸ ਹਾਲਤ ਵਿਚੋਂ ਦੀ ਵਿਚਰਦੇ ਰਹੇ ਉਸੇ ਅਨੁਸਾਰ ਆਪ ਦੇ ਨਾਮ ਨਾਲ ਸਤਿਕਾਰ ਵਜੋਂ ਪਦਵੀਆਂ ਜੁੜਦੀਆਂ ਗਈਆਂ। ਜਦ ਆਪ ਲਾਹੌਰ ਦਰਬਾਰ ਦੀ ਫੌਜੀ ਨੌਕਰੀ ਕਰਦੇ ਹੋਏ ਬਹੁਤਾ ਸਮਾਂ ਭਜਨ ਬੰਦਗੀ ਵਲ ਲਾਉਂਦੇ ਸਨ ਤਾਂ ਉਸ ਸਮੇਂ ਆਪ ਨੂੰ ਭਾਈ ਰਾਮ ਸਿੰਘ ਬੁਲਾਇਆ ਜਾਣ ਲਗ ਪਿਆ ਸੀ। ਜਦ ਆਪ ਨੇ ਸੰਤ ਖਾਲਸਾ ਸਾਜ ਕੇ ਅੰਮ੍ਰਿਤ ਪ੍ਰਚਾਰ ਸ਼ੁਰੂ ਕੀਤਾ ਤਾਂ ਆਪ ਦੇ ਸ਼ਰਧਾਲੂਆਂ ਨੂੰ ਇਨ੍ਹਾਂ ਵਿਚ ਗੁਰੂ ਦੀ ਝਲਕ ਦਿਸੀ ਤੇ ਇਉਂ ਗੁਰੂ ਕਹਿਣ ਲਗ ਪਏ।" "ਮਿਸਟਰ ਮੈਕ ਐਂਡਰੀਉ ਆਪਣੀ ਇਕ ਰਪੋਟ ਵਿਚ ਲਿਖਦਾ ਹੈ। "ਜਦ ਉਹ ਹਜਰੋ ਦੇ ਗੁਰੂ ਬਾਲਕ ਸਿੰਘ ਦਾ ਚੇਲਾ ਬਣ ਕੇ ਡੇਰੇ ਦਾ ਮਾਲਕ ਬਣਿਆ ਤਦ ਉਹ ਮਹੰਤ ਰਾਮ ਸਿੰਘ ਸੀ। ਉਪਰੰਤ ਉਸ ਨੂੰ ਗੁਰੂ ਰਾਮ ਸਿੰਘ ਦੇ ਨਾਮ ਨਾਲ ਯਾਦ ਕਰਦੇ ਸਨ। ਇਸ ਤੋਂ ਪਿਛੋਂ ਸਤਿਗੁਰੂ ਕਹਿਣ ਲਗੇ ਅਤੇ ਹੁਣ ਸਤਿਗੁਰੂ ਸੱਚਾ ਪਾਤਸ਼ਾਹ ਕਹਿ ਕੇ ਸਤਿਕਾਰਦੇ ਹਨ।"

ਹੁਣ ਅਸਾਂ ਸਤਿਗੁਰੂ ਰਾਮ ਸਿੰਘ ਜੀ ਨੂੰ ਜਸਵੰਤ ਸਿੰਘ ਜੀ ਦੇ ਲਿਖੇ ਵਿਚੋਂ ਹੀ ਗੁਰੂ ਤੇ ਸਤਿਗੁਰੂ ਸੱਚਾ ਪਾਤਸ਼ਾਹ ਲਿਖਿਆ ਸਾਬਤ ਕਰਨਾ ਹੈ।

ਪਾਠਕ ਸੋਚ ਸਕਦੇ ਹਨ ਕਿ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੇ ਭਵਿਖਤ ਵਾਕਾਂ ਵਿਚੋਂ ਗੁਰੂ ਬਾਲਕ ਸਿੰਘ ਜੀ ਤੇ ਸਤਿਗੁਰੂ ਰਾਮ ਸਿੰਘ ਜੀ ਸਾਬਤ ਅਸੀਂ ਕਰ ਹੀ ਆਏ ਹਾਂ। ਹੁਣ ਇਹਨਾਂ ਦੇ ਲਿਖੇ ਵਿਚੋਂ ਪਾਠਕ ਸਤਿਗੁਰੂ ਜੀ ਨੂੰ ਗੁਰੂ, ਸਚਾ ਪਾਤਸ਼ਾਹ ਲਿਖਿਆ ਪੜ੍ਹਨਗੇ ਤੇ ਸੋਚਣਗੇ ਤੇ ਮੰਨਣਗੇ।

"ਆਪ ਜੀ ਜਿਸ ਜਿਸ ਸਮੇਂ ਜਿਸ ਜਿਸ ਹਾਲਤ ਵਿਚੋਂ ਦੀ ਵਿਚਰਦੇ ਰਹੇ ਉਸੇ ਅਨੁਸਾਰ ਆਪ ਦੇ ਨਾਮ ਨਾਲ ਸਤਿਕਾਰ ਵਜੋਂ ਪਦਵੀਆਂ ਜੁੜਦੀਆਂ

ਗਈਆਂ ।" ਤੇ "ਗੁਰੂ, ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਇਸ ਕਿਸਮ ਦੀ ਦਲੇਰ ਆਤਮਾਂ ਵਾਲਾ ਪੁਰਸ਼ ਭਾਰਤ ਵਰਸ਼ ਵਿਚ ਬਾਬਾ ਰਾਮ ਸਿੰਘ ਹੀ ਹੋਇਆ ਹੈ ਲਿਖੇ ਤੇ ਵਿਚਾਰ ਕਰਨੀ ਹੈ। ਤੇ ਜੋ ਕਪੂਰ ਸਿੰਘ ਜੀ ਦਾ ਲਿਖਿਆ ਦੇਂਦੇ ਹਨ। "ਕਿ ਸ਼ਰਧਾਲੂਆਂ ਦੇ ਮਨ ਤੇ ਗੁਰੂ ਗੋਬਿੰਦ ਸਿੰਘ ਜੀ ਵਾਲਾ ਝਲਕਾਰਾ ਪੈਂਣਾਂ ਕੁਦਰਤੀ ਗਲ ਸੀ।" ਇਹ ਕਸੌਟੀ ਗੁਰੂ ਨਾਨਕ ਦੇਵ ਜੀ ਤੋਂ ਲੈ ਸਹੀ ਹੈ ਸਿਖੀ ਵਲੋਂ, ਗੁਰੂ ਪਰੰਪਰਾ ਲਈ ਨਿਹਚੇ ਲਈ ਜਾਂ ਨਾਮ ਧਾਰੀਆਂ ਹੀ ਚਲਾ ਲਈ ਹੈ ਜਾਂ ਅਪਣਾਈ ਹੈ। ਉਤਰ ਆਵੇਗਾ ਹਾਂ ਹਾਂ ਇਹ ਗੁਰੂ ਨਾਨਕ ਦੇਵ ਜੀ ਤੋਂ ਰੀਤ ਪ੍ਰਚਲਤ ਹੈ ।

ਪਹਿਲਾਂ ਆਸ਼ਰਧਕ ਲੋਕਾਂ ਵਲੋਂ । ਗੁਰੂ ਨਾਨਕ ਜੀ ਨੂੰ ਕੁਰਾਹੀਆ, ਭੂਤਨਾ ਬੇਤਾਲਾ, ਨਖੱਟੂ ਤੇ ਗੁਰੂ ਹਰ ਗੋਬਿੰਦ ਜੀ ਨੂੰ ਤੁਰਕ ਤੁਰਕਨੀ ਵਸ ਹੋਇਆ, ਗੁਰੂ ਹਰਿ ਕ੍ਰਿਸ਼ਨ ਜੀ ਨੂੰ ਮਾਤਾ ਦਾ ਮਾਲ ਤੇ ਬਾਲ ਜਿਹਾ ਤੇ ਨੌਂਵੇ ਗੁਰੂ ਜੀ ਨੂੰ ਤੇਗਾ ਕਮਲਾ ਤੇ ਦਸਮ ਜੀ ਨੂੰ ਟੇਡੀ ਸਿਰ ਚੜੀ ਤੇ ਭੈੜੀ ਮਤ ਵਾਲਾ ਤੇ ਫੇਰ ਡਾਕੂ ਧਾੜਵੀ ਕੋਲ ਰਖਣ ਵਾਲਾ ਆਦਿ ਦੇ ਨਾਵਾਂ ਨਾਲ ਪੁਕਾਰਿਆ ਜਾਂਦਾ ਰਿਹਾ ।

ਫੇਰ ਸ਼ਰਧਾਲੂਆਂ ਵਲੋਂ ਨਾਨਕ ਤਪਾ ਬਾਬਾ ਨਾਨਕ ਪੀਰ ਸੰਤ ਫਕੀਰ ਨਾਨਕ ਸ਼ਾਹ ਬਾਬਾ ਨਾਨਕ। ਗੁਰੂ ਰਾਮਦਾਸ ਜੀ ਨੂੰ ਤੇਜੋ ਤਨੇ। ਗੁਰੂ ਤੇਗ ਬਹਾਦਰ ਜੀ ਨੂੰ ਬਾਬਾ ਬਕਾਲੇ ਤੇ ਦਸਮ ਜੀ ਨੂੰ ਗੋਬਿੰਦ ਰਾਏ। ਗੁਰੂ ਗੋਬਿੰਦ ਸਿੰਘ ਜੀ! ਫੇਰ ਮਾਨਤਾ ਵਧੀ ਕਰ। ਗੁਰੂ ਨਾਨਕ ਨਿਰੰਕਾਰੀ ਗੁਰੂ ਦੇਵ ਜੀ। ਸਤਿਗੁਰੂ ਗੁਰੂ ਤੇਗ ਬਹਾਦਰ ਜੀ। ਗੁਰੂ ਗੋਬਿੰਦ ਸਿੰਘ ਜੀ ਸਚਾ ਪਾਤਸ਼ਾਹ ਕਲਗੀਆਂ ਵਾਲਾ ਫੌਜਾਂ ਵਾਲਾ ਆਦਿ ਆਦਿ।

ਜੱਜ ਜੀ ਜੋ ਕਪੂਰ ਸਿੰਘ ਜੀ ਵਲੋਂ ਲਿਖਿਆ ਦੇਂਦੇ ਹਨ । ਤੇ ਆਪ ਭੀ ਲਿਖਦੇ ਹਨ। "ਬਾਬਾ ਜੀ ਗੁਰੂ ਕਹਿਣੋਂ ਰੋਕਦੇ ਰਹੇ।" ਤੇ ਉਹਨਾਂ ਕਦੇ ਨਹੀਂ ਸੀ ਕਿਸੇ ਨੂੰ ਕਿਹਾ ਮੈਨੂੰ ਗੁਰੂ ਆਖੋ ।" ਇਹ ਤੇ ਗਲ ਸਾਰੇ ਗੁਰੂ ਸਾਹਿਬਾਂ ਵਲੋਂ ਆਖੀ ਦੀ ਰਹੀ ਹੈ। ਕਿਸੇ ਗੁਰੂ ਆਪ ਨਹੀਂ ਕਿਹਾ ਮੈਨੂੰ ਗੁਰੂ ਆਖੋ। ਜਾਂ ਸਤਿਗੁਰੂ ਜਰੂਰ ਆਖੋ। ਸਗੋਂ ਜਿਵੇਂ ਸਤਿਗੁਰੂ ਰਾਮ ਸਿੰਘ ਜੀ ਸੇਵਕ ਜਾਂ

Sri Satguru Jagjit Singh Ji Elibrary NamdhariElibrary@gmail.com

ਰਪਟੀਆ ਹੀ ਲਿਖਦੇ ਹਨ । ਤਿਵੇਂ ਗੁਰ ਨਾਨਕ ਆਦ ਭੀ ' ਹਮ ਨਹੀਂ ਚੰਗੇ । ਕਹੁ ਨਾਨਕ ਹਮ ਨੀਚ ਕਰਮਾਂ । ਹਮ ਲੂਣ ਹਰਾਮੀ ਗੁਨਾਹ ਗਾਰ । ਹਮ ਨੀਚ ਮੈਲੇ ਅਤਿ ਅਭਿਮਾਨੀ ਦੂਜੇ ਭਾਇ ਵਿਕਾਰੀ ।" ਆਦਿ ਵਾਕ ਆਪਣੇ ਲਈ ਵਰਤੇ ਹਨ । ਤੇ ਸ਼ਰਧਾਲੂਆਂ ਵਲੋਂ ਸਤਿਗੁਰੂ ਸਚਾ ਪਾਤਸ਼ਾਹ ਆਦ ਪਦਵੀਆਂ ਸਤਿਕਾਰ ਵਜੋਂ ਮਿਲਦੀਆਂ ਰਹੀਆਂ ਹਨ । ਜਿਵੇਂ ਕਪੂਰ ਸਿੰਘ ਜੀ ਲਿਖਦੇ ਹਨ ।

"ਇਸ ਲਈ ਸ਼ਰਧਾਲੂਆਂ ਦੇ ਮਨ ਤੇ ਬਾਬਾ ਰਾਮ ਸਿੰਘ ਦੇ ਸਰੂਪ ਦਾ ਇਉਂ ਝਲਕਾਰਾ ਪੈਣਾ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਤੀਬਿੰਬ ਜਾਂ ਅਕਸ ਹੀ ਸਮਝਨ, ਕੁਦਰਤੀ ਗਲ ਸੀ ।

ਇਸ ਦਾ ਭਾਵ ਇਹ ਹੈ ਕਿ ਕੁਦਰਤ ਦੇ ਝਲਕਾਰੇ ਨੂੰ ਕੋਈ ਨਹੀਂ ਰੋਕ ਸਕਦਾ । ਜਿਵੇਂ ਹੋ ਚੁਕੇ ਗੁਰੂਆਂ ਵਾਸਤੇ ਕੁਦਰਤੀ ਹੋਇਆ ਸੀ । ਜਿਵੇਂ ਕਿ ਦਸਮ ਜੀ ਦੇ ਲਿਖਣ ਤੇ ਭੀ ।" ਮੈਂ ਹੂੰ ਪਰਮ ਪੁਰਖ ਕੋ ਦਾਸਾ । ਸਿਖਾਂ ਤੇ ਸ਼ਰਧਾਲੂਆਂ ਵਲੋਂ ਗੁਰੂ ਤੇ ਸਚਾ ਪਾਤਸ਼ਾਹ ਕਹਿਣਾ ਕੁਦਰਤੀ ਤੇ ਜ਼ਰੂਰੀ ਸੀ ।

ਜਿਵੇਂ ਕਿਸੇ ਗੁਰੂ ਦੇ ਮਥੇ ਤੇ ਜਨਮ ਤੋਂ ਲਿਖਿਆ ਹੀ ਨਹੀਂ ਹੁੰਦਾ ਲੋਕੋ ਇਹ ਗੁਰੂ ਜੇ ਤੇ ਆਹਿ ਇਹਦੀ ਪਦਵੀ ਜੇ । ਪਰ ਜਗਤ ਤੇ ਜਿਉਂ ਜਿਉਂ ਸ਼ਰਧਾਲੂ ਜੋ ਜੋ ਝਲਕਾਰੇ ਜਿਸ ਜਿਸ ਸਮੇਂ ਵੇਖਦੇ ਹਨ । ਸੋ ਸੋ ਪਦਵੀਆਂ ਸਤਿਕਾਰ ਵਜੋਂ ਅਵੱਸ਼ ਹੀ ਉਹਨਾਂ ਦੇ ਨਾਮ ਨਾਲ ਜੁੜਦੀਆਂ ਜਾਂਦੀਆਂ ਹਨ । ਜਿਵੇਂ ਜਗਤ ਪ੍ਰਸਿਧ ਗਲਾਂ ਹਨ । ਜਮਦਾ ਤੇ ਕੋਈ ਮਾਸਟਰ ਜਾਂ ਡਿਪਟੀ ਨਹੀਂ ਹੁੰਦਾ । ਨ ਮੁਖ ਮੰਤਰੀ, ਨ ਰਾਸ਼ਟਰਪਤੀ ਆਦਿ, ਜਿਵੇਂ ਕਰਮ ਚੰਦ ਜੰਮਦਾ ਮਹਾਤਮਾ ਗਾਂਧੀ ਨ ਸੀ ਤੇ ਜਵਾਹਰ ਲਾਲ ਜੀ ਅਮਨ ਦੇ ਦੇਵਤਾ ਤੇ ਰਣਜੀਤ ਸਿੰਘ ਜੀ ਸ਼ੇਰੇ ਪੰਜਾਬ ਨ ਸੀ । ਸਭ ਨੂੰ ਸਮੇਂ ਸਮੇਂ ਸਤਿਗੁਰਾਂ ਵਾਂਗੂ ਸਤਿਕਾਰ ਵਜੋਂ ਪਦਵੀਆਂ ਮਿਲਦੀਆਂ ਰਹੀਆਂ ਹਨ । ਪਾਰਖੂਆਂ ਤੇ ਸਿਆਣਿਆਂ ਸ਼ਰਧਾਲੂਆਂ ਵਲੋਂ ।

ਪਰ ਸਤਿਗੁਰੂ ਰਾਮ ਸਿੰਘ ਜੀ ਨੂੰ ਭਵਿਖਤ ਵਾਕਾਂ ਵਿਚ ਪਹਿਲੋਂ ਤੋਂ ਹੀ ਭਾਵੇਂ ਇਹ ਪਦ ਪ੍ਰਾਪਤ ਸੀ ਤੇ ਫੇਰ ਕੁਦਰਤੀ ਝਲਕਾਰੇ ਵੇਖਣ ਪਿਛੋਂ ਸ਼ਰਧਾਲੂਆਂ ਵਲੋਂ ਇਹ ਪਦਵੀਆਂ ਗੁਰੂ ਸਤਿਗੁਰੂ ਸਚਾ ਪਾਤਸ਼ਾਹ ਆਦ ਮਿਲਣੀਆਂ ਕੁਦਰਤੀ ਗਲ ਤੇ ਪਰੰਪਰਾ ਧੁਰੀ ਅਨੁਸਾਰ ਠੀਕ ਸੀ ਕਿ । ਇਸ ਲਈ ਜਸਵੰਤ ਸਿੰਘ ਜੀ

Sri Satguru Jagjit Singh Ji Elibrary NamdhariElibrary@gmail.com

ਦੇ ਕਹੇ ਅਨੁਸਾਰ ਗੁਰੂ ਸਾਬਤ ਹੋਇ ਸਤਿਗੁਰੂ ਰਾਮ ਸਿੰਘ ਜੀ, ਤੇ ਕਹਿਣਾ ਪਵੇਗਾ ਕਿ "ਸਚਹੁ ਓਰੈ ਸਭੁ ਕੋ" ਸਤ ਹੈ ਤੇ ਸਤਿ ਹੀ ਵਰਤਿਆ ਹੈ ਕਿਉਂਕਿ ਗੁਰ ਵਾਕ ਹੈ "ਨਾਨਕ ਸਚ ਦਾਤਾਰ ਸ਼ਨਾਖਤ ਕੁਦਰਤੀ" (ਭਾਵ) ਕੁਦਰਤ ਵਲੋਂ ਸ਼ਨਾਖਤ ਸਭ ਤੋਂ ਵਡੀ ਤੇ ਸਚੀ ਹੈ।

ਜਸਵੰਤ ਸਿੰਘ ਜੀ ਨੇ ਤੀਜੇ ਕਾਂਡ ਵਿਚ "ਬਾਬਾ ਬਾਲਕ ਸਿੰਘ ਜੀ ਨਾਲ ਮੇਲ ਮਿਰਲੇਖ ਤਲੇ 12 ਪੰਨੇ ਦੇ ਫੁਟ ਨੋਟ ਵਿਚ ਚਾਰ ਪ੍ਰਚਾਰ ਦੇ ਕੇਂਦਰ ਥਾਪੇ ਗੁਰ ਬਾਲਕ ਸਿੰਘ ਜੀ ਵਲੋਂ ਲਿਖ ਪ੍ਰਸਿਧਤਾ ਭੈਣੀ ਸਾਹਿਬ ਦੀ ਲਿਖੀ ਹੋਈ ਹੈ।

ਇਹ ਵੀ ਗੁਰੂ ਨਾਨਕ ਜੀ ਤੋਂ ਲੈ ਪਰੰਪਰਾ ਚਲੀ ਆ ਰਹੀ ਸੀ ਜੋ ਗੁਰੂ ਬਾਲਕ ਸਿੰਘ ਜੀ ਪੂਰੀ ਕੀਤੀ ਤੇ ਪ੍ਰਸਿਧਤਾ ਜਿਵੇਂ ਅਗੇ ਹੀ ਇਕ ਅਸਥਾਨ ਨੂੰ ਪ੍ਰਾਪਤ ਹੁੰਦੀ ਰਹੀ ਤਿਵੇਂ ਭੈਣੀ ਸਾਹਿਬ ਨੂੰ ਪ੍ਰਾਪਤ ਹੋਣੀ ਕੁਦਰਤੀ ਸੀ ਤੇ ਇਹ ਵਿਸਥਾਰ ਬਹੁਤ ਵਡਾ ਹੈ। ਓਂਡੇ ਬਾਈ ਸੁਧਰ ਸੈਨ ਤੋਂ ਲੈ ਭਾਈ ਨੰਦ ਲਾਲ ਜੀ ਤਕ। ਇਤਿਹਾਸ ਵਿਚ ਪਰਮ ਪਰਸਿਧ ਅਸਥਾਨ ਗੁਰੂਆਂ ਵਲੋਂ ਪ੍ਰਚਾਰ ਕੇਂਦਰ ਰਹੇ ਹਨ ਤੇ ਗੁਰੂ ਸਾਹਿਬ ਭਾਈ ਮੰਝ ਭਾਈ ਭਗਤੂ, ਭਾਈ ਰਾਮ ਕੰਵਰ ਆਦ ਨੂੰ ਗੁਰੂ ਸਾਹਿਬ ਆਪਣਾ ਸਰੂਪ ਹੀ ਕਹਿੰਦੇ ਰਹੇ ਹਨ ਤੇ ਕਹਿੰਦੇ ਰਹੇ ਹਨ ਜਿਹਨਾਂ ਸਾਡਾ ਦਰਸ਼ਨ ਕਰਨਾ ਹੋਵੇ ਉਹ ਇਹਨਾ ਦਾ ਕਰ ਲੈਣ।

ਨੰਦ ਲਾਲ ਜੀ ਬਾਬਤ ਗੁਰ ਪ੍ਰਤਾਪ ਸੂਰਜ ਵਿਚ ਲਿਖਿਆ ਹੈ। ਇਕ ਸਜਦ ਨੇ ਦਸਮ ਗੁਰੂ ਜੀ ਨੂੰ ਮਥਾ ਟੇਕਿਆ ਦਸਮ ਜੀ ਪੁਛਿਆ ਤੇਰਾ ਗੁਰੂ ਕੌਣ ਹੈ। "ਸੁਣ ਸਜਦ ਲਿਓ ਤਿਸ ਬੇਰਾ, ਨੰਦ ਲਾਲ ਹੈ ਇਹ ਗੁਰ ਮੇਰਾ।" ਇਹ ਸੁਣ ਪਾਸੋਂ ਆਲਮ ਸਿੰਘ ਜੀ ਨੇ ਕਿਹਾ। "ਤੀਨ ਲੋਕ ਕੋ ਗੁਰ ਵਿਦ ਮਾਨੋ। ਸਿਖਨ ਕੋ ਤੁਮ ਗੁਰੂ ਬਖਾਨੋਂ।" ਤਾਂ ਗੁਰੂ ਜੀ ਆਲਮ ਸਿੰਘ ਨੂੰ ਹਟਕਿਆ ਤੇ ਕਿਹਾ।" ਆਲਮ ਸਿੰਘ ਨ ਹਟਕ ਪਰਬੀਨਾ। ਨੰਦ ਲਾਲ ਜੋ ਗੁਰਪਦ ਦੀਨੋ ਗਿਆਨ ਭਗਤ ਕੋ ਰਸ ਇਨਜੋਵਾ। ਤਾਂਤੇ ਇਸ ਕੋ ਗੁਰਪਦ ਹੋਵਾਂ। ਸਤਿਗੁਰ ਨਦਰ ਮੇਹਰ ਜਦ ਧਾਰੇ। ਅਨਿਕ ਗੁਰੂ ਕਰ ਜਾ ਬਿਸਥਾਰੇ।"

ਗੁ: ਪ੍ਰ: ਸੂ: ਰੁਤ ਅਸੂ 38

Sri Satguru Jagjit Singh Ji Elibrary NamdhariElibrary@gmail.com

ਜੋ ਮਿਸਟਰ ਮੈਕ ਐਂਡਰੀਊ ਦੀ ਰਪੋਟ ਏ। ਉਸ ਵਿਚ ਤੇ ਗੁਰੂ ਬਾਲਕ ਸਿੰਘ ਜੀ ਨੂੰ ਗੁਰੂ ਤੇ ਉਸ ਦਾ ਚੇਲਾ ਸਤਿ ਗੁਰੂ ਰਾਮ ਸਿੰਘ ਜੀ ਨੂੰ ਲਿਖ। ਮਹੰਤ ਤੇ ਸਤਿ ਗੁਰੂ ਤੇ ਸਤਿ ਗੁਰੂ ਸਚਾ ਪਾਤਸ਼ਾਹ ਨਾਮ ਸਤਿਕਾਰ ਵਜੋਂ ਦਿਤੇ ਆਪ ਹੀ ਜਸਵੰਤ ਸਿੰਘ ਜੀ ਲਿਖਦੇ ਹਨ। ਜੋ ਮੁੜ ਮੁੜ ਸਾਡੇ ਪੱਖ ਨੂੰ ਆਪ ਹੀ ਪੂਰਦੇ ਹਨ।

ਪਤਾ ਨਹੀਂ ਇਸ ਵਿਚ ਗੁਰੂ ਪਦਵੀ ਵਾਲੀ ਕੇਹੜੀ ਵਿਥ ਹੈ। ਹਾਂ, ਇਹ ਅਸੀਂ ਭੀ ਮੰਨਦੇ ਹਾਂ ਪਹਿਲੋਂ ਉਹ (ਸਤਿ ਗੁਰੂ ਰਾਮ ਸਿੰਘ ਜੀ) ਲੋਕਾਂ ਦੀਆਂ ਨਜ਼ਰਾਂ ਵਿਚ ਭਾਈ ਰਾਮ ਸਿੰਘ ਤੇ ਮਹੰਤ ਰਾਮ ਸਿੰਘ ਰਹੇ ਸੀ। ਜਿਵੇਂ ਉਹ ਆਪ ਭੀ ਇਕ ਹੁਕਮ ਨਾਮੇ ਵਿਚ ਲਿਖਦੇ ਹਨ। "ਲਿਖਤੇ ਜੋ ਰੋਗਾ ਨੂੰ ਮਸਤਾਨਾ ਥੀ।" ਜਿਵੇਂ ਗੁਰੂ ਨਾਨਕ ਜੀ ਵੀ ਲਿਖਿਆ ਹੈ। "ਕੋਈ ਕਹੇ ਭੂਤਨਾਂ ਕੋਈ ਕਹੇ ਬੇਤਾਲਾ। ਕੋਈ ਕਹੇ ਆਦਮੀ ਨਾਨਕ ਵੇਚਾਰਾ।"

ਪਰ ਫੇਰ ਉਹ ਸਤਿ ਗੁਰੂ ਰਾਮ ਸਿੰਘ ਜੀ ਵਰੋਧੀਆਂ ਦੀਆਂ ਨਜ਼ਰਾਂ ਵਿਚ ਭੀ ਗੁਰੂ ਤੇ ਸਚਾ ਪਾਤਸ਼ਾਹ ਹੋ ਗਏ ਸੀ।

ਅਸੀਂ ਅੰਗਰੇਜ਼ਾਂ ਦੇ ਵਿਰੋਧ ਤੇ ਨ ਮਿਲ਼ ਵਰਤਨੀ ਹੋਣ ਕਰ ਵਿਦਿਆ ਵਲੋਂ ਪਛੜੇ ਰਹੇ ਹਾਂ ਪਰ ਹੁਣ ਆਪਣੇ ਸੁਦੇਸ਼ੀ ਰਾਜ ਆਉਣ ਦੇ ਨਾਲ ਹੀ ਕੂਕਾ ਪੰਥ ਤੇ ਉਸ ਦੇ ਸਾਜਨ ਹਾਰ ਸਤਿਗੁਰੂ ਜੀ ਦੀ ਪ੍ਰਸਿਧਤਾ ਹੁਣ ਸੂਰਜ ਵਤ ਪ੍ਰਗਟ ਹੋ ਰਹੀ ਹੈ ਤੇ ਅਗੇ ਦਿਨ ਪ੍ਰਗਟ ਹੋਵੇਗੀ। ਭਾਵੇਂ ਸੂਰਜ ਦਾ ਤੇਜ ਉਲੂਆਂ ਨੂੰ ਨਾ ਭਾਵੇ ਪਰ ਸੂਰਜ ਸੂਰਜ ਹੀ ਹੈ ਤੇ ਰਹੇਗਾ।

## ਗੁਰ ਦਾ ਲੰਗਰ

(ਗੁਰ ਦਾ ਲੰਗਰ) ਪ: ਛਾਪ ਪੰਨਾ 39 ਦੇ ਥਾਂ ਦੂ: ਛਾ: ਦੇ 38 ਪੰਨੇ ਤੇ ਜਸਵੰਤ ਸਿੰਘ ਜੀ ਨੇ (ਸਦਾ ਵਰਤ) ਲਿਖ ਇਹ ਜਤਾਇਆ ਹੈ ਕਿ ਗੁਰੂ ਦਾ ਲੰਗਰ ਲਿਖਿਆਂ ਮਤ ਉਹ ਮੇਰੇ ਵਲੋਂ ਗੁਰੂ ਲਿਖੇ ਸਾਬਤ ਹੋਣ।

ਪਰ ਸਚ ਸਚ ਹੀ ਹੁੰਦੇ। ਜਸਵੰਤ ਸਿੰਘ ਜੀ ਤੋਂ ਦੂਜੀ ਸੋਧੀ ਹੋਈ ਪੁਸਤਕ ਵਿਚ ਵੀ 33 ਪੰਨੇ ਤੇ ਲਿਖਿਆ ਗਿਆ ਹੈ। "ਜੋ ਵੀ ਛੋਟਾ ਚੜ੍ਹਦੀ ਉਹ ਗੁਰੂ

ਕੇ ਲੰਗਰ ਵਿਚ ਪਾ ਦਿਤੀ ਜਾਂਦੀ।'' ਤੇ ਇਸੇ ਨੌਵੇ ਕਾਂਡ ਵਿਚ 29 ਪੰਨੇ ਤੇ ਲਿਖਿਆ ਗਿਆ ਹੈ। ''ਇਉਂ ਡਾਵਾਂ ਡੋਲ ਹਾਲਤ ਵਿਚੋਂ ਗੁਰੂ ਦਾ ਲੰਗਰ ਮੁੜ ਆਪਣੇ ਪੈਰਾਂ ਤੇ ਖਲੋ ਗਿਆ।''

ਇਹ (ਗੁਰੂ ਦਾ ਲੰਗਰ) ਅਖਰ ਬਦਲ (ਸਦਾ ਵਰਤ) ਲਿਖ ਜਸਵੰਤ ਸਿੰਘ ਜੀ ਨੇ ਉਸ ਗੁਰੂ ਜੀ ਤੇ ਗੁਰੂ ਦੇ ਸਿਖਾਂ ਦੇ ਦੁਸ਼ਮਨ ਲਖੂ ਏਮਨਾਂ ਬਾਦੀ ਵਾਂਗੂ ਈਰਖਾ ਦੀ ਹਦ ਕਰ ਵਿਖਾਈ ਹੈ ਜਿਵੇਂ ਉਸ ਕਿਹਾ ਸੀ। ਗੁਰ ਭੀ ਨ ਕਵੋ ਕੋਈ ਕਿਉਂ ਕੇ ਗੁਰ ਤੇ ਗੁਰ ਦਾ ਉਚਾਰਨ ਮਿਲਦੇ। ''ਗੁਰ ਨਾਮ ਛੋੜ ਰੋੜੀ ਨਾਮ ਜੋ ਬਿਹਾਰ ਕਰੋ ਗੁਰ ਕਹੋ ਗੁਰੂ ਨਾਮ ਹੋਤ ਬਿਦਤਾਖੋ ਹੈ। ''ਪੰਥ ਪ੍ਰਕਾਸ਼ ਪੰਨਾਂ 570। ਗਿ: ਗਿ: ਸਿੰਘ ਪਰ ਜਿਵੇਂ ਉਸ ਦੇ ਜਤਨ ਕਰਦਿਆਂ। ''ਪੰਥ ਰਚਿਓ ਇਕ ਖਤ੍ਰੀ ਨੇ ਯਹਿ ਨਾਸ ਕਰੋ ਅਬ ਖਤ੍ਰੀ ਤੋ ਮੈਂ।'' ਨ ਗੁਰੂ ਜੀ ਦਾ ਨਾਮ ਮਿਟ ਸਕਿਆ ਉਹ ਆਪ ਹੀ ਮਿਟ ਗਿਆ ਤਿਵੇਂ ਜਸਵੰਤ ਸਿੰਘ ਜੀ ਦਾ ਭੀ ਜਤਨ ਐਵੇ ਹੀ ਹੈ।

ਜਸਵੰਤ ਸਿੰਘ ਜੀ ਨੇ ਇਸ ਗੁਰੂ ਕੇ ਲੰਗਰ ਦੀ ਉਗਰਾਹੀ ਪ੍ਰਚਲਤ ਕਰਨ ਵਾਲੇ ਸੇਵਕਾਂ ਦੇ ਨਾਮ ਚਾਰ ਤੇ ਲਿਖੇ ਹਨ। ਬਾਬਾ ਬਘੇਲ ਸਿੰਘ ਜੀ ਨਾਰਲੀ। ਬਾਬਾ ਕਾਨ ਸਿੰਘ ਜੀ ਬੁਰਜਾ ਬਾਬਾ ਸੁਬੇਗ ਸਿੰਘ ਜੀ ਮਰਾਝਾ ਤੇ ਬਾਬਾ ਨਥਾ ਸਿੰਘ ਜੀ ਗਾਦੜੀ। ਪਰ ਬਾਬਾ ਬੂਟਾ ਸਿਘ ਜੀ ਲਾਖਣੇ ਜਿਲੇ ਲਾਹੌਰ ਵਾਲੇ ਇਸ ਲਈ ਨਹੀ ਲਿਖ ਕਿ ਏਨਾਂ ਰਕਮ ਨਹੀਂ ਸੀ ਪਾਈ ਤੇ ਆਪਣਾ ਜੀਵਨ ਹੀ ਗੁਰੂ ਕੇ ਲੰਗਰ ਦੀ ਉਗਰਾਹੀ ਨਮਿਤ ਉਸ ਸਮੇਂ ਅਰਦਾਸ ਕਰਾ ਦਿਤਾ ਸੀ। ਸੋ ਨੇਮ ਉਹਨਾਂ ਜਿੰਦਗੀ ਤਕ ਨਿਭਾਇਆ ਤੇ ਵਗਦੇ ਵਹਿਣਾਂ ਵਿਚ ਭੀ ਸਿਧੇ ਤਰ ਲੰਗਰ ਦੀ ਉਸ ਉਗਰਾਹੀ ਵਿਚੋਂ ਖਰਚ ਨ ਕਰਦੇ ਸੀ। ਜਸਵੰਤ ਸਿੰਘ ਜੀ ਤਨ ਤੇ ਮਨ ਦੀ ਕੁਰਬਾਨੀ ਨੂੰ ਕੁਝ ਨਹੀਂ ਸਮਝਦੇ ਜਾਪਦਾ ਇਹਨਾਂ ਇਸ ਲਈ ਬਾਬੇ ਬੂਟਾ ਸਿੰਘ ਜੀ ਦਾ ਨਾਮ ਨਹੀਂ ਲਿਖਿਆ। ਇਹਨਾਂ ਦਾ ਚਿਤ ਜਾਪਦੇ ਉਵੇਂ ਦਾ ਹੈ ਜਿਵੇਂ ਦਸਮ ਜੀ ਲਿਖਿਆ ਹੈ। ''ਰੀਤ ਨ ਜਾਨਤ ਪ੍ਰੀਤ ਕੀ ਪੈਸਨ ਕੀ ਪ੍ਰਤੀਤ ਫਿਰ ਬਿਛੂ ਬਿਸੀਅਰ ਬੇਸਵਾ ਕਹੋ ਕਵਣ ਕੇ ਮੀਤ। ਇਨ ਬੇਸਵਾ ਕੇ ਲਾਜ ਕਹਿ ਨਹਿ ਜਾਨਤ ਰਸ ਰੀਤ। ਰਾਵ ਛੋਡ ਰੰਕੇ ਭਜਹਿ ਪੈਸਨ ਕੀ ਪ੍ਰਤੀਤ। ਦਸਮ ਗ੍ਰੰਥ ਤ੍ਰਿਆ ਚਰਿਤਰ।

Sri Satguru Jagjit Singh Ji Elibrary NamdhariElibrary@gmail.com

ਕਿਉਂਕਿ ਇਹ ਫਿਰ ਸਤਿਗੁਰੂ ਜੀ ਵਲੋਂ ਵੈਰ ਕੀਤੇ ਤੋਂ ਫਿਰ ਕਾਲਜੀਆਂ ਦੀ ਖੁਸ਼ੀ ਵਲ ਪੈਸੇ ਦੇ ਲੋਭ ਨੂੰ ਲਗੇ ਹੁ ਹੋਏ ਹਨ। ਤੇ ਪੈਸੇ ਦੇਣ ਵਾਲਿਆਂ ਨੂੰ ਹੀ ਜਾਣਦੇ ਹਨ।

## ਅਨੰਦ ਮਰਜਾਦਾ

ਪ: ਛ: 25 ਪੰਨਾ ਅਠਵੇਂ ਕਾਂਡ ਤੇ ਦੂ: ਛ: 24 ਪੰਨੇ ਤੇ ਛੇਵੇਂ ਕਾਂਡ ਤੋਂ ਚਲਦੀ ਹੈ।

ਅਸੀਂ ਦੂਜੀ ਪੁਸਤਕ ਜੋ ਜਸਵੰਤ ਸਿੰਘ ਜੀ ਨੇ ਸੋਧੀ ਹੋਈਏ ਉਸ ਨੂੰ ਹੀ ਸੋਧਦੇ ਹਾਂ। ਸ਼ਰਧਾ ਨਾਲ ਤੇ ਇਸ ਨੂੰ ਪੜ੍ਹਨ ਦਾ ਹੁਕਮ ਨਹੀਂ ਤੇ ਪੜਚੋਲ ਵਜੋਂ ਹਰ ਪੁਸਤਕ ਹਰ ਵਿਦਵਾਨ ਨੂੰ ਪੜ੍ਹਨੀ ਚਾਹੀਦੀਏ। ਪਰ ਜਸਵੰਤ ਸਿੰਘ ਜੀ ਦੀ ਬਣਾਈ ਮਰਜਾਦਾ ਜੋ ਹੈ ਉਸ ਨੂੰ ਨਕਲ ਤੇ ਨਕਲ ਨੂੰ ਅਸਲ ਦੇ ਬਾਰੇ ਵਿਚਾਰ ਕਰਦੇ ਹਾਂ। ਚੋਰੀ ਤੇ ਇਹ ਮਰਜ਼ਾਦਾ ਸਤਿ ਗੁਰ ਰਾਮ ਸਿੰਘ ਜੀ ਪਰ ਵਡਿਆਈ ਇਹ ਕਿਸੇ ਹੋਰ ਨੂੰ ਦੇਣੀ ਚਾਹੁੰਦੇ ਹਨ। ਸਤਿ ਗੁਰੂ ਰਾਮ ਸਿੰਘ ਜੀ ਦੇ ਬਦੇਸ ਬਾਦ 1929 ਵਿਚ ਇਹ ਸਭਾ ਬਣੀ ਜੋ ਅੰਗਰੇਜ਼ਾਂ ਵਿਚ ਹੋ ਕੇ ਇਸ ਲਈ ਬਣਾਈ ਕਿ ਗ੍ਰੰਥ ਗੁਰੂ ਦਾ ਮਤ ਪ੍ਰਚਾਰ ਕਰੋ ਤੇ ਨਾਮਧਾਰੀਆਂ ਦੇ ਉਲਟ ਸਭ ਸਿਖ ਮਾਤ੍ਰਾ ਨੂੰ ਸਬਕ ਦਿਉ। ਗੁਰਮਤ ਦੇ ਪਰਦੇ ਵਿਚ ਸਾਡੀ ਮਰਜੀ ਦਾ ਮਤ ਟੋਰੋ। ਜੋ ਸਿੰਘ ਸਭਾ ਨੇ ਉਵੇਂ ਹੀ ਕੀਤਾ।

ਏਥੇ ਆਮ ਵਿਸਥਾਰ ਵਿਚ ਨ ਜਾਂਦੇ ਹੋਏ ਸਿਰਫ ਆਨੰਦ ਮਰਜਾਦਾ ਤੇ ਹੀ ਨਿਰਨਾ ਕਰਦੇ ਹਾਂ ਜੋ ਜਸਵੰਤ ਸਿੰਘ ਜੀ ਨੇ 26 ਪੰਨੇ ਵਿਚ ਨਾਮਧਾਰੀ ਆਨੰਦ ਮਰਜਾਦਾ ਦੇ ਬਾਦ ਆਪਣੇ ਵਲੋਂ ਲਿਖਿਆ ਹੈ।

"ਨਾਮਧਾਰੀ ਪੰਥ ਵਿਚ ਪ੍ਰਚਲਤ ਉਪਰੋਕਤ ਆਨੰਦ ਮਰਜਾਦਾ ਪ੍ਰਚਲਤ ਗੁਰ-ਮਤ ਆਨੰਦ ਮਰਜਾਦਾ ਨਾਲੋਂ ਵਖਰੀ ਹੈ। ਗੁਰਮਤ ਮਰਿਆਦਾ ਅਨੁਸਾਰ ਵੇਦੀ ਹਵਨ ਆਦ ਰੀਤਾਂ ਜੋ ਪੁਰਾਤਨ ਹਿੰਦੂ ਸੰਸਕ੍ਰਿਤੀ ਦਾ ਪ੍ਰਭਾਵ ਹਨ ਨੂੰ ਵਰਤੋਂ ਵਿਚ ਨਹੀਂ ਲਿਆਂਦਾ ਜਾਂਦਾ। ਲਾਵਾਂ ਪੜ੍ਹਕੇ ਫੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਿਰਦੇ ਦਿਤੇ ਜਾਂਦੇ ਹਨ। ਸਾਰੀ ਰਸਮ ਸਧਾਰਨ ਜੇਹੇ ਢੰਗ ਨਾਲ ਕੀਤੀ ਜਾਂਦੀ ਹੈ।"

ਆਪ ਹੀ ਇਸੇ 26 ਪੰਨੇ ਤੇ ਲਿਖਦੇ ਹਨ। ਇਸ ਆਨੰਦ ਮਰਜਾਦਾ ਦਾ

Sri Satguru Jagjit Singh Ji Elibrary NamdhariElibrary@gmail.com

ਮੁਢ ਸਤਿ ਗੁਰੂ ਰਾਮ ਸਿੰਘ ਜੀ "4 ਜੂਨ 1863 ਈ: ਨੂੰ ਪਿੰਡ ਖੋਟੇ ਜ਼ਿਲਾ ਫੀਰੋਜ਼ਪੁਰ ਵਿਚ ਬੱਧਾ" ਜਿਸ ਦਾ ਭਾਵ ਹੈ ਇਸ ਤੋਂ ਪਹਿਲੇ ਆਨੰਦ ਮਰਜਾਦਾ ਕੋਈ ਨ ਸੀ, ਤੇ ਇਸ ਤੋਂ ਰੀਸ ਲੈ ਉਲਟ ਟੋਰੇ ਢੰਗ ਨੂੰ ਆਮ ਪ੍ਰਚਲਤ ਗੁਰਮਤ ਆਨੰਦ ਕਹਿਣਾ ਕਿਡੀ ਭੁਲ ਹੈ।

ਕਿਉਂ ਕੇ ਇਨ੍ਹਾਂ ਵਾਲਾ ਆਨੰਦ ਮੈਰਿਜ ਐਕਟ ਮਹਾਰਾਜਾ ਰਿਪਦਮਨ ਸਿੰਘ ਜੀ ਨਾਭਾ ਨੇ ਵਾਇਸਰਾਏ ਦੀ ਕੌਂਸਲ ਵਿਚ 30-10-1908 ਈ: ਨੂੰ ਪੇਸ਼ ਕੀਤਾ ਜਿਸ ਸੰਬੰਧੀ ਬਹਿਸ ਵਿਚ ਸਬੂਤ ਪੇਸ਼ ਕਰਨ ਵਾਸਤੇ ਮਹਾ ਰਾਜਾ ਪਟਿਆਲਾ ਨੇ ਸੰਤ ਜਵਾਲਾ ਸਿੰਘ ਜੀ ਨੂੰ ਤੇ ਮਹਾਰਾਜਾ ਨਾਭਾ ਜੀ ਨੇ ਆਪਣੇ ਚੀਫ਼ ਜਸਟਿਸ ਸ: ਬਚਨ ਸਿੰਘ ਨੂੰ ਭੈਣੀ ਸਾਹਿਬ ਭੇਜਿਆ। ਸਤਿ ਗੁਰੂ ਪਰਤਾਪ ਸਿੰਘ ਜੀ ਨੇ ਮਾ: ਨਾਭਾ ਜੀ ਨੂੰ ਤਾਰ ਹੀ ਭੇਜੀ ਤੇ ਸੰਤ ਜਵਾਲਾ ਸਿੰਘ ਜੀ ਨੂੰ ਲਿਖ ਦਿਤਾ ਕਿ 1863 ਈ: ਜੂਨ ਤੋਂ ਅਸੀਂ ਗੁਰਮਤ ਅਨੁਸਾਰ ਅਨੰਦ ਕਰਦੇ ਹਾਂ।

ਜਸਵੰਤ ਸਿੰਘ ਸੀਤਲ ਹੋਰੀ ਆਪਣੀ ਪੁਸਤਕ (ਨਾਮਧਾਰੀ ਸਤਿਗੁਰੂ) ਰਾਮ ਸਿੰਘ ਜੀ ਦੇ 17 ਪੰਨੇ ਤਲੇ ਲਿਖਦੇ ਹਨ। "ਗੁਰਮਤ ਅਨੁਸਾਰ ਜੋ ਅਜ ਕਲ ਸ਼ਾਦੀਆਂ ਹੁੰਦੀਆਂ ਹਨ। ਇਸ ਸਬੰਧੀ ਨਾਮਧਾਰੀ ਆਗੂਆਂ ਦੀਆਂ ਗਵਾਹੀਆਂ ਦੇ ਅਧਾਰ ਤੇ 22-10-1909 ਈ: ਨੂੰ ਸਰਕਾਰੀ ਤੌਰ ਤੇ ਆਨੰਦ-ਵਿਆਹ ਐਕਟ ਵਾਇਸਰਾਏ ਦੀ ਕੌਂਸਲ ਨੇ ਪਾਸ ਕੀਤਾ।

ਪਾਠਕ ਸੋਚ ਸਕਦੇ ਹਨ। ਮੁਢ ਤਾਂ ਸਤਿ ਗੁਰੂ ਰਾਮ ਸਿੰਘ ਜੀ ਬਧਾ ਜੂਨ 1863 ਵਿਚ। ਜਿਨ੍ਹਾਂ ਨੂੰ ਜਸਵੰਤ ਸਿੰਘ ਜੀ ਆਪ ਹੀ ਗੁਰਮਤ ਗੁਧੀ ਸ਼ਖਸੀਅਤ ਲਿਖਦੇ ਹਨ। ਤੇ ਅਨੰਦ ਐਕਟ ਇਨ੍ਹਾਂ ਸਿੰਘ ਸਭੀਆਂ ਦਾ ਪਾਸ ਹੋਇਆ ਸਰਕਾਰੀ ਤੌਰ 22–10–1909 ਨੂੰ ਅਰਥਾਤ ਉਸ ਤੋਂ 46 ਸਾਲ 8 ਮਹੀਨੇ ਬਾਦ ਤੇ ਉਹ ਭੀ ਨਾਮਧਾਰੀ ਪੰਥ ਦੇ ਸਤਿ ਗੁਰੂ ਜੀ ਦੀ ਗਵਾਹੀ ਨਾਲ। ਤੇ ਜਸਵੰਤ ਸਿੰਘ ਜੀ ਲਿਖਦੇ ਹਨ ਨਾਮਧਾਰੀ ਮਰਜ਼ਾਦਾ "ਆਮ ਪ੍ਰਚਲਤ ਗੁਰ ਮਤ ਅਨੰਦ ਮਰਜਾਦਾ ਤੋਂ ਵਖਰੀ ਹੈ।

ਵਖਰੀ ਉਹ ਹੋਈ ਜੋ ਸਰਕਾਰੋਂ ਮਨਜ਼ੂਰ ਹੋ ਟੁਰੀ ਕਿ ਉਹ ਜੋ ਗੁਰਮਤ ਗੁਧੀ ਸ਼ਖਸੀਅਤ ਨੇ ਟੋਰੀ ਅਸਲੀਅਤ ਇਹ ਹੈ ਏਨਾਂ ਲੋਕਾਂ ਦਾ ਵਤੀਰਾ ਹੀ ਇਹ ਹੈ। "ਅਵਰਨ ਹਸਤ ਆਪ ਹੈ ਕਾਂਨੇ ਤੇ ਆਪ ਨੇ ਦੇਹਿ ਦੁਰੂ ਭਰ ਪਾਨੀ। ਤਿਹ

Sri Satguru Jagjit Singh Ji Elibrary NamdhariElibrary@gmail.com

ਨਿੰਦਹਿ ਜਿਹ ਚੰਗਾ ਆਨੀ ।"

ਜਸਵੰਤ ਸਿੰਘ ਜੀ ਗੁਰਮਤ ਗੁਰ ਮਰਜਾਦਾ ਤਾਂ ਉਹ ਹੈ ਜੋ ਨਾਮਧਾਰੀਆਂ ਨੂੰ ਸਤਿ ਗੁਰੂ ਜੀ ਨੇ ਆਪ ਦੇ ਕੇ ਆਨੰਦ ਵਿਧੀ ਸਥਾਪਤ ਕੀਤੀ । ਤੁਹਾਡੀ ਮਰਜਾਦਾ ਤਾਂ ਸਰਕਾਰ ਤੋਰੀ ਹੈ । ਜਾਂ ਤੁਹਾਡੇ ਜੇਹਾ ਹੋਰ ਸਿਖਾਂ । ਕਿਹਾ ਚੰਗਾ ਹੁੰਦਾ ਜੇ ਤੁਸੀਂ ਗੁਰਮਤ ਅਨੰਦ ਮਰਜਾਦਾ ਦੀ ਥਾਂ ਸਰਕਾਰੀ ਅਨੰਦ ਮਰਜਾਦਾ ਜਾਂ ਸਿੰਘ ਸਭਾਈ ਅਨੰਦ ਮਰਜਾਦਾ ਲਿਖਦੇ ।

ਪਾਠਕਾਂ ਨੂੰ ਯਾਦ ਰਹੇ ਕਿ ਇਹ ਲੋਕ ਸਤਿਗੁਰੂ ਰਾਮ ਸਿੰਘ ਜੀ ਤੋਂ ਤੋਰੀ ਤੇ ਨਾਮ ਧਾਰੀ ਪੰਥ ਦੀ ਪ੍ਰਚਲਤ ਮਰਯਾਦਾ ਦੀ ਰੀਸ ਤੇ ਕਰਦੇ ਹਨ । ਪਰ ਅੰਗਰੇਜ਼ਾਂ ਦੀ ਦਿਤੀ ਮਤ ਤੇ ਲੋਕਾਂ ਤੋਂ ਡਰਦੇ । ਕਿ ਕੀ ਕਹਿਣਗੇ ਕੂਕਿਆਂ ਦੀ ਰੀਸ ਕੀਤੀ ਜੇ । ਇਸ ਲਈ ਕੁਝ ਫਰਕ ਪਾ ਦਪਲਾ ਲਾਂਦੇ ਹਨ ਕਿ ਜਿਵੇਂ ਜਾਪੇ ਇਹ ਇਹਨਾਂ ਦੀ ਨਿਜੀ ਮਰਜਾਦਾ ਹੈ ਜਾਂ ਪੁਰਾਤਨ ਜਾਂ ਗੁਰਮਤ ਏ । ਤੇ ਨਾਮਧਾਰੀਆਂ ਨਾਲੋਂ ਵਖਰੀ ਏ ।

ਜਿਵੇਂ ਮੁਸਲਮਾਨੇ ਮਤ ਨੇ ਹਿੰਦੂ ਮਤ ਨਾਲੋਂ ਹਥ ਪੈਰ ਧੋਣੇ ਚੁਲੀ ਕਰਨੀ ਰੋਟੀ ਖਾਣੀ ਵਖ ਤੋਰੀ ਤਿਵੇਂ ਸਿੰਘ ਸਭਾ ਨੇ ਅਨੰਦ ਮਰਜਾਦਾ ਵਿਚ ਅਦਲਾ ਬਦਲੀ ਕੀਤੀ । ਗ੍ਰੰਥ ਸਾਹਿਬ ਦੇ ਹਜ਼ੂਰ ਦੇ ਥਾਂ ਗਿਰਦੇ ਫੇਰੇ ਲੈਣੇ ਤੋਰੇ । ਤੇ "ਜੋ ਕੁਝ ਕਰੀ ਸੋ ਤੇਰੇ ਹਜ਼ੂਰ" ਨੂੰ ਭੁਲਾ ਦਿਤਾ ।

ਗ੍ਰੰਥ ਸਾਹਿਬ ਦੇ ਗਿਰਦੇ ਫੇਰੇ ਲੈਣੇ ਤੋਰਨ ਸਮੇਂ ਕਈ ਥਾਂਈਂ ਭਾਈ ਨੂੰ ਵਿਚੇ ਬੈਠਿਆ ਰਖਿਆ ਕਰ ਕਈ ਥਾਈਂ ਲੜਕਿਆਂ ਕਹਿ ਦਿਤਾ ਸੀ ਕਿ ਜਿਵੇਂ ਗ੍ਰੰਥ ਸਾਹਿਬ ਦੀ ਪ੍ਰਕਰਮਾ ਹੋ ਰਹੀ ਹੈ ਤਿਵੇਂ ਹੀ ਭਾਈ ਜੀ ਦੀ ਪ੍ਰਕਰਮਾ ਹੋ ਰਹੀ ਹੈ ਇਸ ਲਈ ਇਹ ਸਿਖਣੀ ਮੇਰੇ ਪੂਜਣ ਜੋਗ ਹੋ ਗਈ ਹੈ । ਫੇਰ ਭਾਈ ਨੂੰ ਵਿਚੋਂ ਉਠਾ ਫੇਰੇ ਕਰਨੇ ਅਰੰਭੇ ਹੁਣ ਭੀ ਕਈ ਤਰ੍ਹਾਂ ਦਾ ਰਿਵਾਜ ਹੈ ਸਿੰਘ ਸਭਾ ਵਿਚ ।

ਨਾਮਧਾਰੀ ਪੰਥ ਦੀ ਅਨੰਦ ਮਰਜਾਦਾ ਗੁਰ ਮਰਜਾਦਾ ਅਨੁਸਾਰ ਇਸ ਲਈ ਹੈ ਕਿ ਇਹ ਸਤਿ ਗੁਰੂ ਦੀ ਤੋਰੀ ਮਰਜਾਦਾ ਹੈ ਤੇ ਵਕਤ ਦੇ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਹਰ ਥਾਂ ਇਕ ਜੈਸੀ ਹੁੰਦੀ ਹੈ । ਪਰ ਜਸਵੰਤ ਸਿੰਘ ਜੀ

ਦੀ ਗੁਰਮਤ ਅਨੰਦ ਮਰਜਾਦਾ ਹਰ ਪਿੰਡ ਤੇ ਹਰ ਫਟੈਰੀ ਦੀ ਆਪਣੀ ਆਪਣੀ ਹੁਣ ਭੀ ਵੇਖੀ ਜਾ ਸਕਦੀ ਹੈ। ਇਸ ਲਈ ਸਾਡਾ ਸਵਾਲ ਜਸਵੰਤ ਸਿੰਘ ਜੀ ਦੀ ਲਿਖਤ ਤੋਂ ਹੀ ਸੱਚਾ ਸਿਧ ਹੋ ਜਾਂਦਾ ਹੈ ਕਿ ਗੁਰ ਮਰਜਾਦਾ ਜਿਨ੍ਹਾਂ ਟੋਰੀ ਉਹ ਅਸਲ ਹੋਈ ਕਿ ਅੰਗਰੇਜ਼ਾਂ ਕਰੋ ਬਣੀ ਸਭਾ ਦੀ ਟੋਰੀ ਤੇ ਸਰਕਾਰੀ ਤੌਰ ਮਨਜ਼ੂਰ ਕਰਾ ਟੋਰੀ ਅਸਲ ਹੋਈ। ਉੱਤਰ ਆਵੇਗਾ ਕੂੜ ਨ ਪਹੁੰਚੇ ਸਚ ਨੂੰ ਸਉ ਘਾੜਤ ਘੜੀਐ ਤੇ ਸਚਹੁ ਓਰੈ ਸਭੁਕੋ ਉਪਰਿ ਸਚੁ ਆਚਾਰਿ।

ਇਹ ਸਿੰਘ ਸਭਾ ਤੇ ਅੰਗਰੇਜ਼ਾਂ ਤੋਂ ਮਤ ਐ ਤੁਰੀ ਇਸੇ ਅਰਥ ਹੈ ਕਿ ਜੋ ਨਾਮਧਾਰੀ ਪੰਥ ਕਰੇ ਤੁਸਾਂ ਜ਼ਰੂਰ ਉਸਦੇ ਉਲਟ ਕਰਨਾ ਤੇ ਲੋਕਾਂ ਨੂੰ ਭੀ ਉਲਟਾ ਹੀ ਪੜਾਉ ਤੇ ਸਿਖਾਉ।

(ਜਿਵੇਂ ਕਿ ਜੋ ਨਾਮਧਾਰੀ ਅਨੰਦ ਕਾਰਜ ਸਮੇਂ ਗ੍ਰੰਥ ਸਾਹਿਬ ਦੇ ਹਜ਼ੂਰ ਫੇਰੇ ਕਰਦੇ ਹਨ ਤਾਂ ਇਨਾਂ ਗ੍ਰੰਥ ਸਾਹਿਬ ਦੇ ਦੁਆਲੇ ਫੇਰੇ ਟੋਰੇ। ਤੇ ਸਜੇ ਦੇ ਥਾਂ ਖੱਬਿਉਂ ਪਰਕਰਮਾਂ ਸ਼ੁਰੂ ਕੀਤੀ। ਜੋ ਨਾਮਧਾਰੀ ਪਿਛਲੀ ਰਾਤ ਉਠ ਸਕੇਸ਼ ਇਸ਼ਨਾਨ ਕਰਦੇ ਹਨ। ਤੇ ਇਹ ਜ਼ਰੂਰ ਸੂਰਜ ਚੜੇ ਤੋਂ ਬਾਦ ਤੇ ਕੇਸੀ ਕਦੇ ਜਲ ਨਹੀਂ ਪਾਣ ਦਾ ਨੇਮ ਕਰਦੇ ਹਨ ਭਾਵੇਂ ਕਿਤਨੀ ਭੀ ਗਰਮੀ ਹੋਵੇ ਤੇ ਭਾਵੇਂ ਰਹਿਤ ਨਾਮੇ ਵਿਚ ਭੀ ਲਿਖਿਆ ਹੈ।

"ਇਹ ਹਮਾਰੀ ਰੀਤ ਹੈ ਇਹ ਹਮਾਰਾ ਉਪਦੇਸ਼।
ਸਤ ਉਪਕਾਰ ਨ ਛੋਡੀਹੁ ਨਿਤ ਇਸ਼ਨਾਨ ਸਕੇਸ਼।"

ਤੇ ਗੁਰਵਾਕ ਹੈ। ਮੋਇਆਂ ਜੀਵਦਿਆਂ ਗਤਿ ਹੋਵੈ ਜਾਂ ਸਿਰ ਪਾਈਐ ਪਾਣੀ

## ਮਨ ਮਤੀਆ ਕੌਣ ਹੈ ਤੇ ਗੁਰਮਤੀਆ ਕਿਹੜਾ ?

ਜੋ ਨਾਮਧਾਰੀ ਗੁਰਮੁਖੀ ਦਸਤਾਰੇ ਸਜੇਣ ਤੇ ਸਫੇਦ ਬਾਣਾ ਰਖਣ ਦੇ

---

+ਗੁਰਮੁਖੀ ਦਸਤਾਰੇ ਲਈ ਮਹਾਨ ਕੋਸ਼ ਦੀ ਭੂਮਕਾ ਵਿਚ ਸ਼ਮਸ਼ੇਰ ਸਿੰਘ ਜੀ ਅਸ਼ੋਕ ਵਲੋਂ ਭਾਈ ਕਾਨ ਸਿੰਘ ਜੀ ਦੀ ਫੋਟੋ ਤੇ ਲਿਖਤ ਵੇਖੋ। ਭਾਸ਼ਾ ਵਿਭਾਗ ਪੰਜਾਬ ਪਟਿਆਲਾ ਵਲੋਂ। ਦੂਜੀ ਵਾਰ ਅਣਸੀ ਸੰਸਕਰਨ। ਭੂਮਕਾ (ਙ, ਪੰਨਾ)

Sri Satguru Jagjit Singh Ji Elibrary NamdhariElibrary@gmail.com

ਪਕੇ ਹਨ ਤਾਂ ਇਹਨਾਂ ਜ਼ਰੂਰ ਟੇਡੀ ਪਗ ਤੇ ਰੰਗ ਬਰੰਗੇ ਬਸਤ੍ਰ ਪਾਣੇ ਹਨ। ਭਾਵੇਂ ਕੀ ਉਮਰ ਹੋਵੇ। ਜੇ ਨਾਮਧਾਰੀ ਪੰਥ ਯਾਰਵੀਂ ਬਾਰਵੀਂ ਪਾਤ ਸ਼ਾਹੀ ਕਹਿਣ ਤਾਂ ਇਹਨਾਂ ਗ੍ਰੰਥ ਨੂੰ ਗੁਰੂ ਮੰਨਦਿਆਂ ਪੰਥ ਨੂੰ ਤਾਬਿਆ ਗੁਰੂ ਮੰਨਦਿਆਂ ਭੀ ਯਾਰਵੇਂ ਬਾਰਵੇਂ ਗੁਰੂ ਜਾਂ ਪਾਤਸ਼ਾਹੀ ਗੁਰੂ ਨਹੀਂ ਕਹਿਣਾ। ਜੇ ਨਾਮਧਾਰੀ "ਜੋ ਦੀਸਹਿ ਗੁਰ ਸਿਖੜਾ ਤਿਸ ਨਿਵਨਿਵ ਲਾਗਾ ਪਾਇ ਜੀਉ" ਗੁਰਵਾਕ ਦੇ ਧਾਰਨੀ ਹਨ ਤਾਂ ਇਹ ਜ਼ਰੂਰ ਗੁਰ ਸਿਖ ਮਿਲੇ ਨੂੰ ਆਕੜ ਕੇ ਸਗੋਂ ਉਤਾਂਹ ਨੂੰ ਹਥ ਕਰ ਮਿਲਨਾ ਪਸੰਦ ਕਰਦੇ ਹਨ। ਜੇ ਨਾਮਧਾਰੀ ਮਾਸ ਨ ਖਾਣ ਤਾਂ ਏਹਨਾਂ ਜ਼ਰੂਰ "ਗਲ ਵਢ ਹਤਿਆ ਕਮਾਹਿ" ਗੁਰਵਾਕ ਦੀ ਵਰਤੋਂ ਕਰ ਮਾਸ ਖਾਣਾ ਹੈ। ਅਰਥਾਤ "ਕਾ ਕਉ ਕਹੈ ਕਸਾਈ" ਵਰਤੋਂ ਕਰਨੀ ਹੈ।

## ਸ਼ਰਧਾਵਾਨ ਸਿੱਖ ਤੇ ਗੁਰੂ

ਲਿਖਦਿਆਂ ਅਠਵੇਂ ਕਾਂਡ ਦੇ ਤਲੇ ਹੀ 33 ਪੰਨੇ ਤੇ ਯਾਰਵੀਂ ਪਾਲ ਦੇ ਅਰੰਭ ਤੇ ਜੋ ਜਸਵੰਤ ਸਿੰਘ ਜੀ ਨੇ ਲਿਖਿਆ ਹੈ। "ਅੰਤਲੇ ਦਿਨਾਂ ਵਿਚ ਬਾਬਾ ਰਾਮ ਸਿੰਘ ਦੇ ਹਿਰਦੇ ਵਿਚ ਭੈਣੀ ਸਾਹਿਬ ਦਾ ਨਾਮ ਬਦਲ ਕੇ ਰਾਮਦਾਸ ਪੁਰਾ ਰਖਣ ਦੀ ਇਛਾ ਪਰਗਟ ਹੋਈ।"

ਇਸ ਅੰਤਲੇ ਦਿਨ ਲਿਖਣ ਦਾ ਉਤਰ ਅਸੀਂ ਆਪਣੇ ਵਲੋਂ ਭੀ ਲਿਖਾਂਗੇ ਪਰ ਜਦ ਜਸਵੰਤ ਸਿੰਘ ਜੀ ਆਪ ਲਿਖਦੇ ਨੇ। ਮੈਂ 22 ਮਾਘ 1986 ਦਾ ਬਸੰਤ ਨੰਬਰ ਤੇ ਅਣ ਛਪੀ ਪੁਸਤਕ ਸਤਿਗੁਰੂ ਬਿਲਾਸ ਤੇ ਜੁਗ ਪਲਟਾਊ ਸਤਿਗੁਰੂ ਪੜਿਆ ਹੈ। ਤੇ ਸਤਿ ਗੁਰੂ ਪਰਤਾਪ ਸਿੰਘ ਜੀ ਤੋਂ ਭੀ ਵਾਕਫੀ ਲਈ ਹੈ ਤਾਂ ਪਾਠਕਾਂ ਨੂੰ ਬਦੋ ਬਦੀ ਵਾਪਲਾ ਲਾਣ ਤੇ ਮਾਇਆ ਦੇਣ ਵਾਲੇ ਦਾਤਿਆਂ ਨੂੰ ਖੁਸ਼ ਕਰਨ ਲਈ ਕੂੜ ਨੂੰ ਸਚ ਬੋਲਦੇ ਹਨ।

ਜਸਵੰਤ ਸਿੰਘ ਜੀ ਨੇ 1986 ਵਾਲੇ ਬਸੰਤ ਨੰਬਰ ਵਿਚ ਪੜ੍ਹਿਆ ਹੀ ਹੋਵੇਗਾ। "ਕਿ ਨਾਮ ਧਾਰੀ ਲਹਿਰ ਦਾ ਲੇਖ ਲਿਖਦਿਆਂ ਫੁਲਵਾੜੀ ਦੇ ਇਤਿਹਾਸ ਨੰਬਰ ਵਿਚ ਗੁਰਪਾਲ ਸਿੰਘ ਲੰਡਨ ਤੋਂ ਲਿਖਦਾ ਹੈ ਕਿ ਉਹ (ਸਤਿ ਗੁਰੂ ਰਾਮ ਸਿੰਘ ਜੀ) ਸੰਨ1883 ਮਹੀਨੇ ਨਵੰਬਰ ਵਿਚ ਪਤ੍ਰੇ ਤੇ ਗੌਰਮਿੰਟ ਆਪਣੇ ਇਲਾਨ ਵਿਚ ਜੋ ਗਜ਼ਟੀਅਰ ਲੁਧਿਆਣਾਂ ਵਿਚ ਪ੍ਰਕਾਸ਼ਤ ਹੋਇਆ

Sri Satguru Jagjit Singh Ji Elibrary NamdhariElibrary@gmail.com

ਸੀ 1885 ਵਿਚ ਉਹਨਾਂ ਦਾ ਪ੍ਰਲੋਕ ਗਵਨ ਦਸਿਆ ਸੀ। ਤੇ ਇਸ ਤੋਂ ਬਾਦ ਗੁਰੂ ਹਰੀ ਸਿੰਘ ਜੀ ਤੇ ਹੋਰ ਜ਼ਿੰਦਾ ਸ਼ਹੀਦ ਬਾਬੇ ਜਵੰਦ ਸਿੰਘ ਜੀ ਖਿਆਲੋ ਜਿਹਾ ਸੈਂਕੜੇ ਅਰਜ਼ੀਆ ਦਿਤੀਆਂ ਕਿ ਜਿਥੇ ਉਹ ਸਮਾਏ ਹਨ ਸਾਨੂੰ ਉਹ ਜਗਾ ਦਖਾਈ ਜਾਵੇ ਪਰ ਸਰਕਾਰ ਨੂੰ ਕੁਝ ਉਤਰ ਨ ਆਇਆ। ਤੇ ਨ ਨਿਸ਼ਾਨੀ ਕੋਈ ਦਿਤੀ।

"ਸ੍ਰ: ਆਲਮ ਸਿੰਘ ਜੀ ਐਸ. ਡੀ. ਓ. ਮਿੰਟਗੁੰਮਰੀ ਨੇ ਗੌਰਮਿੰਟ ਨੂੰ ਚੈਲੰਜ ਕੀਤਾ ਜੇ ਇਸਦੇ ਪਲੇ ਕੁਝ ਸਚ ਹੈ ਤਾਂ ਸਾਡੇ ਨਾਲ ਗਲ ਕਰੋ, ਅਸਾਂ 1890 ਈ: ਵਿਚ ਮੌਲਮੀਨ ਸਤਿ ਗੁਰੂ ਜੀ ਦੇ ਦਰਸ਼ਨ ਕੀਤੇ ਹਨ, ਸਰਕਾਰ ਕਿਵੇਂ 1885 ਸਬੂਤ ਕਰਦੀ ਹੈ ? ਸਿਧਾ ਕਿਉਂ ਨਹੀਂ ਕਹਿੰਦੀ ਮੰਨਦੀ ਉਹ ਅਲੋਪ ਹੋ ਗਏ ਹਨ। ਪਰ ਸਰਕਾਰ ਇਸ ਦਾ ਕੋਈ ਉਤਰ ਨ ਦਿਤਾ।"

87-88 ਪੰਨਾਂ। ਬਸੰਤ ਨੰਬਰ 1986

ਤੇ ਅਣ ਛਪੀ ਪੁਸਤਕ ਸਤਿ ਗੁਰੂ ਬਿਲਾਸ ਤੇ ਭੀ ਜਸਵੰਤ ਸਿੰਘ ਜੀ ਨੇ ਪੜ੍ਹਿਆ ਹੋਵੇਗਾ, ਕਿ ਜੋ ਕੁੜਤਾ ਫੋਟਾ ਜਿਹਾ ਗੁਰੂ ਹਰੀ ਸਿੰਘ ਜੀ ਨੂੰ ਸਰਕਾਰ ਅੰਗਰੇਜ਼ੀ ਦਿਤਾ ਸੀ ਤੇ ਕਿਹਾ ਸੀ ਉਹਨਾਂ (ਸਤਿ ਗੁਰੂ ਰਾਮ ਸਿੰਘ ਜੀ) ਦਾ ਏ ਤਾਂ ਗੁਰੂ ਹਰੀ ਸਿੰਘ ਜੀ ਕਿਹਾ ਸੀ, "ਬਿਲੋ ਝੂਠੇ ਇਹ ਤੇ ਮੈਨੂੰ ਭੀ ਛੋਟਾ ਏ, ਉਹਨਾਂ ਦੀਆਂ ਬੁਜਾਂ ਤੇ ਮੇਰੇ ਨਾਲੋਂ ਕਿਤੇ ਲੰਬੀਆਂ ਹਨ।

ਬਾਬੇ ਜਵੰਦ ਸਿੰਘ ਜੀ ਜਿੰਦਾ ਸ਼ਹੀਦ ਜੀ ਤੇ ਸੁਰੇਤ ਸਿੰਘ ਜੀ ਬੈਂਕੋਚੀਮੇਂ ਜਿਲਾ ਗੁਜਰਾਂ ਵਾਲੇ ਨੇ ਕਈ ਅਰਜ਼ੀਆਂ ਦੇਣ ਬਾਦ ਇਸੇ ਪਤੇ ਬਾਰੇ ਕਿ ਸਾਨੂੰ ਸਤਿ ਗੁਰੂ ਰਾਮ ਸਿੰਘ ਜੀ ਦਾ ਪਤਾ ਦਿਉ ਸ਼ਿਮਲੇ ਜਾ ਵਾਇਸਰਾਏ ਦੀ ਬਘੀ ਰੋਕੀ ਸੀ। ਤ ਕਿਹਾ ਸੀ ਜੇ ਸੱਚੇ ਹੋ ਤਾਂ ਪਤਾ ਦਿਉ। ਤਾਂ ਉਸ ਕਿਹਾ ਸੀ ਬਾਬਾ ਜੀ ਸਾਨੂੰ ਉਹਨਾਂ ਦਾ (ਸਤਿ ਗੁਰੂ ਰਾਮ ਸਿੰਘ ਜੀ) ਦਾ ਕੋਈ ਪਤਾ ਨਹੀਂ।

ਸਤਿ ਗੁਰੂ ਪਰਤਾਪ ਸਿੰਘ ਜੀ ਪਾਸੋਂ ਵਾਕਫੀ ਲੈਣ ਬਾਰੇ ਜੋ ਜਸਵੰਤ ਸਿੰਘ ਜੀ ਨੇ ਲਿਖਿਆ ਹੈ। ਉਹਨਾਂ ਸਤਿ ਗੁਰੂ ਪਰਤਾਪ ਸਿੰਘ ਜੀ ਭੀ ਆਪ ਨੂੰ ਦਸਿਆ ਹੋਵੇਗਾ। 1885 ਈ: ਤੋਂ ਬਹੁਤ ਪਿਛਬਾਦ ਪਤੇ ਆਏ ਹਨ। ਜਿਹਾ ਕਿ 1914 ਜਰਮਨੀ ਜੰਗ ਦੇ ਬਾਦ ਇਕ ਸਿਖ ਫੌਜੀ ਸ੍ਰ: ਆਤਮਾਂ ਸਿੰਘ ਜੀ ਕੋਲ

Sri Satguru Jagjit Singh Ji Elibrary NamdhariElibrary@gmail.com

ਰਾਵਲ ਪਿੰਡੀ ਆ ਦਸਿਆ ਸੀ ਮੈਂ ਓਧਰ ਬ੍ਰਹਮਾ ਜਪਾਨ ਵਲ ਹੁਣ ਸਤਿ ਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰ ਆਇਆ ਹਾਂ। ਤੇ ਕੁਝ ਸਜਨ ਅਜੇ ਭੀ ਜਿਉਂਦੇ ਹਨ ਜਿਨ੍ਹਾਂ ਦਸਿਆ ਸੀ ਅਸਾਂ ਸਤਿ ਗੁਰੂ ਜੀ ਦੇ ਦਰਸ਼ਨ ਉਧਰ ਕੀਤੇ ਸਨ।

ਸਤਿ ਗੁਰੂ ਪਰਤਾਪ ਸਿੰਘ ਜੀ ਪਾਸੋਂ ਵਾਕਫੀ ਲੈਣ ਸਮੇਂ ਇਹ ਵੀ ਸੁਣਿਆ ਹੋਵੇਗਾ। "ਪੰਜ ਪੰਚਾਸ ਦੇਹ ਲੌਂਸੰਧਾ" ਅਰਥਾਤ ਸਤਿ ਗੁਰੂ ਜ ਦੀ ਦੇਹ ਕਰਕੇ ਪੰਜ ਪੰਜਾਹੇ ਉਮਰ ਭੋ। ਜਾਪ ਦੇ। ਉਸ ਅਧਾਰ ਤੇ ਜਸਵੰਤ ਸਿੰਘ ਜੀ ਦੂਜੀ ਛਾਪ ਦੇ ਪੰਜੀਵੇਂ ਕਾਂਡ ਦੇ ਅੰਤ ਤਲੇ ਨੋਟ ਲਿਖਿਆ ਹੈ। 'ਨਾਮ ਧਾਰੀ ਪੰਥ ਨਾਲ ਸੰਬੰਧਤ ਸਰਧਾ ਵਾਨ ਬਾਬਾ ਰਾਮ ਸਿੰਘ ਜੀ ਦੇ ਅਕਾਲ ਚਲਾਣੇ ਵਾਲੀ ਖਬਰ ਨਾਲ ਸਹਿਮਤ ਨਹੀਂ ਹੁੰਦੇ। ਉਹਨਾਂ ਦਾ ਵਿਸ਼ਵਾਸ ਹੈ ਕਿ ਬਾਬਾ ਜੀ ਨੇ ਆਪਣਾ ਸਰੀਰ ਛਡਿਆ ਨਹੀਂ ਸਗੋਂ ਕੋਈ ਕੋਤਕ ਕਰ ਵਿਖਾ ਕੇ ਜੇਲ ਵਿਚੋਂ ਨਿਕਲ ਗਏ ਸਨ, ਅਤੇ ਇਨ੍ਹਾਂ ਦਿਨਾਂ ਵਿਚ ਰੂਸ ਵਿਚ ਦਿਨ ਬਤੀਤ ਕਰ ਰਹੇ ਹਨ।

ਜਦ ਰੂਸ ਪੰਜਾਬ ਵਿਚ ਆਵੇਗਾ ਤਾਂ ਉਹ ਵੀ ਨਾਲ ਹੀ ਆਉਣਗੇ। ਬਾਬਾ ਜੀ ਨੇ ਆਪਣੇ ਜੀਵਨ ਦੇ 220 ਸਾਲ ਇਸੇ ਦੇਹ ਵਿਚ ਬਤੀਤ ਕਰਨੇ ਹਨ।"

ਪੰਨਾਂ 138

ਜਸਵੰਤ ਸਿੰਘ ਜੀ ਨੇ ਸਤਿ ਗੁਰੂ ਪਰਤਾਪ ਸਿੰਘ ਜੀ ਦਾ ਨਾਮ ਲੁਕਾ ਕੇ ਸਬੰਧਤ ਸਰਧਾਲੂਆਂ ਦਾ ਨਾਮ ਦਿਤਾ ਹੈ ਤੇ 250 ਦੇ ਥਾਂ 220 ਸਾਲ ਇਸੇ ਲਈ ਦਿਤਾ ਹੈ ਕਿ ਮਾਇਆ ਦੇਣ ਵਾਲਿਆਂ ਨੂੰ ਇਹ ਨ ਜਾਪੇ ਇਹ ਪ੍ਰਾਪਤੀ ਸਤਿ ਗੁਰੂ ਪ੍ਰਤਾਪ ਸਿੰਘ ਜੀ ਵਲੋਂ ਇਸ ਨੂੰ ਹੋਈ ਹੈ ਤੇ ਸਚੀ ਹੈ।

ਸ਼ਰਧਾਵਾਨ ਸਿਖ ਤੇ ਗੁਰੂ ਵਾਲੇ ਕਾਂਡ ਵਿਚ ਹੀ 34 ਤੇ 35 ਪੰਨੇ ਤੇ ਜੋ ਜਸਵੰਤ ਸਿੰਘ ਜੀ ਨੇ ਲਿਖਿਆ ਹੈ। "ਜਿਉਂ ਜਿਉਂ ਮਾਨਤਾ ਵਧਦੀ ਗਈ ਬੇਦੀਆਂ ਸੋਢੀਆਂ ਦੇ ਹਿਲੇ ਹੋਏ ਸ਼ਰਧਾਵਾਨ ਸਿਖ ਬਾਬਾ ਜੀ ਨੂੰ ਸਤਿ ਗੁਰੂ ਤੇ ਸਚਾ ਪਾਤ ਸ਼ਾਹ ਆਦਿ ਕਹਿਕੇ ਪੁਕਾਰਨ ਲਗ ਪਏ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਦੂਜਾ ਅਵਤਾਰ ਮੰਨਣ ਲਗ ਪਏ। ਤੇ ਬਾਦ ਬਨੌਟੀ ਹੁਕਮ ਨਾਮਿਆਂ ਦਾ ਹਵਾਲਾ ਦੇ ਕੇ ਸਾਬਤ ਕਰਦੇ ਹਨ ਉਹਨਾਂ ਦਾ ਇਹ ਹੁਕਮ ਨ ਸੀ।

ਅਸੀਂ ਉਪਰ ਜਸਵੰਤ ਸਿੰਘ ਜੀ ਦੇ ਆਪਣੇ ਲਿਖੇ ਵਿਚੋਂ ਹੀ ਸਤਿ

Sri Satguru Jagjit Singh Ji Elibrary NamdhariElibrary@gmail.com

ਗੁਰੂ ਰਾਮ ਸਿੰਘ ਜੀ ਨੂੰ ਗੁਰੂ ਪਦਵੀ ਦੀ ਪ੍ਰਾਪਤੀ ਸਾਬਤ ਕਰ ਆਏ ਹਾਂ ਏਥੇ ਸਿਖਾਂ ਵਲੋਂ ਹੀ ਨਹੀਂ ਸਗੋਂ ਹੋਰ ਵਿਰੋਧੀਆਂ ਤੇ ਅਨ ਮਤੀਆਂ ਵਲੋਂ ਭੀ ਏਨ੍ਹਾਂ ਦੀ ਲਿਖਤ ਵਿਚੋਂ ਹੀ ਗੁਰੂ ਪਦਵੀ ਲਿਖਿਆ ਸਾਬਤ ਕਰਦੇ ਹਾਂ। ਵੇਖੋ ਪ: ਛਾਪ 29 ਪੰਨਾ ਨੌਂਵਾ ਕਾਂਡ ਦ: ਛਾ: 28 ਪੰਨਾ ਸਤਵਾਂ ਕਾਂਡ ਕਾਇਮ ਅਲੀ ਏ ਈ ਸੀ ਦੀ ਜ਼ਬਾਨੀ। "ਗੁਰੂ ਰਾਮ ਸਿੰਘ ਖਤਰਨਾਕ ਆਦਮੀ ਹੈ।" ਤੇ ਅੰਗਰੇਜ਼ ਕਪਤਾਨ ਜਲੰਧਰ ਤੇ ਮਿਸਟਰ ਐਲਫਿਨਸਟਨ, ਡਿਪਟੀ ਕਮਿਸ਼ਨਰ ਤੇ ਮਿਸਟਰ ਟੋਮਸ, ਪੁਲਸ ਕਪਤਾਨ ਨੂੰ ਰਪੋਟ ਭੇਜੀ। "ਗੁਰੂ ਰਾਮ ਸਿੰਘ ਉਥੇ ਨਹੀਂ ਸੀ ਤੇ ਉਹਨਾਂ ਦਾ ਮੁਖੀ ਚੇਲਾ ਸਾਹਿਬ ਸਿੰਘ ਉਥੇ ਸੀ।" "ਜਬ ਕਿ ਗੁਰੂ ਨੇ ਕੋਈ ਨਯਾਗਸ਼ਤੀ ਹੁਕਮ ਜਾਰੀ ਕਰਨਾ ਹੋਤਾ ਹੈ ਤੋ ਵਹੁ ਲਿਖ ਕਰ ਏਕ ਕੂਕੇ ਕੋ ਦੇ ਦੇਤਾ ਹੈ। ਮੌਲਵੀ ਗੁਲਾਮ ਸ਼ੇਖ ਜਲੰਧਰੀ। ਪ: ਛਾ: ਪੰਨਾ 50। ਦੂ: ਛਾ: ਪੰਨਾ 47।

ਇਕ ਬਦੇਸੀ ਲੇਖਕ ਲਿਖਦਾ ਹੈ। ਆਪਣੇ ਰਾਜਸੀ ਪ੍ਰੋਗਰਾਮ ਨੂੰ ਸਫਲ ਬਣੋਣ ਲਈ ਗੁਰੂ ਰਾਮ ਸਿੰਘ ਨਿਪਾਲ, ਭੂਟਾਨ, ਕਸ਼ਮੀਰ ਆਦ ਸਰਹਦੀ ਪ੍ਰਾਂਤਾਂ ਵਿਚ ਆਪਣੀਆਂ ਸਰਗਰਮੀਆ ਦਾ ਜਾਲ ਵਛਾਇਆ ਹੋਇਆ ਸੀ। ਕਹਿਆ ਜਾਂਦਾ ਹੈ ਗੁਰੂ ਰਾਮ ਸਿੰਘ ਨੇ ਰਾਣੀ ਝਾਂਸੀ ਅਤੇ 1857 ਦੇ ਗਦਰ ਨਾਲ ਸੰਬੰਧਤ ਹੋਰ ਆਗੂਆਂ ਨਾਲ ਸਬੰਧ ਕਾਇਮ ਕੀਤੇ ਹੋਏ ਸਨ।" ਪੰਨਾ 82

"ਜਬ ਗੁਰੂ ਰਾਮ ਸਿੰਘ ਕੋ ਮਲੂਮ ਹੂਆ ਕਿ ਯਿਹ ਕੰਮ ਉਨ੍ਹਾਂ ਦੇ ਕੁਝ ਸਿੱਖਾਂ ਨੇ ਕੀਆ ਹੈ ਤੋ ਉਨ੍ਹਾਂ ਨੇ ਬੁਲਾ ਕਰ ਹੁਕਮ ਦੀਆ।" ਭਵਿਸ਼ ਬਾਣੀ ਸੁੰਦਰ ਲਾਲ ਪੰਨਾ 98। ਇਸੇ ਪੁਸਤਕ ਦਾ—

ਇਹ ਜੋ ਉਪਰ ਗੁਰੂ ਸ਼ਬਦ ਲਿਖਿਆ ਹੈ ਸਤਿ ਗੁਰੂ ਰਾਮ ਸਿੰਘ ਜੀ ਬਾਰੇ ਇਹਤੇ ਵਿਰੋਧੀਆਂ ਤੇ ਬਦੇਸ਼ੀਆਂ ਤੇ ਅਨ ਮਤੀਆਂ ਵਲੋਂ ਤੇ ਸਰਧਾਲੂਆਂ ਵਲੋਂ ਨਹੀਂ। ਤੇ ਹੈ ਭੀ ਜਸਵੰਤ ਸਿੰਘ ਜੀ ਲਿਖੇ ਇਸੇ ਪੁਸਤਕ ਵਿਚ। ਜਿਸ ਹੈ ਸਾਬਤ ਹੁੰਦੇ। ਸਿਰਫ ਪਾਠਕਾਂ ਨੂੰ ਧਪਲਾ ਲਾਣ ਲਈ ਹੀ ਆਪ ਲਿਖਦੇ ਹਨ ਸ਼ਰਧਾਲੂ ਹੀ ਕਹਿੰਦੇ ਸੀ। ਪਰ ਸਾਬਤ ਆਪ ਹੀ ਕਰਦੇ ਹਨ ਸਭ (ਸਤਿ ਗੁਰੂ ਰਾਮ ਸਿੰਘ)।

Sri Satguru Jagjit Singh Ji Elibrary NamdhariElibrary@gmail.com

ਜੀ ਨੂੰ ਗੁਰੂ ਕਰਕੇ ਹੀ ਲਿਖਦੇ ਸੀ ।

ਸਰਧਾਵਾਨ ਸਿਖ ਤੇ ਗੁਰੂ ਵਾਲੇ ਕਾਂਡ ਵਿਚ ਹੀ ਜਸਵੰਤ ਸਿੰਘ ਜੀ ਨੇ 36 — 37 ਪੰਨੇ ਤੇ ਸਤਿ ਗੁਰੂ ਰਾਮ ਸਿੰਘ ਜੀ ਵਲੋਂ ਗੁਰੂ ਤੇ ਗੁਰੂ ਜੀ ਦੀ ਪ੍ਰਤੱਖ ਦੇਹ ਗਰੰਥ ਸਾਹਿਬ ਨੂੰ ਬਨੌਟੀ ਹੁਕਮ ਨਾਮਿਆਂ ਦਾ ਹਵਾਲਾ ਦੇ ਕੇ ਸਾਬਤ ਕਰਨ ਦਾ ਜਤਨ ਕੀਤਾ ਹੈ, ਤੇ ਆਦ ਗਰੰਥ-ਸਾਹਿਬ ਦੀ ਤੁਕ, "ਬਾਣੀ ਗੁਰੂ ਗੁਰੂ ਹੈ ਬਾਣੀ" ਆਪ ਦੇ ਵਲੋਂ ਦੇ ਕੇ ਤੇ ਗੁਰਮਤ ਨਿਰਣੇਯ ਕ੍ਰਿਤ ਭਾਈ ਜੋਧ ਸਿੰਘ ਜੀ ਦਾ ਲਿਖਿਆ ਵਖਾ ਕੇ ਪਾਠਕਾਂ ਨੂੰ ਪ੍ਰੇਰਿਆ ਹੈ ਕਿ ਦਸਮ ਜੀ ਬਾਦ ਗਰੰਥ ਸਾਹਿਬ ਹੀ ਗੁਰੂ ਹੈ ।

ਅਸਾਂ ਉਤਰ ਗੁਰਮਤ ਅਨੁਸਾਰ ਦੇਣਾਂ ਹੈ ਤੇ ਵਿਚਾਰ ਜੋ ਇਸ ਵਿਸ਼ੇ ਤੇ ਅਗੇ ਹੋ ਚੁਕੀ ਸੀ ਅਲਿਮ ਜੀ ਤੇ ਭਾਈ ਸੇਵਾ ਸਿੰਘ ਜੀ ਵੀਰ ਸਿੰਘ ਜੀ ਦੀ ਤ੍ਰੈਸ ਦੇ ਆਧਾਰ ਤੇ ਜਸਵੰਤ ਸਿੰਘ ਜੀ ਨੂੰ ਕੂੜ ਕਥਦਾ ਸਾਬਤ ਕਰਨਾਂ ਹੈ ।

"ਬਾਣੀ ਗੁਰੂ ਗੁਰੂ ਹੈ ਬਾਣੀ" ਤੇ ਵਿਚਾਰ ਕਰਦਿਆਂ ਤੇ ਦਸਮ ਜੀ ਗਰੰਥ ਸਾਹਿਬ ਨੂੰ ਗੁਰਆਈ ਦਿਤੀ ਹੈ ਕਿ ਨਹੀਂ ਤੇ ਉਹ ਗਰੰਥ ਸਾਹਿਬ ਜੀ ਕੇੜੇ ਤੇ ਕਿਥੇ ਹਨ ਤੇ ਵਿਚਾਰ ਵਜੋਂ (ਗੁਰ ਪਦ ਨਿਰਣੇਯ ਹਿਸੇ ਦੋ ਭਾਈ ਸੇਵਾ ਸਿੰਘ ਜੀ ਤੇ ਭਾਈ ਵੀਰ ਸਿੰਘ ਜੀ ਵਲੋਂ ਛਪੇ ਤੇ ਸੰਤ ਨਿਧਾਨ ਸਿੰਘ ਜੀ ਆਲਿਮ ਹੋਰਾਂ ਵਲੋਂ) ਗੁਰੂ ਪਦ ਪ੍ਰਕਾਸ਼ ਤਿਨ ਹਿਸੇ ਛਪੇ) ਅਖੀਰ ਕੁਝ ਪ੍ਰਸ਼ਨਾਂ ਦੇ ਉਤਰ ਤਦੋਂ ਭੀ ਕਿਸੇ ਨ ਦਿ . ਸਿੰਘ ਸਭੀ ਪਖੋਂ । ਸੋ ਹੁਣ ਭੀ ਕੋਈ ਨਹੀਂ ਦੇ ਸਕਦਾ । ਅਤੁ-ਬਾਤ ਦਸਮ ਜੀ ਪਾਸ ਨਾਂਦੇੜ ਕੋਈ ਬੀੜ ਨ ਸੀ (1) ਜਿਸ ਬੀੜ ਨੂੰ ਗਦੀ ਦਿਤੀ ਗਈ ਸੀ ਉਹ ਕੇੜੀ ਹੈ ਤੇ ਕਿਥੇ ਹੈ । ਬਾਬਾ ਅਜਾਪਾਲ ਸਿੰਘ ਜੀ ਜੇ ਦਸਮ ਜੀ ਨਹੀਂ ਸੀ ਤਾਂ ਹੋਰ ਉਹ ਕੌਣ ਸੀ ਤੇ ਕਿਥੋਂ ਦੇ ਕਿਦੇ ਪੁਤ ਸੀ ?

(3) "ਤੇ ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ । ਗੁਰ ਬਾਣੀ ਕਹੇ ਸੇਵਕ ਜਨ ਮਾਨੇ ਪ੍ਰਤੱਖ ਗੁਰੂ ਨਿਸਤਾਰੇ ।" ਦੇ ਅਰਥ ਕਰਦਿਆਂ ਭਾਈ ਸੇਵਾ ਸਿੰਘ ਜੀ ਭਾਈ ਵੀਰ ਸਿੰਘ ਜੀ ਹੋਰਾਂ ਪ੍ਰਤੱਖ ਦੇ ਅਰਥ ਜ਼ਰੂਰ ਕੀਤੇ ਸਨ । ਜੋ ਕਿ

Sri Satguru Jagjit Singh Ji Elibrary NamdhariElibrary@gmail.com

ਆਪ ਦੇ ਸਾਥੀਆਂ ਦੇ ਬਣਾਏ ਕਿਸੇ ਕੋਸ਼ ਵਿਚੋਂ ਵੀ ਇਹ ਅਰਥ ਨਹੀਂ ਲਭਦਾ। ਤੇ ਆਲਿਮ ਜੀ ਪ੍ਰਤੱਖ ਦੇ ਅਰਥ ਸਾਖਿਆਤ ਕੀਤੇ ਸਨ "ਹੋਵੈ ਪਰਤੱਖ ਗੁਰੂ ਜੋ ਵਿਛੜੇ ਤਿਨ ਕਉ ਦਰਿ ਢੋਈ ਨਾਹੀ" "ਸਤਿ ਗੁਰੂ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਂਵੈ" "ਸਤਿ ਗੁਰੂ ਪਰਤੱਖ ਹੋਦੇ ਬਹਿਰਾਜਆਪਿ ਦਿਖਾਇਆ।" ਆਦ ਤੁਕਾਂ ਦੇ ਕੇ ਕੀਤਾ ਸੀ ਤੇ ਦੋਨਾਂ ਭਾਈ ਸਾਹਿਬਾਂ ਨੂੰ ਅਲਿਮ ਜੀ ਨੇ ਨਿਰੁਤ੍ਰ ਕੀਤਾ ਸੀ ਜਿਸ ਕਰ ਕੇ ਤੀਜਾ ਹਿਸਾ ਗੁਰ ਪਦ ਨਿਰਣੇਯ ਨ ਛਾਪ ਸਕੇ ਸੀ। ਤੇ ਨ ਉਤਰ ਹੀ ਦੇ ਸਕੇ ਸੀ ਫਲਾਣੀ ਬੀੜ ਸੀ ਦਸਮ ਜੀ ਪਾਸ ਤੇ ਹੁਣ ਉਹ ਆਹ ਹੈ। ਪੂਰਾ ਇਸ ਸਬੰਧ ਵਿਚ ਵਿਸਥਾਰ ਪੜ੍ਹਨ ਲਈ ਗੁਰੂ ਪਦ ਪ੍ਰਕਾਸ਼ ਹਿਸਾ ਤੀਜਾ ਸੰਤ ਨਿਧਾਨ ਸਿੰਘ ਜੀ ਆਲਿਮ ਲਿਖਤ ਪੜੋ।

ਹਾਂ ਸਗੋਂ ਇਸ ਉਪਰ ਲਿਖੀ ਬਹਿਸ ਵਿਚ ਹੋਰ ਭੀ ਭੇਦ ਖੁਲਾ ਤੇ ਅਕਾਲੀ ਵਿਦਵਾਨਾਂ ਵਲੋਂ ਭੀ ਸਾਬਤ ਹੋਇਆ ਗਰੰਥ ਸਾਹਿਬ ਨੂੰ ਗਦੀ ਦਸਮ ਜੀ ਵਲੋਂ ਨਹੀਂ ਦਿਤੀ ਗਈ। ਜਿਹਾ ਕਿ ਰਸਾਲਾ (ਅੰਮ੍ਰਿਤ) ਮਾਰਚ 1937 ਸਫਾ 66—67 ਵਿਚ ਸਰਦਾਰ ਆਸਾ ਸਿੰਘ ਜੀ ਠੇਕੇਦਾਰ ਭੰਭਾਵਲੀ ਮਹੱਮਦ ਹੈਦਰਾਬਾਦ ਸਿੰਧ ਵਲੋਂ ਪ੍ਰਕਾਸ਼ਤ ਹੋਇਆ। "ਦਸਮ ਜੀ ਨੇ ਕਦੋਂ ਗੁਰਆਈ ਗੁਰੂ ਗਰੰਥ ਸਾਹਿਬ ਨੂੰ ਦਿਤੀ ਤੇ ਕਿਥੇ, ਉਸ ਵਕਤ ਕੇੜੀ ਬੀੜ ਸੀ ਤੇ ਉਹ ਕਿਥੇ ਹੈ : ਪ੍ਰਸ਼ਨ ਲਿਖੇ ਸਨ।

ਇਸ ਦੇ ਉਤ੍ਰ ਵਿਚ ਇਹ ਅਖਰ ਸਿਖ ਮਿਸ਼ਨਰੀ ਕਾਲਿਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਗੰਗਾ ਸਿੰਘ ਜੀ ਲਿਖੇ ਸਨ। "ਕਿ ਦਸਮ ਜੀ ਨੇ ਕਦੀ ਗੁਰ ਆਈ ਗੁਰੂ ਗਰੰਥ ਸਾਹਿਬ ਨੂੰ ਨਹੀਂ ਦਿਤੀ।" ਸਫਾ 66–67। ਇਸ ਦੇ ਸਬੰਧ ਵਿਚ ਖਾਲਸਾ ਸਮਾਚਾਰ ਨੇ ਬੜਾ ਲੰਮਾਂ ਕੁਝ ਲਿਖਿਆ। ਜਿਸ ਦੇ ਉਤਰ ਵਿਚ ਜੁਲਾਈ 1937 ਦੇ ਅੰਮ੍ਰਿਤ ਰਸਾਲੇ ਦੇ ਸਫਾ 35 ਕਾਲਮ ਪਹਿਲੇ ਵਿਚ ਪ੍ਰੋਫੈਸਰ ਜੀ ਨੇ ਛਾਪਿਆ। "ਕਿਸੇ ਹਵਾਲੇ ਵਿਚ ਇਹ ਦਸਨ ਦੀ ਖੇਚਲ ਨਹੀਂ ਕੀਤੀ, ਉਹ ਬੀੜ ਕੇੜੀ ਹੈ ਕਿਸਨੂੰ ਗਦੀ ਮਿਲੀ ਸੀ ਤੇ ਹੁਣ ਉਹ ਕਿਥੇ ਹੈ, ਇਸ ਵਕਤ ਦੀਆਂ ਮਜੂਦਾ ਬੀੜਾਂ ਵਿਚ ਕਈ ਭੇਦ ਗੁਣੀਜਨ ਦਸਦੇ ਹਨ। ਇਸ ਲਈ ਇਹ ਪ੍ਰਸ਼ਨ ਬੜਾ ਜੋਰ

Sri Satguru Jagjit Singh Ji Elibrary NamdhariElibrary@gmail.com

ਰਖਦਾ ਹੈ ਕਿ ਜੇ ਸਰਮੁਚ ਕਿਸੇ ਬੀੜ ਨੂੰ ਗਦੀ ਦਿਤੀ ਗਈ ਹੈ ਤਾਂ ਉਹ ਕੇਹੜੀ ਹੈ।"

"ਉਤੇ ਲਿਖੀਆਂ ਸਤਰਾਂ ਤੋਂ ਪਾਠਕ ਸਮਝ ਸਕਦੇ ਹਨ, ਕਿ ਇਸੇ ਵਿਸ਼ੇ ਵਿਚ ਸ੍ਰ: ਸੇਵਾ ਸਿੰਘ ਜੀ ਸਰਦਾਰ ਗੰਗਾ ਸਿੰਘ ਜੀ ਐਡੀਟਰ (ਅੰਮ੍ਰਿਤ) ਨਾਲ ਬਹਿਸ ਕਰਦੇ ਹੋਏ ਨਿਰੁਤਰ ਹੋ ਗਏ ਸਨ ਅਤੇ ਆਪ ਗੁਰਿਆਈ ਵਾਲੀ ਬੀੜ ਨੂੰ ਕਿਸੇ ਇਤਿਹਾਸ ਵਿਚੋਂ ਵੀ ਸਾਬਤ ਕਰਕੇ ਸ੍ਰੀ ਮਾਨ ਜੀ ਦੀ ਤਸੱਲੀ ਨਹੀਂ ਕਰਵਾ ਸਕੇ।" ਗੁਰੂ ਪਦ ਪ੍ਰਕਾਸ਼ ਹਿਸਾ ਦੂਜਾ ਪੰਨਾ 82·83

ਏਸੇ ਤਰ੍ਹਾਂ ਦਾ ਪ੍ਰਸ਼ਨ ਬੀਬੀ ਉਤਮ ਕੌਰ ਜੀ ਸਿਆਲੀ ਲਖਨਊ ਵਲੋਂ ਖਾਲਸਾ ਸਮਾਚਾਰ ਜਿ: ਨੰ: 64 ਨੰ: 37 ਜੁਲਾਈ 25 1963 ਵਿਚ ਛਪਿਆ ਸੀ। "ਨਿਜ ਗਿਆਨ ਦੁਆਰਾ ਆਦ ਬੀੜ ਦੇ ਆਧਾਰ ਤੇ।" ਅਰਥਾਤ ਆਪਣੀ ਬੁਧੀ ਵਲੋਂ ਆਦ ਬੀੜ ਦੀ ਬਾਣੀ ਦੇ ਗਿਆਨ ਤੋਂ ਜੋ ਮਿਲਿਆ ਹੈ। "ਗੁਰਤਾ ਪ੍ਰਾਪਤ ਵਾਲੀ ਦਸਮ ਗੁਰੂ ਵਾਲੀ ਬੀੜ।"

ਉੱਤਰ ਵਿਚ ਲਿਖਿਆ ਗਿਆ। "ਭਾਈ ਵੀਰ ਸਿੰਘ ਜੀ ਲਿਖਦੇ ਹਨ, ਰਵਾਇਤ ਹੈ. ਕਿ ਉਹ ਬੀੜ 1818 ਵਿਚ ਸ੍ਰਪ ਰਹੀੜੇ ਦੇ ਜੰਗ ਵਿਚ ਘਲੂ ਘਾਰੇ ਵਿਚ ਖਾਲਸੇ ਦੇ ਹਥੋਂ ਜਾਂਦੀ ਰਹੀ, ਲੋਪ ਹੋਣ ਵਿਚ ਰਾਜ਼ ਸੀ। ਭਾਈ ਵੀਰ ਸਿੰਘ ਜੀ ਕਿਹਾ ਕਰਦੇ ਸਨ ਕਿ ਜੇ ਪ੍ਰਗਟ ਰਹਿੰਦੀ ਤਾਂ ਕਈਆਂ ਕਹਿਣ ਤੇ ਮੰਨਣ ਲਗ ਪੈਣਾ ਸੀ ਕਿ ਗੁਰਤਾ ਇਕ ਉਸ ਪਾਵਨ ਬੀੜ ਨੂੰ ਹੀ ਹੈ; ਇਸੇ ਲਈ ਲੋਪ ਅਪ੍ਰਗਟ ਹੋਣ ਦਾ ਕੌਤਕ ਵਰਤਿਆ।" ਖਾਲਸਾ ਸਮਾਚਾਰ ਜਿਲਦ 64 ਸਾਵਨ 10, 2020 ਬਿਕਰਮੀ ਗੁਰਨਾਨਕ 494 ਜੁਲਾਈ 25, 1963 ਅੰਕ 37 ਇਕ ਪੰਨੇ ਤੋਂ ਦੋ ਤਕ।

ਪਾਠਕਾਂ ਨੂੰ ਅੰਮ੍ਰਿਤ ਰਸਾਲੇ ਦਾ ਪ੍ਰਸ਼ਨ ਤੇ ਉਤਰ ਤੇ ਸਮਾਚਾਰ ਵਿਚ ਦਾ ਬੀਬੀ ਵਲੋਂ ਪ੍ਰਸ਼ਨ ਤੇ ਉਤਰ ਪੜ੍ਹ ਦਿਸ ਪੈਂਦਾ ਹੈ ਕਿ ਤਦ ਤੋਂ ਹੁਣ ਤਕ ਗੁਰੂ ਮੰਨਣ ਵਾਲੇ ਸ੍ਰੀ ਗ੍ਰੰਥ ਸਾਹਿਬ ਜੋ ਖੋਜੀ ਪੁਰਸ਼ ਹਨ ਉਹਨਾਂ ਦੇ ਅੰਦਰ ਗੁਰਬਾਣੀ ਦੇ ਅਧਾਰ ਤੇ ਸ਼ੰਕਾ ਉਠਦੇ ਹਨ ਤੇ ਉਹ ਪੁਛਦੇ ਹਨ ਸਾਨੂੰ ਦੱਸੋ ਉਹ ਸਾਡਾ ਗੁਰੂ ਗ੍ਰੰਥ ਕਿਥੇ ਹੈ ਤੇ ਕੇੜਾ ਹੈ ਤੇ ਆਪ ਥਾਪ ਕੇ ਗੁਰੂ ਮੰਨਣ ਵਾਲੇ

Sri Satguru Jagjit Singh Ji Elibrary NamdhariElibrary@gmail.com

ਉਤਰ ਦੇਂਦੇ ਹਨ ਉਹ ਗਾਇਬੀ ਹੈ ਅਰਥਾਤ ਹੈ ਨਹੀਂ ?

ਇਹੋ ਝੇੜਾ ਸਤਿਗੁਰੂ ਪਰਤਾਪ ਸਿੰਘ ਜੀ ਸੋਹੇਂ 2013 ਬਿ: 17 ਕਤਕ ਨੂੰ ਸ੍ਰੀ ਅੰਮ੍ਰਿਤਸਰ ਚੀਫ਼ ਖਾਲਸਾ ਦੀਵਾਨ ਨੇ ਵਿਕਰੀ ਦੇ ਦੁਖੋਂ ਆਪਣੇ ਅਸਥਾਨ ਤੇ ਕੀਤਾ ਸੀ, ਤੇ ਉਥੇ ਬਹੁਤ ਝੇੜਾ ਬਖੇੜਾ ਹੋ ਇਹੋ ਸਾਬਤ ਹੋਇਆ ਸੀ ਕਿ ਉਹ ਗ੍ਰੰਥ ਸਾਹਿਬ ਹੈ ਨਹੀ ਜੋ ਆਖਦੇ ਹੋ ਦਸਮ ਜੀ ਵਲੋਂ ਗੁਰ ਗਦੀ ਮਿਲੀ ਵਾਲਾ ਏ। ਤੇ ਸਤਿਗੁਰੂ ਜੀ ਰੋਕਦਿਆਂ ਤੋਂ ਇਹ ਆਖ ਚਲੇ ਆਏ ਸੀ। "ਤੁਸੀਂ ਵਿਕਰੀ ਵਪਾਰ ਦੇ ਦੁਖੋਂ ਆਪਣੀ ਭੰਡੀ ਆਪ ਪੇ ਕਰ ੇ ਹੋ ਜੋ ਕਹਿੰਦੇ ਹੋ ਆਹ ਬੀੜ ਸਹੀ ਤੇ ਉਹ ਗਲਤ ਹੈ। ਕਰਤਾਰ ਪੁਰ ਵਾਲੀ ਜਾਂ ਦਮਦਮੇ ਵਾਲੀ ਵਿਚੋਂ।"

ਇਹ ਭੀ ਸਤਿ ਗੁਰੂ ਜੀ ਕਿਹਾ ਸੀ। ਸਾਡਾ ਤੇ ਇਹ ਟੰਟਾ ਹੀ ਮੁਕਾ ਹੋਇਐ। ਗਲਤ ਸੁਧ ਵਾਲਾ ਜਿਸ ਬੀੜ ਤੋਂ ਸਤਿ ਗੁਰੂ ਰਾਮ ਸਿੰਘ ਜੀ ਪਾਠ ਕਰਦੇ ਸੀ ਤੇ ਭੁਲਾਂ ਕਮੀਆਂ ਤੁਕਾਂ ਕੰਨੇ ਮਾਤ੍ਰਾ ਦੀਆਂ ਭੀ ਲਾਈਆਂ ਹੋਈਆਂ ਹਨ ਉਹ ਗ੍ਰੰਥ ਸਾਹਿਬ ਸਾਡੇ ਪਾਸ ਹੈ। ਤੇ ਦੇਹ ਧਾਰੀ ਦੇ ਅਸੀਂ ਮੰਨਣ ਵਾਲੇ ਹਾਂ। ਤੇ ਗੁਰੂ ਦੇ ਗਲਤ ਤੇ ਗਾਇਬ ਹੋਣ ਦਾ ਸੁਆਲ ਸਾਡੇ ਵਿਚ ਪੈਦਾ ਹੀ ਨਹੀਂ ਹੁੰਦਾ।"

ਸੰਤ ਇੰਦ੍ਰ ਸਿੰਘ ਜੀ ਚਕਰ ਵਰਤੀ ਜੋ ਤੇ ਇਹ ਭੀ ਸਟੇਜ ਤੇ ਕਿਹਾ ਸੀ ਦਮਦਮੇ ਵਾਲੀ ਤੋ ਹੈ ਹੀ ਨਹੀਂ ਪਹਿਲਾਂ ਉਹ ਸਾਬਤ ਤੇ ਕਰੋ। ਤੇ ਫੇਰ ਠੀਕ ਗਲਤ ਦੀ ਗਲ ਕਰੋ।

(ਲੇਖਕ) ਮੈਂ ਭੀ ਉਸ ਵਕਤ ਅੰਮ੍ਰਿਤਸਰ ਸਾਥ ਸਾਂ। ਤੇ ਸਤਿ ਗੁਰੂ ਜੀ ਦੇ ਬਚਨ ਸੁਣਕੇ ਤੇ ਉਹਨਾਂ ਚੀਫ਼ ਖਾਲਸੀਆਂ ਅਕਾਲੀਆਂ ਸਰੋਮਣੀ ਕਮੇਟੀ ਵਾਲਿਆਂ ਦਾ ਵਿਕਰੀ ਦੇ ਦੁਖ ਦਾ ਝੇੜਾ ਸੁਣ ਕੇ ਤੇ ਉਸ ਤੋਂ ਪ੍ਰਭਾਵਤ ਹੋ ਕੇ ਕਵੀ ਹੋਣ ਕਰ ਉਸੇ ਵੇਲੇ ਬੋਲ ਪਿਆ ਸਾਂ।

Sri Satguru Jagjit Singh Ji Elibrary NamdhariElibrary@gmail.com

ਗੁਰੂ ਕਦੇ ਬਾਜ਼ਾਰੀ ਨਹੀਂ ਵਿਕਦੇ ।
ਹੋਠ ਉਤੇ ਵਿਚ ਅਲਮਾਰੀਂ ਨਹੀਂ ਟਿਕਦੇ ।
ਜੋ ਸਿਖ ਹੋ ਇਹ ਵਣਜ ਹਨ ਕਰਦੇ ।
ਦੇਣਦਾਰ ਉਹ ਹਨ ਗੁਰੂ ਘਰਦੇ ।
ਮੂਲ ਲੈ ਪੂਜ ਗੁਰੂ ਜੋ ਆਂਹਦੇ ।
ਦੇਖਾ ਦੇਖੀ ਭੁਲ ਭਟਕਾ ਖਾਂਦੇ ।
ਪਥਰ ਪੂਜਾ ਜਿਉਂ ਹੈ ਇਹ ਕਾਰ ।
ਪੜ ਬਾਣੀ ਕਰ ਲਹੁ ਵੀਚਾਰ ।

ਰਹੀ ਗਲ ਗਾਇਬ ਹੋਣ ਬਾਬਤ ਜੋ ਭਾਈ ਵੀਰ ਸਿੰਘ ਜੀ ਵਲੋਂ ਰਵਾਇਤ ਵਜੋਂ ਪਾਠਕ ਉਪਰ ਪੜ੍ਹ ਆਏ ਹਨ। ਕਿ ਲੋਪ ਹੋਣ ਵਿਚ ਰਾਜ਼ ਸੀ ਤੇ ਕੁਪਰਹੀੜੇ ਦੇ ਘਲੂ ਘਾਰੇ ਵਿਚ ਉਹ ਗੁਰੂ ਗ੍ਰੰਥ ਜੀ ਲੋਪ ਹੋ ਗਏ ਸਨ।

ਇਸ ਘਲੂ ਘਾਰੇ ਵਿਚ ਜੋ ਬੀੜਾਂ ਖਾਲਸੇ ਦੇ ਹਥੋਂ ਜਾਂਦੀਆਂ ਰਹੀਆਂ ਉਹ ਤੇ ਰਤਨ ਸਿੰਘ ਜੀ ਭੰਗੂ ਲਿਖਦੇ ਹਨ।

"ਤਿਨ ਮੇਂ ਗ੍ਰੰਥ ਤੁਰਤ ਬੋ ਜੋਇ ।
ਇਕ ਅੰਮ੍ਰਿਤ ਸਰੀਏ ਦਮ ਦਮੀਏ ਦੋਇ ।
ਘੇਰ ਲਯੋ ਤਿਨ ਅਗਯੋ ਆਇ ।
ਜੁਦੇ ਜੁਦੇ ਤੇ ਦਏ ਕਰਾਇ ।
ਧਰ ਗਰੀਬ ਤਹਿ ਲੜੇ ਮਤੇਲ ।
ਰਖਤ ਹੁੱਤ ਥੋ ਬਸਤ੍ਰ ਗੈਲ ।

ਪੰਨਾ 369। ਪ੍ਰਾਚੀਨ ਪੰਥ ਪ੍ਰਕਾਸ਼ ।

ਡਾਕਟਰ ਗੰਡਾ ਸਿੰਘ ਜੀ ਇਸ ਘਲੂ ਘਾਰੇ ਦੀ ਤਾਰੀਖ 28 ਮਾਘ 1818 ਬਿ: ਲਿਖਦੇ ਹਨ। ਪਾਠਕ ਉਪਰ ਲਿਖਿਆ ਪੜ ਸੋਚ ਸਕਦੇ ਹਨ ਕਿ

Sri Satguru Jagjit Singh Ji Elibrary NamdhariElibrary@gmail.com

ਨ ਇਸ ਵਿਚ ਨਾਦੇੜ ਵਾਲੀ ਬੀੜ ਹੈ ਨ ਗੁਰੂ ਗ੍ਰੰਥ ਲਿਖਿਆ ਹੈ। ਬਾਕੀ ਰਿਹਾ ਰਾਜ਼ ਵਾਲੀ ਗਲ। ਇਹ ਭਾਈ ਵੀਰ ਸਿੰਘ ਜੀ ਤੇ ਸਰਧਾ ਰਖਣ ਵਾਲਿਆਂ ਤੇ ਹੈ ਜੇ ਉਹ ਉਹਨਾਂ ਦੇ ਇਸ ਕਥਨ ਨੂੰ ਰਬੀ ਵਾਕ ਮੰਨਦੇ ਹਨ ਤਾਂ ਠੀਕ ਹੈ। ਨਹੀਂ ਤੇ ਜੋ ਛੇਤਾ ਉਪਰ ਦਸਿਆ ਗਿਆ ਹੈ ਠੀਕ ਹੈ ਕਿ ਉਹ ਗਰੰਥ ਗੁਰੂ ਨ ਬਣਿਆਂ ਤੇ ਨ ਕੋਈ ਕਿਤੇ ਹੈ ਤੇ ਨ ਹੁਣ ਤਕ ਕੋਈ ਦਸ ਸਕਿਆ ਹੈ ਤੇ ਨ ਦਸੇਗਾ।

ਇਸੇ ਕਾਂਡ (ਸੰਤਦਾਵਾਨ ਸਿਖ ਤੇ ਗੁਰੂ) ਵਿਚ ਜਸਵੰਤ ਸਿੰਘ ਜੀ ਨਕਲੀ ਹੁਕਮ ਨਾਮਿਆਂ ਦੀ ਬਹੁਤ ਗਵਾਹੀ ਦੇਂਦੇ ਹਨ ਤੇ ਉਹਨਾਂ ਵਿਚੋਂ ਗੁਰੂ ਗਰੰਥ ਸਾਹਿਬ ਨੂੰ ਗੁਰੂ ਸਾਬਤ ਕਰਨ ਲਈ ਅਖਰ ਲਿਖਦੇ ਹਨ। ਉਸਦਾ ਉਤਰ ਤੇ ਨਿਰਨਾ ਇਹ ਹੈ।

ਨਾਮਧਾਰੀ ਪੰਥ ਵਲੋਂ ਉਹ ਹੁਕਮ ਨਾਮੇ ਉਕਾ ਨਿਰਮੂਲ ਹਨ। ਕਿਉਂਕਿ ਉਹ ਉਸ ਟਹਿਲ ਸਿੰਘ ਵਲੋਂ ਕਿਤੇ ਲੈ ਅੰਗਰੇਜ਼ਾਂ ਤੇ ਸਿੰਘ ਸਭੀਆਂ ਤੇ ਪਸੌੜੀਆਂ ਦੇ ਬਣਵਾਏ ਹੋਏ ਸਿਖੀ ਧਰਮ ਦੇ ਗ੍ਰੰਥਾਂ ਵਾਂਗੂੰ ਤੋੜੇ ਫੋੜੇ ਵਿਗਾੜੇ ਹੋਏ ਹਨ। ਤੇ ਟਹਿਲ ਸਿੰਘ ਸਿੰਘ ਸਭੀਆਂ ਦੇ ਵਹੀ ਚੜ੍ਹੂ ਸਤੇ ਬਲਵੰਡ ਵਾਂਗੂ ਦ੍ਰੋਹ ਗੁਰਨਿੰਦਕ ਤੇ ਪੰਥੋਂ ਕਢੇ ਹੋਏ ਦੇ ਛਪਵਾਏ ਹੋਏ ਸਨ। ਤੇ ਉਨ੍ਹਾਂ ਵਿਚ "ਦੁਸ਼ਮਨ ਬਾਤ ਕਹੇ ਅਨ ਹੋਣੀ ਦਾ ਆਮ ਵਰਤਾਰਾ ਹੈ। ਉਹਨਾਂ ਹੁਕਮ ਨਾਮਿਆਂ ਦਾ ਸੰਤ ਨਿਧਨ ਸਿੰਘ ਜੀ ਆਲਮ ਹੁਰਾਂ ਨੇ ਨਾਮਧਾਰੀ ਦਰਬਾਰ ਵਲੋਂ ਗੁਰੂ ਪਦ ਪ੍ਰਕਾਸ਼ ਹਿਸੇ ਤੀਜੇ ਦੇ 55 ਪੰਨੇ ਤੋਂ 60 ਤਕ ਚਿਰ ਦਾ ਨਿਖੇਧ ਕੀਤਾ ਹੋਇਆ ਦਸ ਦਿਤਾ ਹੋਇਆ ਹੈ।

---

# ਸਹੀ ਹੁਕਮ ਨਾਮੇ

"ਸ੍ਰੀ ਸਤਿ ਗੁਰੂ ਰਾਮ ਸਿੰਘ ਜੀ ਜਦ ਰੰਗੂਨ ਵਿਚ ਅਤੇ ਮਰਗੋਈ ਵਿਚ ਨਜ਼ਰ ਬੰਦ ਸਨ, ਤਾਂ ਉਹਨਾਂ ਦੇ ਖਾਸ ਖਾਸ ਪ੍ਰੇਮੀ ਸਿਖਾਂ ਨੇ ਭੇਸ ਬਦਲ ਕੇ ਉਹਨਾਂ ਦੇ

Sri Satguru Jagjit Singh Ji Elibrary NamdhariElibrary@gmail.com

ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਕੀਤਾ। ਉਨ੍ਹਾਂ ਰਾਹੀ ਜੋ ਪਤ੍ਰ ਸਤਿਗੁਰੂ ਜੀ ਸਚੇ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਹਰੀ ਸਿੰਘ ਜੀ ਅਥਵਾ ਆਪਣੇ ਮੁਖੀ ਸੇਵਕਾਂ ਵਲ ਲਿਖ ਕੇ ਭੇਜੇ ਉਹਨਾਂ ਨੂੰ ਨਾਮਧਾਰੀ ਇਸ ਤਰ੍ਹਾਹ ਵਿਚ ਹੁਕਮ ਨਾਮਿਆਂ ਦੇ ਨਾਮ ਨਾਲ ਸਨਮਾਨਿਆਂ ਜਾਂਦਾ ਹੈ।"

ਜਬ ਸਰਕਾਰ ਨੂੰ ਆਪਣੀ ਸੀ. ਆਈ. ਡੀ ਦੀ ਮਾਰਫਤ ਏਸ ਗਲ ਦਾ ਪਤਾ ਲਗਾ ਤਾਂ ਇਕ ਥੰਨੇ ਤਾਂ ਨਿਗਰਾਨੀ ਵਿਚ ਕਰੜਾਈ ਕਰ ਦਿਤੀ ਗਈ, ਅਤੇ ਦੂਜੇ ਥੰਨੇ ਕੁਛ ਬਨਾਵਟੀ ਚਿਠੀਆਂ ਲਿਖ ਕੇ ਨਾਮਧਾਰੀਆਂ ਨੂੰ ਆਪਣੇ ਸਤਿ ਗੁਰੂ ਜੀ ਵਲੋਂ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਮਤਲਬ ਇਹ ਸੀ ਕਿ ਨਾਮਧਾਰੀ ਸਿਖ ਇਨ੍ਹਾਂ ਚਿਠੀਆਂ ਨੂੰ ਵੀ ਹੁਕਮ ਨਾਮੇ ਸਮਝ ਕੇ ਆਪਣੇ ਗੁਰੂ ਦਾ ਖਿਆਲ ਛਡ ਦੇਣ, ਅਤੇ ਉਹਨਾਂ ਦੇ ਦਿਲਾਂ ਵਿਚ ਇਹ ਬਨਾਵਟੀ ਖਿਆਲ ਨਵਾਂ ਅੰਕੁਰ ਕੀਤਾ ਜਾਵੇ ਕਿ ਗਰੀਬ ਗੁਰੂ ਹੈ। ਉਹਨਾਂ ਬਨਾਵਟੀ ਚਿਠੀਆਂ ਵਿਚੋਂ ਬਾਜੀਆਂ ਅਜੇਹੀਆਂ ਹਨ ਜਿਨ੍ਹਾਂ ਨੂੰ ਪੜ ਕੇ ਗੁਮਰਾਹ ਕਰਨ ਵਾਲਿਆਂ ਦੀ ਨੀਯਤ ਦਾ ਪੂਰਾ ਪੂਰਾ 'ਗਿਆਨ ਹੋ ਜਾਂਦੇ" ਟਹਲ ਸਿੰਘ (ਫਕਰ) ਕੁਝ ਅਸਲੀ ਚਿੱਠੀਆਂ ਵਿਚ ਬਨਾਵਟੀ ਚਿਠੀਆਂ ਨੂੰ ਮਿਲਾ ਕੇ ਇਕ ਟ੍ਰੈਕਟ ਦੀ ਸ਼ਕਲ ਵਿਚ ਛਾਪਾ ਦਿਤਾ ਹੈ ਜਿਸਦਾ ਨਾਮਧਾਰੀ ਦਰਬਾਰ ਨਿਖੇਧ ਕਰ ਚੁਕਾ ਹੈ।" ਗੁਰ ਪਦ ਪ੍ਰਕਾਸ਼ ਹਿਸਾ ਤੀਜਾ ਆਲਿਮ ਜੀ ਲਿਖਤ।

ਸ਼ਹੀ ਹੁਕਮ ਨਾਮੇ ਤਾਂ ਉਹ ਹਨ ਜੋ ਸਤਿ ਗੁਰੂ ਪ੍ਰਤਾਪ ਸਿੰਘ ਜੀ ਸੁਦੇਸ਼ੀ ਰਾਜ ਹੋਣੇ ਸਮੇਂ। ਸਰਕਾਰ ਅੰਗਰੇਜ਼ੀ ਦੇ ਰੀਕਾਡ ਵਿਚੋਂ ਫੋਟੋ ਸੁਹਾ ਉਤਾਰੇ ਕਰਾਏ ਹਨ।" ਜਾਂ ਬਿਰਦਾਂ ਉਹਨਾਂ ਦੇ ਖਾਨਦਾਨਾਂ ਵਿਚੋਂ, ਜਿਨ੍ਹਾਂ ਸਤਿ ਗੁਰੂ ਰਾਮ ਸਿੰਘ ਜੀ ਪਾਸ ਬਰੇਬ ਪਹੁੰਚ ਪ੍ਰਾਪਤ ਕੀਤੇ ਸੀ ਤੇ ਜੋ ਉਵੇ ਦੇ ਜਿਉਂ ਕੇ ਤਿਉਂ ਸਤਿ ਗੁਰੂ ਜੀ ਦੀ ਲਿਖਤ ਨਾਲ ਜੋ ਮਿਲਦੇ ਹਨ। ਸੋ ਸਹੀ ਹਨ।

ਹੁਣ ਅਸੀਂ ਪਾਠਕਾਂ ਨੂੰ ਅਸਲ ਹੁਕਮ ਨਾਮਿਆਂ ਵਿਚੋਂ ਵਨਗੀ ਵਖਾਂਦੇ ਹਾਂ। ਜੋ ਸਮੁੰਦ ਖਾਰੇ ਤੋਂ ਪਾਰ ਜਾ ਕੇ ਪ੍ਰੇਮੀਆਂ ਪ੍ਰੀਤਮ ਜੀ ਪਾਸੋਂ ਲਿਆਂਦੇ ਸੀ ਜਿਨ੍ਹਾਂ ਦੇ ਪਾਠ ਤੋਂ ਗੋਰਿਆ ਤੇ ਪੁਜਾਰੀਆਂ ਤੇ ਸਿੰਘ ਸਭੀਆਂ ਤੇ ਗੁਰੂ ਗਰੀਬ ਲਿਖਣ

Sri Satguru Jagjit Singh Ji Elibrary NamdhariElibrary@gmail.com

ਵਾਲਿਆਂ ਦਾ ਮਤ ਪਾਜ ਖੁਲ ਜਾਂਦਾ ਹੈ।' ਤੇ ਦਸਮੇਸ਼ ਜੀ ਵਲੋਂ ਜੋ ਸਾਂਗ ਸਮੇਂ ਗੁਰੂ ਬਾਲਕ ਸਿੰਘ ਜੀ ਨੂੰ ਦਰਸ਼ਨ ਦੇ ਹੁਕਮ ਦਿਤਾ ਸੀ ਸਤਿ ਗੁਰੂ ਰਾਮ ਸਿੰਘ ਜੀ ਜੋਗ ਉਸ ਦੀ ਪ੍ਰੋੜਤਾ ਸਤਿ ਗੁਰੂ ਰਾਮ ਸਿੰਘ ਜੀ ਦੇ ਅਖਰਾਂ ਵਿਚੋਂ ਪਈ ਜਾਪਦੀ ਏ।

ਹੁਕਮ ਨਾਮੇ ਪੁਜਾਰੀਆਂ ਵਲ ਲਿਖੇ ਦਾ ਕੁਝ ਹਿਸਾ ਪਾਠਕਾਂ ਦੀ ਭੇਟ ਕਰਦੇ ਹਾਂ ਜਿਸ ਦੇ ਪੜ੍ਹਿਆਂ ਪਾਠਕਾਂ ਨੂੰ ਸਤਿ ਗੁਰੂ ਰਾਮ ਸਿੰਘ ਜੀ ਵਲੋਂ ਸਾਰ ਸਮਝਾਏ ਦਾ ਅਰਥ ਕਰਨ ਦੀ ਲੋੜ ਨਹੀਂ ਰਹਿੰਦੀ। ਤੇ ਭੁਲੇਖਾ ਨਹੀਂ ਰਹਿੰਦਾ, ਸਗੋਂ ਸਾਬਤ ਹੁੰਦਾ ਹੈ ਕਿ ਦਸਮ ਜੀ ਦੇ ਹੁਕਮ ਨਾਲ ਹੀ ਨਾਮਧਾਰੀ ਪੰਥ ਦੀ ਸਾਜਨਾਂ ਹੋਈ ਹੈ ਤੇ ਜੋ ਨਹੀਂ ਮੰਨਦੇ ਉਹ ਨਵੇਂਤ ਵਾਲੇ ਸਾਂਗ ਕੌਤਕ ਨੂੰ ਨਹੀਂ ਲਖ ਸਕੇ ਤੇ ਜੋ ਹੁਕਮ ਦਸਮ ਜੀ ਗੁਰੂ ਬਾਲਕ ਸਿੰਘ ਜੀ ਨੂੰ ਦਰਸ਼ਨ ਦੇ ਦਿਤਾ ਸੀ ਉਸ ਤੋਂ ਵਿਹੂਣੇ ਹਨ।"

ਅਸਲੀ ਲਿਖਤ ਇੰਜ ਹੈ। "ਲਿਖਤੌਂ ਸੁਬਤਿ ਕੂਕਿਆਂ ਦੀ ਜੋਗ ਪੁਜਾਰੀਆਂ ਅਕਾਲ ਬੁੰਗੇ ਦਿਆਂ ਕੋ। ਹੋਰ ਸੰਬੂਹਿ ਪੁਜਾਰੀਆਂ ਕੋ ਸ੍ਰੀ ਵਾਹਿਗੁਰੂ ਜੀ ਕੀ ਫਤਿਹ ਬੁਲਾਈ ਪ੍ਰਮਾਨ ਕਰਿਨੀ। ਹੋਰ ਸਿੰਘਾਂ ਨਿਹੰਗਾ ਫਤੇ ਬੁਲਾਈ ਪ੍ਰਮਾਨ ਕਰਨੀ। ਹੋਰ ਸਿੰਘ ਸਾਹਿਬ ਜੀ ਮਤਲਬ ਇਹ ਹੈ। ਥੋੜੇ ਮੇਂ ਹੀ ਸਮਝ ਲੈਣਾ। ਜਿਨ੍ਹਾਂ ਨੂੰ ਤੁਸੀਂ ਕੂਕੇ ਆਂਹਦੇ ਹੋ ਜੋ ਇਹੁ ਰਚਨਾ ਗੁਰੂ ਦਸਮੇ ਪਾਤਸ਼ਾਹ ਨੇ ਰਚੀ ਹੈ। ਸਾਰੇ ਕੂਕੇ ਤੇ ਰਾਮ ਸਿੰਘ ਨੂੰ ਬੀ। ਜੋ ਅਸੀਂ ਆਂਧੇ ਹਾਂ ਸਤਿਗੁਰੂ—ਜੋ ਤਾਂ ਇਹ ਕਾਰਨ ਸਾਰਾ ਤੁਸਾਂ ਨੂੰ ਗੁਰੂ ਦਾ ਮਾਲੂਮ ਪੈਂਦਾ ਹੈ ਤਾਂ ਤੇ ਤੁਸੀਂ ਹਥ ਜੋੜ ਕੇ ਸਾਰੇ ਦੇਸ਼ ਦੇ ਪੁਜਾਰੀ ਤਨਖਾਹ ਬਖਸ਼ਾਉ। ਗੁਰੂ ਬਖਸ਼ ਦੇਵੇਗਾ। ਗਲ ਮੇਂ ਪਲਾ ਪਾ ਕੇ ਆਖੋ ਅਸੀਂ ਭੁਲ ਗਏ ਹਾਂ ਗੁਰੂ ਜੀ ਦੇ ਸਾਂਗ ਨੂੰ ਨਹੀਂ ਜਾਣ ਸਕੇ। ਅਰ ਏਹੋ ਹੁਕਮ ਕਬੂਲ ਕਰੋ ਜੋ ਕਰਦੇ ਹੋ ਗੁਰੂ ਬਖਸ਼ ਲਵੇਗਾ। ਤੁਸੀਂ ਵਡੀ ਮਨ ਮਤ ਕੀਤੀ ਹੈ। ਸਭ ਨੇ ਰਲ ਕੇ ਗੁਰੂ ਜੀ ਦੇ ਹੁਕਮ ਨਾਲ ਦਾਵਾ ਬੰਨਿਆ ਹੈ। ਅਰ ਜੇ ਜਾਣਦੇ ਹੋ ਕੇ ਏਹੁ ਹੁਕਮ ਗੁਰੂ ਜੀ ਦਾ ਨਹੀਂ ਰਾਮ ਸਿੰਘ ਨੇ ਹੀ ਕੂੜਾ ਖੜਾ ਕਰ ਲਿਆ ਹੈ ਕਲਾਮ ਪੜ੍ਹ ਕੇ ਤਾਂ ਰਾਮ ਸਿੰਘ ਤੇ ਕੂਕੇ ਤੁਸਾਂ ਦੇ ਅਗੋ ਕਿਆ ਚੀਜ਼ ਹੈ। ਤੁਸੀਂ ਆਪ ਭੀ ਬਡੇ ਹੋ ਬਾਨਾਂ ਤਕ ਤਾਂ ਬਾਲੇ ਤੁਮਾਰੇ ਪਖੀ

ਭੀ ਬਹੁਤ ਵਡੇ ਹਨ ਰਾਜੇ ਬਲਧਾਰੀ। ਸਾਰੇ ਰਲ ਕੇ ਏਸ ਬਾਤ ਕੋ ਦੂਰਿ ਕਰੋ ਕੂਕਿਆਂ ਦੇ ਛੁਡੇ ਕੇ। ਦੋ ਮੈ ਤੇ ਏਕ ਬਾਤ ਕਰੋ ਜੋ ਤੁਆਨੂੰ ਅਛੀ ਲਗੇ। ਜੋ ਦੋ ਮੈਂ ਤੇ ਏਕ ਨ ਕਰੋਗੇ ਤਾਂ ਤੁਮਾਰੇ ਪੇਸ਼ ਆਵੇਗੀ। ਇਹੁ ਬਾਤ ਜੋ ਸੁਭਾਉ ਤੁਸੀਂ ਬੂਤਾ ਹੈ। ਜੋ ਤੁਸੀਂ ਕਹੋ ਕਦ ਪੇਸ਼ ਆਊ ਤਾਂ ਹੁਣ ਕੋਹ ਤਾਂ ਮੁਕ ਗਏ ਕਦਮ ਰਹੇ ਹਨ। ਤਕੜੇ ਹੋ ਕੇ ਏਕ ਬਾਤ ਕਰੋ। ਜੇ ਚੁਪ ਹੁਣ ਕਰ ਰਹੇ ਤਾਂ ਤੁਮਾਰਾ ਕੰਮ ਬਹੁਤ ਬਿਗੜ ਜਾਵੇਗਾ ਸਭਨਾਂ ਦਾ ਜੋ ਅਛੀ ਹੈ ਸੋ ਕਰੋ। ਇਹ ਬਾਤ ਝੂਠੀ ਨ ਜਾਣਨੀ ਹਮਾਰਾ ਤਾਂ ਜੋ ਵਿਗੜਨਾ ਥਾ ਸੋ ਵਿਗੜ ਹਟਾ। ਅਬ ਤੁਮਾਰੀ ਬਾਰੀ ਹੈ। ਨਾਲੇ ਤੁਮਾਰੇ ਪਖੀਆਂ ਦੀ। ਇਹੁ ਜੋ ਲਿਖਾ ਹੈ ਆਵਾਗੌਣ ਨ ਜਾਣਾਂ। ਜੇ ਗੁਰੂ ਦਾ ਕਹਿਣਾ ਝੂਠਾ ਹੈ ਤਾਂ ਇਹ ਭੀ ਝੂਠਾ ਹੋਇ ਜਾਊ। ਗੁਰੂ—ਜੀ ਦਾ ਹੁਕਮ ਤਾਂ ਸਦਾ ਹੀ ਸਚਾ ਹੈ ਤਾਂ ਏਹ ਭੀ ਸਚਾ ਹੈ।

ਹੁਣ ਫੇਰ ਨਹੀਂ ਕਰਨੀ ਦੋ ਬਾਤਾਂ ਮੈਂ ਤੇ ਏਕ ਕਰ ਦੇਣੀ। ਜਿਸ ਦਿਨ ਤੁਸੀਂ ਕੂਕਿਆਂ ਦੇ ਪੰਥ ਕੋ ਮਿਟਾਵੇ ਮੋਗੇ ਫੇਰਿਆ ਸੀ ਸਾਰੇ ਕੂਕੇ ਤੁਮਾਰੇ ਪਾਸ ਤੇ ਤਨਖਾਹ ਬਖਸ਼ਾਇ ਲਵਾਂਗੇ। ਉਰੇ ਨਹੀਂ ਬਖਸ਼ਾਉਂਦੇ। ਥੋੜਾ ਲਿਖਾ ਬਹੁਤ ਕਰਿ ਸਮਝ ਲੈਣਾ। ਜਿਥੇ ਜਿਥੇ ਅਗੇ ਕਲਾਮ ਫੇਰੀ ਹੈ ਲਿਖ ਕੇ ਉਥੇ ਉਥੇ ਹੁਣਿ ਏਹੁ ਹਰਿ ਦਾਸ ਦਾ ਭੀ ਹੁਕਮ ਭੇਜ ਦੇਣਾ। ਲਿਖ ਕੇ ਉਕਣਾਂ ਨਹੀਂ ਹੁਣ ਏਸ ਬਾਤ ਤੇ ਸਾਰੇ ਅਕਾਲ ਬੁੰਗੇ ਤੇ ਹੀ ਫੈਲੀ ਹੈ ਕਿ ਕਲਾਮ ਕੂਕੇ ਪੜਦੇ ਹੈ। ਜਿਸ ਤਰਾਂ ਬਖ ਮਾਰੀ ਹੈ ਹੁਣਿ ਏਹੁ ਖਬਰ ਕਰ ਦੇਣੀ ਭਈ ਕੂਕੇ ਏਊ ਆਖੇ ਹੈ। ਸਭਨੀ ਥਾਈਂ ਤਕੜੇ ਕਰਿ ਦਿਉ ਅਗੇ ਮਾਂਗੂ। ਸਿਖੀ ਨੂੰ ਸੰਨ ਪਾਇਆ ਹੈ ਤੁਸੀਂ ਪੈਨ ਹੋ ..... .............।

ਜੇ ਹੁਣ ਨਹੀਂ ਉਦਮ ਕਰਨਾ ਤਾਂ ਤੁਸੀਂ ਅਗੇ ਹੀ ਚੁਪ ਕਰ ਰਹਿਣਾ ਸੀ ਤੁਸਾਂ ਦਾ ਕੀ ਨੁਕਸਾਨ ਥਾ ਹੁਣ ਤਾਂ ਤੁਸਾਂ ਦੀ ਪਤਿ ਤਾਂ ਹੀ ਰਹਿੰਦੀ ਹੈ ਜੇ ਮਿਟਾ ਦਿਉ ਕੂਕਾ ਪੰਥ ਕੋ ਨਹੀਂ ਤੇ ਜਿਥੇ ਜਿਥੇ ਕਿਸੇ ਨੇ ਕਲਾਮ ਭੇਜੀ ਹੈ ਕਿ ਕਹੀ ਹੈ ਉਥੇ ਤੁਮਾਰੇ ਮੁਹਿ ਤੇ ਮਿੱਟੀ ਪਊਗੀ।

ਸੋ ਤੁਆਨੂੰ ਗੁਰੂ ਦਾ ਨਹੀਂ ਮਲੂਮ ਹੁੰਦਾ। ਰਾਮ ਸਿੰਘ ਨੇ ਹੀ ਝੂਠੀ ਬਾਤ

Sri Satguru Jagjit Singh Ji Elibrary NamdhariElibrary@gmail.com

ਬਣਾ ਲਈ ਹੈ ਕਲਾਮ ਪੜ੍ਹ ਕੇ ਗੁਰੂ ਜੀ ਦਾ ਹੁਕਮ ਨਹੀਂ ਕੂਕਾ ਪੰਥ ਤਾਂ ਤੁਸੀਂ ਕੂਕੇ ਪੰਥ ਕੋ ਮਿਟਾ ਦੇਉ ਕਠੇ ਹੋ ਕੇ ਜਿਤਨਿਆਂ ਤੇ ਮਿਟਦਾ ਹੈ ਵਡੇ ਛੋਟੇ ਸਾਰੇ ਈ ਰਲ ਕੇ। ਜੇ ਗੁਰੂ ਕਾ ਨਹੀਂ ਹੋਊ ਤਾਂ ਹੀ ਮਿਟੂਗਾ। ਮਨੁਖ ਦੀ ਬਣਾਈ ਤੇ ਮਨੁਖ ਹਟਾ ਸਕਦਾ ਹੈ। ਅਕਾਲ ਪੁਰਖ ਦੀ ਬਣਾਈ ਮਨੁਖ ਤੇ ਨਹੀਂ ਹਟਦੀ। ਨਾਲੇ ਸਿੰਘ ਸਭਾ ਵਾਲਿਆਂ ਕੋ ਭੀ ਨਾਲ ਲਾ ਲੈਣਾ। ਇਹ ਅਰਦਾਸ ਤਾਂ ਤੁਸਾਂ ਦੇ ਭੇਜੀ ਹੈ ਕੂਕਿਆਂ ਨੇ।

---

# ਹੋਰ ਹੁਕਮਨਾਮਿਆਂ ਵਿਚੋਂ

ਸੰਤ ਸਿਆਮ ਸਿੰਘ ਜੀ ਜੀਵਨ ਸਿੰਘ ਜੀ ਸਰਹਾਲੀ ਤੇ ਕਾਹਨ ਸਿੰਘ ਜੀ ਬੁਰਜ ਵਾਲੇ ਵਿਚੋਂ।

"ਤੁਸੀਂ ਪ੍ਰਤੀਤ ਕਰਕੇ ਜਾਨਣਾ। ਇਹੁ ਸੰਤ ਖਾਲਸੇ ਦਾ ਹੀ ਮੁਢ ਹੈ। ਇਹ ਨਿਉ ਸੰਤ ਖਾਲਸੇ ਦੀ ਗੁਰੂ ਸਾਹਿਬ ਆਪ ਰਖੀ ਹੈ। ਮਨੁਖ ਦੀ ਹਟਾਈ ਹਟਦੀ ਨਹੀਂ। ਹਟਾਣ ਨੂੰ ਝਖ ਬਹੁਤਿਆਂ ਮਾਰ ਲਈ ਹੈ। ਅਜੇ ਮਾਰੀ ਜਾਂਦੇ ਹੈਨ। ਪਰ ਮਨੁਖ ਦੀ ਤਾਂ ਮਨੁਖ ਹਟਾਇ ਦਿੰਦਾ ਹੈ। ਈਸ਼ਰ ਕ੍ਰਿਤ ਮਨੁਖ ਤੇ ਨਹੀਂ ਹਟਦੀ। ਮੂੰਹ ਕਾਲਾ ਬਹੁਤੇ ਸਿਖਾਂ ਸਾਧਾ ਨੇ ਭੀ ਕਰ ਲਿਆ ਹੈ ਹਟਾਉਣ ਨੂੰ ਅਰ ਨਿੰਦਿਆ ਕਰਕੇ।"

ਹੁਕਮ ਨਾਮੇ ਸਿਆਮ ਸਿੰਘ ਜੀ ਸਰਹਾਲੀ ਤੇ ਕਾਹਨ ਸਿੰਘ ਬੁਰਜ ਤੇ ਬੀਬੀ ਦਇਆ ਤੇ ਸੁਖਾਂ ਵਾਲੇ ਵਿਚੋਂ।

"ਇਹ ਲੋਕ ਮੈਨੂੰ ਹੀ ਆਪੇ ਹੈ ਕੁਛ ਏਨੇ ਕਰ ਲਿਆ ਹੈ। ਗੁਰੂ ਵਲ ਨਿਗਾਹ ਨਹੀਂ ਏਹਨਾਂ ਲੋਕਾਂ ਦੀ। ਗੁਰੂ ਜੀ ਦਾ ਹੁਕਮ ਏਵੇਂ ਹੀ ਥਾ। ਸਭ ਨੇ ਆਢਾ ਕੀਤਾ ਏਸ ਪੰਥ ਨਾਲ। ਇਹੁ ਜਿਤਨੀ ਕਾਰ ਹੈ ਸੋ ਸਾਹਿਬ ਦਸਮ ਪਾਤਸ਼ਾਹ ਦੀ ਹੈ ਤੁਸੀਂ ਸਤਿ ਕਰਕੇ ਮੰਨਣਾ। ਹੋਰ ਨ ਕੰਮ ਇਹ ਮੇਰੇ ਕਰਨ ਦਾ

Sri Satguru Jagjit Singh Ji Elibrary NamdhariElibrary@gmail.com

ਥਾ ਨ ਇਹੁ ਹੋਰ ਮਨੁਖ ਤੇ ਹੋ ਸਕਦਾ ਥੀ ਤੁਸੀਂ ਵਿਚਾਰ ਕੇ ਦੇਖੋ ਅਗੇ ਸਿਖ ਸਾਧ ਤਾਂ ਹੋਇ ਹੈਨ ਇਹੁ ਕੰਮ ਨਹੀਂ ਕਿਸੇ ਤੋੜ ਲਿਆ। ਏਹਨਾਂ ਲੋਕਾਂ ਏਹੁ ਕਾਰ ਗੁਰੂ ਦੀ ਨਹੀਂ ਜਾਣੀ। ਇਹ ਕੀ ਕਰਨ ਗੁਰੂ ਸਾਹਿਬ ਦਾ ਹੁਕਮ ਥੀ ਇਕ ਸੰਤ ਖਾਲਸੇ ਬਿਨਾਂ ਹੋਰ ਮਲੇਛ ਪੰਥ ਮੇਂ ਮਿਲ ਜਾਵਹਿਗੇ। ਜੋ ਸਭ ਦਾ ਇਹ ਸੁਭਾਉ ਹੋਇ ਗਿਆ ਹੈ ਬਿਲਿਆ ਜਿਹਾ ਹੀ।"

ਗੁਰੂ ਹਰੀ ਸਿੰਘ ਜੀ ਤੇ ਆਪਣੇ ਦੋਹਤ੍ਰਿਆਂ ਹਰਨਾਮ ਸਿੰਘ ਬਸੰਤ ਸਿੰਘ ਸੂਰਤ ਸਿੰਘ ਤੇ ਕੁਝ ਸਿੰਘਾਂ ਵਲ ਭੇਜੇ ਹੁਕਮ ਨਾਮੇ ਵਿਚੋਂ।

''ਤੁਮਾਰੇ ਸਾਹਵੇਂ ਪੁਜਾਰੀਆਂ ਦੀ ਮਤ ਏਸੇ ਕਰ ਕੇ ਮਾਰੀ ਗਈ ਪੂਜਾ ਖਾਕੇ ਭਜਨ ਨਹੀਂ ਕੀਤਾ। ਤਾਹੀ ਤੇਂ ਗੁਰਮੁਖੀ ਚਾਲ ਕੋ ਢਕ ਉਠੇ ਵਡੇ ਛੋਟੇ ਗਿਆਨੀ ਧਿਆਨੀ ਬੇਦੀ ਸੋਢੀ ਦੇ ਸਿਰਫ ਬਿਨਾਂ ਭਜਨ ਪੂਜਾ ਨੇ ਹੀ ਮਾਰ ਲੇ।"

# ਹੁਕਮ ਨਾਮੇ ਜੁਆਲਾ ਦੇਈ ਵਾਲੇ ਵਿਚੋਂ

"ਹੁਣ ਹਰਿਦਾਸਾਂ ਬਹੁਤ ਲਿਖੀਆਂ ਹਨ। ਏਨ੍ਹਾਂ ਨੂੰ ਵਿਚਾਰਨਾਂ ਚਾਹੀਏ ਅਰ ਮੰਨਣਾਂ ਜੋ ਲਿਖਾ ਹੈ। ਬਿਨਾਂ ਮੰਨੇ ਬਹੁਤਿਆਂ ਨੇ ਕੀ ਕੰਮ ਲੈਣਾਂ ਹੈ। ਪਿਛੇ ਦੇਂਦਿਆਂ ਦਾ ਭੀ ਏਈ ਹੁਕਮ ਹੈ ਸਰਮਥ ਜੋ ਗਿਆਰਾਂ ਗੁਰੂ ਹੋਏ ਹੈ ਮੈਂ ਭੀ ਉਹਨਾਂ ਦਾ ਹੀ ਹੁਕਮ ਸੁਣਾਉਂਦਾ ਹਾਂ।"

# ਹੋਰ ਇਕ ਹੁਕਮ ਨਾਮੇ ਵਿਚੋਂ ਬਚਨ

"ਸੋ ਜੀ ਜੇ ਜੋ ਇਹ ਲੋਕ ਹੁਣ ਨ ਮਿਲੇ ਤਾਂ ਫੇਰ ਗੇ ਚੁਰਾਸੀ ਨੂੰ। ਇਨ੍ਹਾਂ ਖਸਮ ਨਾਲ ਬਰਾਬਰੀ ਕੀਤੀ ਹੈ। ਹੁਣ ਏਨ੍ਹਾਂ ਦਾ ਕੋਈ ਟਕਾਣਾ ਨਹੀਂ ਹੈ। ਨ ਪਿਛੇ ਜਾਣ ਜੋਗੇ ਰਹੇ ਨ ਹਟਣ ਜੋਗੇ ਰਹੇ। ਨ ਮਿਲਣ ਜੋਗ ਹੈ। ਏਨਾਂ ਨੇ ਦਾਵਾ ਗੁਰੂ ਪ੍ਰਮੇਸਰ ਨਾਲ ਬੰਨਿਆ ਹੈ। ਮੈਂ ਤਾਂ ਗੁਰੂ ਨਹੀਂ ਪਰ ਇਹ ਰਚਨਾਂ ਗੁਰੂ ਜੀ ਰਚੀ ਹੈ ਹੁਣ ਹਮੇਸ਼ਾ ਇਹ ਹੀ ਮੰਗਦੇ ਹੈ ਤੇ ਚਿਤਵਦੇ ਹੈ ਭਾਵੇਂ ਗੁਰੂ ਕੀ ਹੈ ਰਚੀ

Sri Satguru Jagjit Singh Ji Elibrary NamdhariElibrary@gmail.com

ਘਰ ਨ ਰਹੇ ਤਾਂ ਹਛਾ ਹੈ।"

"ਇਹ ਤਾਂ ਗੁਰੂ ਜੀ ਨੇ ਨਾਮ ਦੀ ਗੰਗਾ ਆਂਦੀ ਹੈ ਤੁਸੀਂ ਮਨ ਭੀ ਵੇਖ ਲਹੋ ਜੋ ਕੌਣ ਸੀ ਬਾਤ ਬੁਰੀ ਹੈ। ਇਹ ਨਾਮ ਦੀ ਗੰਗਾ ਆਂਦੀ ਹੈ ਉਸ ਨੂੰ ਨਿੰਦ ਨਿੰਦਕ ਨਿੰਦਾ ਕਰਦੇ ਹੈ। ਗੁਰੂ ਜੀ ਦੇ ਚਰਨਾਂ ਵਿਚ ਧਿਆਨ ਧਰ ਕੇ ਹਥ ਜੋੜ ਕੇ ਇਹ ਮੰਗ ਮੰਗਣੀ ਹਮੇਸ਼ਾਈ ਗੁਰੂ ਸੁਆਂਗ ਸਮੇਂ ਸਿਦਕ ਦਾ ਦਾਨ ਦੇਣਾਂ ਸਦਾ ਈ ਗੁਰਮਤ ਦਾ ਦਾਨ ਦੇਈ।"

"ਹੋਰ ਨਰਾਇਣ ਸਿੰਘ ਤੇ ਸਮਝੀ ਇਹ ਬਾਤ ਜੋ ਸਿੰਘ ਸਭਾ ਬਣਾਈ ਹੈ ਜੋ ਏਨਾਂ ਤੇ ਰੀਸ ਕੀਤੀ ਹੈ ਗੁਰੂ ਦੇ ਕੰਮ ਦੀ। ਏਧਰ ਕੰਮ ਤੇ ਨਿਕਲ ਪਿਆ ਗੁਰੂ ਦਾ ਏਧਰ ਦੇ ਮਿਲਨ ਜੋਗੇ ਹੈ ਨਹੀਂ ਕੀ ਮੂੰਹ ਲੈਕੇ ਮਿਲਣ ਬਹੁਤ ਸਾਕੇ ਹੈਂ ਮੂੰਹ ਆਉਂਦਾ ਹੁਣਿ ਸਲਾਹ ਕੀਤੀ ਹੈ ਜੋ ਆਪਣੇ ਘਰ ਦੀ ਹੀ ਬਾਤ ਬਣਾਏ ਲਉ। ਕੂਕਿਆਂ ਨੇ ਤੋਰ ਲਿਆ ਹੈ ਸਭ ਕੰਮ ਕੰਗਾਲਾਂ ਨੇ। ਸਾਡੇ ਵਿਚ ਤਾਂ ਬਡੇ ਬਡੇ ਆਦਮੀ ਬਹੁਤ ਹੈ। ਸਾਡੇ ਪਾਸੋਂ ਕਿਉਂ ਨਹੀਂ ਤੁਰੂਗਾ। ਇਹ ਕੰਮ ਨ ਬਡੇ ਤੇ ਤੁਰਦਾ ਹੈ ਨ ਛੋਟੇ ਤੇ ਤੁਰਦਾ ਹੈ ਇਹ ਤਾਂ ਕੰਮ ਗੁਰ ਦੇ ਕਰਨ ਦਾ ਹੈ ਜੋ ਗੁਰੂ ਜੀ ਨੇ ਕੀਤਾ ਹੈ।"

## ਗੁਰੂ ਹਰੀ ਸਿੰਘ ਜੀ ਵਲ ਆਏ ਹੁਕਮ ਨਾਮੇ ਵਿਚੋਂ

"ਜਿਸ ਜਿਸ ਨੇ ਕੂਕਿਆਂ ਦੇ ਨਾਲ ਵਿਰੁਧ ਕੀਤਾ ਹੈ ਵੇਖ ਲੈਣਾਂ ਏਨਾਂ ਕੇ ਕੈਸਾ ਠਿਠ ਪਊਗਾ। ਕਿਉਂ ਜੋ ਕੂਕੇ ਗੁਰੂ ਦੇ ਹੁਕਮ ਨਾਲ ਹੋਏ ਹੈ। ਏਨਾਂ ਦਾ ਦਾਵਾ ਗੁਰੂ ਸਾਥ ਪੈ ਗਿਆ। ਅਗੇ ਜੋ ਸਚੇ ਪਾਤਸ਼ਾਹ ਕਲਗੀਆਂ ਵਾਲੇ ਦਾ ਹੁਕਮ ਹੈ ਸੋ ਸਭ ਪੂਰਾ ਵਰਤੇਗਾ ਸਤਿ ਕਰਕੇ ਮੰਨਣਾਂ।"

## ਗੁਰੂ ਹਰੀ ਸਿੰਘ ਜੀ ਵਲ ਆਏ ਹੁਕਮ ਨਾਮੇਂ ਵਿਚੋਂ

"ਤੁਸੀਂ ਗੁਰੂ ਗੁਰੂ ਜਪੋ ਰਾਤ ਦਿਨ। ਮੇਰੀ ਵਲੋਂ ਵੇਖ ਲੈਉ। ਕੋਈ ਤੇ

Sri Satguru Jagjit Singh Ji Elibrary NamdhariElibrary@gmail.com

ਆਧੇ ਹਨ।'' ਤੁਤਾਂ ਅਕਾਲ ਪੁਰਖ ਹੈ ਕੋਈ ਆਧੇ ਹੈਨ ਸਹੁਰੇ ਤਖਾਣ ਮੂਲਖ ਭ੍ਰਸ਼ਟ ਕਰ ਦਿਤਾ ਹੈ। ਕੋਈ ਆਧੇ ਹੈਨ ਸਾਨੂੰ ਅੰਮ੍ਰਿਤ ਦਾਨ ਦਿਤਾ ਹੈ ਏਹੋ ਜੇਹੀ ਚਲੀ ਆਈ ਹੈ ਪਿਛੇ ਤੇ ਲਾਕੇ।''

''ਹੋਰ ਭਾਈ ਮੈਂ ਤੇ ਬਹੁਤ ਉਪਾਉ ਕਰ ਦੇਖ ਰਿਹਾ ਹਾਂ। ਮੈਨੂੰ ਤਾਂ ਕਿਤੋਂ ਬੀ ਨਹੀਂ ਸੁਖ ਹੋਇਆ। ਨ ਤਨ ਕਰਕੇ ਨ ਮਨਿ ਕਰਕੇ ਧਨ ਕਰਕੇ ਹੀ। ਪਰ ਜਦ ਗੁਰੂ ਬਾਲਕ ਸਿੰਘ ਜੀ ਨੇ ਨਾਮ ਦਾਨ ਦਿਤਾ ਸਾਰੇ ਹੀ ਸੁਖ ਹੋਇ ਗਏ ਹਨ ਤਨ ਦੇ ਬੀ ਤੇ ਮਨ ਦੇ ਬੀਤੇ ਧਨ ਦੇ ਬੀ।''

ਪੁਜਾਰੀਆਂ ਵਾਲੇ ਹੁਕਮ ਨਾਮੇ ਵਿਚੋਂ। ਸੌਜੀ ਜੋ ਤਾਂ ਅਸੀਂ ਗੁਰੂ ਦੇ ਰਾਹ ਤੇ ਹੋਰ ਕੁਛ ਕਰਦੇ ਹੁੰਦੇ ਤੁਸਾਨੂੰ ਜਾਣਦੇ ਖਰੇ ਵਡੇ ਕਿ ਸਾਡਾ ਪਖੰਡ ਏਨਾਂ ਨੇ ਜਾਹਰ ਕਰ ਦਿਖਾਇਆ ਹੈ ਅਸੀਂ ਦੋਹਾਂ ਗਰੰਥ ਸਾਹਿਬਾਂ ਦੀ ਬਾਣੀ ਤੇ ਭਾਈ ਦੀ ਬਾਣੀ ਬਿਨਾਂ ਹੋਰ ਬਾਣੀ ਨਹੀਂ ਪੜਦੇ ਗੁਰਮੰਤਰ ਬਿਨਾਂ ਹੋਰ ਕਿਸੇ ਦਾ ਮੰਤਰ ਨਹੀਂ ਪੜਦੇ--ਇਕੀ ਆਧੇ ਹੈ—ਫੇਰ ਅਸੀਂ ਪਕ ਜਾਣਿਆ ਸਰਾਫ਼ੀ ਸਗੂਾ ਤੇ ਠੀਕ ਬੈਠੇ ਹਨ ਪਰ ਅਖਾਂ ਤੋਂ ਅੰਨ੍ਹੇ ਹੈਨ ਗੁਰੂ ਸ਼ਬਦ ਕਰਕੇ ਜਾਣਿਆ ਗਿਆ ਗੁਰੂ ਜੀ ਦਾ ਬਦਨ ਹੈ।'' ਨਾਨਕ ਅੰਧ ਹੋਇ ਕੈ ਰਤਨਾ ਪਰਖਣ ਜਾਇ। ਰਤਨਾਂ ਸਾਰਨ ਜਾਣਈ ਆਵੈ ਆਪ ਲਖਾਇ। ''ਜਦ ਬੋਲ ਉਠੇ ਸਚੀ ਮਣੀ ਕੇ ਝੂਠੀ ਝੂਠੀ ਹੈ ਸਚੀ ਤਾਂ ਸਭ ਲੋਕ ਜਾਣ ਲੈਂਦੇ ਹੈਨ ਸਰਾਫ਼ ਤੇ ਹੈਨ ਪਰ ਅੰਨੇ ਹੈਨ ਏਨਾਂ ਤੋਂ ਕੀ ਪਰਖਾਉਣਾਂ ਹੈ।''

''ਫੇਰ ਅਸੀਂ ਏਸ ਤਰ੍ਹਾਂ ਕਹਾ ਦੇਖੋ ਛੇਤੀ ਨ ਅੰਨੇ ਕਹੇ ਨ ਤਨਖਾਹ ਹੀ ਬਖਸ਼ਾਉ ਜੋ ਕੁਛ ਧੂਪ ਛਾਉ ਦਿਸਣ ਬੀ ਲਗ ਪਵੇ। ਸੋ ਅਜੇ ਤਾਈ ਨਹੀਂ ਲਗੀ ਦਿਸਣ। ਕਿਉਂ ਜੋ ਤੁਸੀਂ ਹੁਣ ਤਾਈ ਆਧੇ ਹੋ ਤਨਖਾ ਬਖਸ਼ਾਉ। ਸਚੀ ਮਣੀ ਦਸੀ ਜਾਂਦੇ ਹੋ ਤੁਸੀਂ ਪਕੇ ਅੰਨੇ ਸਰਾਫ਼ ਹੋ ਸੋ ਸਾਨੂੰ ਝੂਠੀ ਮਣੀ ਤੁਸਾਂ ਪਾਸ ਦਿਸਦੀ ਹੈ।''

ਇਹ ਹੁਕਮ ਨਾਮਿਆਂ ਵਿਚੋਂ ਸਾਰੇ ਬਚਨ ਜਿਉਂ ਕੇ ਤਿਉਂ ਲਿਖ ਇਸ ਲਈ ਦਖਾਏ ਹਨ ਕਿ ਪਾਠਕਾਂ ਨੂੰ ਤਸਲੀ ਹੋ ਜਾਵੇ ਤੇ ਸਮਝ ਸਕਣ ਕਿ ਇਹ ਕੂਕਾ ਪੰਥ ਦਸਮ ਗੁਰੂ ਜੀ ਦੇ ਹੁਕਮ ਨਾਲ ਹੋਇਆ ਹੈ ਤੇ ਜੋ ਨਿੰਦਾ ਤੇ ਵਿਰੋਧ ਕਰਦੇ ਹਨ ਉਹਨਾਂ ਦਸਮ ਜੀ ਦੇ ਨਦੇੜ ਵਾਲੇ ਕੌਤਕ ਦੇ ਸਾਂਗ ਨੂੰ ਨਹੀਂ ਲਖਿਆ। ਤੇ

Sri Satguru Jagjit Singh Ji Elibrary NamdhariElibrary@gmail.com

ਬਿਨਾਂ ਗੁਰੂ ਹੁਕਮ ਦੇ ਸਜਾਏ ਪੰਥ ਨਾਲ ਆਢਾ ਲਾਇਆ ਹੈ ਉਹਨਾਂ ਗੁਰੂ ਗੋਬਿੰਦ ਸਿੰਘ ਜੀ ਨਾਲ ਹੀ ਆਢਾ ਲਾਇਆ ਹੈ। ਅਸਲੀ ਸਿਖੀ ਦਸਮ ਜੀ ਦੀ ਨੂੰ ਬੰਨ ਲਾਇਆ ਹੈ (ਅਰਥਾਤ) ਗੁਰੂ ਸਿਖੀ ਵਲੋਂ ਮੂੰਹ ਮੋੜ ਮਲੇਛਾਂ ਬਿਲਿਆਂ ਨਾਲ ਮਿਲ ਗਏ ਹਨ। ਤੇ ਜੋ ਮਤ ਕੂਕਾ ਪੰਥ ਦੇ ਉਲਟ ਟੋਰਿਆ ਹੈ ਇਹ ਰੀਸ ਕੀਤੀ ਹੈ 'ਸਿੰਘ ਸਭਾ ਨੇ ਮਲੇਛਾ ਗੋਰਿਆਂ ਕਹੇ। ਤੇ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਬਾਲਕ ਸਿੰਘ ਜੀ ਨੂੰ ਦਰਸ਼ਨ ਦੇ ਕਿਹਾ ਸੀ। ਮੇਰੋ ਅਵਤਾਰ ਅੰਸ ਰਾਮ ਸਿੰਘ ਹਵੇ ਭਰੋ'' ਉਸ ਹੁਕਮ ਦੇ ਉਲਟ ਚਲ ਭਟਕ ਮਨ ਮਤ ਟੋਰੀ ਹੈ ਅੰਗਰੇਜ਼ਾਂ ਕਹੇ।

ਜਸਵੰਤ ਸਿੰਘ ਜੀ ਪ: ਛ: ਦੇ 37 ਪੰਨੇ ਤੇ ਦੂ: 36 ਪੰਨੇ ਤੇ ਜੋ ਭਾਈ ਜੋਧ ਸਿੰਘ ਜੀ ਦੀਆਂ ਲਿਖੀਆਂ ਸਤ੍ਹਾਂ ਦਿਤੀਆਂ ਹਨ ਉਹ ਇਸ ਤਰ੍ਹਾਂ ਹਨ।

''ਜਿਹੜੇ ਗੁਰੂ ਸਦਾਉਣ ਵਾਲੇ ਸਜਨ ਗੁਰੂ ਨਾਲੋਂ ਬਾਣੀ ਨੂੰ ਘਟੀਆ ਦਰਜਾ ਦੇਂਦੇ ਹਨ, ਉਹ ਇਕ ਗਲ ਭੁਲ ਜਾਂਦੇ ਹਨ, ਜਦੋਂ ਉਹਨਾਂ ਦੀ ਦੇਹ ਬਿਨਸ ਜਾਏਗੀ ਤਾਂ ਕੀ ਉਹਨਾਂ ਦਾ ਹੁਣ ਦਾ ਉਪਦੇਸ਼ ਸਚਾ ਨਹੀਂ ਰਹੇਗਾ? ਇਕਰ ਮੰਨੀਏ ਤਾਂ ਕਿਸੇ ਧਰਮ ਪੁਸਤਕ ਦਾ ਰਤਾ ਜਿਨਾਂ ਭੀ ਮੁਲ ਨਹੀਂ ਰਹਿੰਦਾ ਕਈ ਸਜਣ ਕਹਿੰਦੇ ਹਨ, ਪੋਥੀ ਤਾਂ ਬੋਲਦੀ ਨਹੀਂ, ਤੇ ਦੇਹਧਾਰੀ ਗੁਰੂ ਤਾਂ ਆਪ ਉਪਦੇਸ਼ ਕਰਦਾ ਹੈ। ਉਨ੍ਹਾਂ ਨੂੰ ਇਕ ਭੁਲੇਖਾ ਲਗਾ ਹੋਇਆ ਹੈ ਪੋਥੀ ਬੋਲਦੀ ਹੈ। ਉਹਦੀ ਆਵਾਜ਼ ਅਖਾਂ ਰਾਹੀਂ ਅੰਦਰ ਪੁਜਦੀ ਹੈ। ਜਿਕੁਰ ਜੀਂਦੇ ਮਨੁਖ ਦੀ ਕੰਨਾਂ ਬਾਣੀਂ ਜੇਹੇ ਜੇਹੀ ਅਖ ਗਿਆਨ ਇੰਦਰੀ ਹੈ ਉਕਰ ਹੀ ਕੰਨ ਹਨ।''

ਇਸ ਦਾ ਉਤਰ ਦੇਂਦੇ ਹਾਂ ਜੋ ਬੜਾ ਸੌਹਲ ਹੈ। ਜੋ ਭਾਈ ਜੋਧ ਸਿੰਘ ਜੀ ਨੇ ਆਪੇ ਹੀ ਲਿਖ ਦਿਤਾ ਹੈ। ''ਜਿਕੁਰ ਜੀਂਦੇ ਮਨੁਖ ਦੀ ਕੰਨਾਂ ਬਾਣਾਂ।'' ਇਸੇ ਤਰ੍ਹਾਂ ਪੜ੍ਹੇ ਹੋਏ ਮਨੁਖ ਦੀ ਵਿਦਿਆ ਦਾ ਮੂਲ ਦੇਹ ਹੀ ਹੈ। ਪਰ ਉਹ ਪੁਸਤਕ ਪੜ੍ਹ ਕੁਝ ਗੁਣ ਲੈ ਸਕਦਾ ਹੈ ਪਰ ਅਨਪੜ੍ਹ ਨੂੰ ਤੇ ਫੇਰ ਦੇਹ ਦੀ ਲੋੜ ਹੀ ਪਵੇਗੀ ਸੁਨਣ ਲਈ ਇਸ ਲਈ ਦੇਹ ਹੀ ਮੂਲ ਰਹੇਗੀ। ਹਰ ਲੋੜ ਤੇ ਸਮੇਂ ਸੁਨਾਣ ਤੇ ਪੜ੍ਹਾਨ ਆਦ ਵੇਲੇ।

ਜਸਵੰਤ ਸਿੰਘ ਜੀ ਜੀਵਨ ਤੇ ਲਿਖ ਰਹੇ ਹਨ ਸਤਿਗੁਰੂ ਰਾਮ ਸਿੰਘ ਜੀ

Sri Satguru Jagjit Singh Ji Elibrary NamdhariElibrary@gmail.com

ਦਾ ਤੇ ਵਿਆਹ ਵਿਚ ਬੀਜ ਦੇ ਲੇਖੇ ਵਾਂਗੂ ਤੇ ਗਲ ਬਾਣੀ ਗੁਰੂ ਤੇ ਪੋਥੀ ਦੀ ਛੇੜ ਦਿਤੀ ਨੇ ਏਥੇ। ਇਹ ਝੇੜਾ ਤੇ ਸੰਤ ਨਿਧਾਨ ਸਿੰਘ ਜੀ ਆਲਿਮ ਹੋਰਾਂ ਨੇ ਗੁਰੂ ਪਦ ਪ੍ਰਕਾਸ਼ ਪਹਿਲੇ ਦੂਜੇ ਤੀਜੇ ਹਿਸੇ ਵਿਚ ਨਬੇੜ ਦਿਤਾ ਹੋਇਐ। ਉਸਦਾ ਸਾਰ ਅਸੀਂ ਏਥੇ ਥੋੜ੍ਹੇ ਵਿਚ ਹੀ ਲਿਖ ਦੇਂਦੇ ਹਾਂ। ਅਸੀਂ ਗੁਰਬਾਣੀ ਨੂੰ ਘਟੀਆ ਦਰਜਾ ਨਹੀਂ ਦੇਂਦੇ ਕਿਉਂਕਿ ਸਭ ਗੁਰੂ ਜੀ ਤੇ ਹਾਜਰ ਗੁਰੂ ਜੀ ਭੀ ਇਸ ਨੂੰ ਨਮਸਕਾਰ ਕਰਦੇ ਹਨ। ਪਰ ਦੇਹ ਬਿਨਸ ਜਾਣ ਬਾਦ ਬਾਣੀ ਝੂਠੀ ਤੇ ਨਹੀਂ ਹੋ ਜਾਂਦੀ।

ਪਰ ਹੋਰ ਦੇਹ ਦੀ ਮੁਥਾਜ ਹੋ ਜਾਂਦੀ ਹੈ ਤੇ ਕਦਰ ਉਸ ਦੀ ਉੱਕਾ ਨਹੀਂ ਘਟਦੀ। ਪੋਥੀ ਬੋਲਦੀ ਪੜ੍ਹੇ ਹੋਏ ਲਈ ਤੇ ਹੈ ਪਰ ਗੁਰਮਤ ਵਿਚ ਪੜ੍ਹੇ ਅਨਪੜ੍ਹੇ ਦਾ ਦਰਜਾ ਪ੍ਰਮਾਤਮਾ ਲਈ ਇਕੋ ਹੈ। ਤੇ ਪੋਥੀ ਦੇ ਬੋਲਣ ਤੇ ਸ਼ਬਦ ਦੇ ਸੁਨਾਣ ਦਾ ਮੁਖ ਦੇ ਰਹੀ ਹੈ। ਤੇ ਦੇਹ ਦੇ ਦਸਣ ਬਿਨਾਂ ਆਪਸ ਵਿਚ ਦੇ ਵਿਰੋਧੀ ਵਾਕਾਂ ਦਾ ਨਿਰਨਾ ਨਹੀਂ ਹੋ ਸਕਦਾ ਇਸ ਲਈ ਭਾਈ ਗੁਰਦਾਸ ਜੀ ਨੇ ਲਿਖਿਆ ਹੈ। "ਬੇਦ ਗਰੰਥ ਗੁਰ ਹੱਟ ਹੈ ਜਿਤ ਲਗ ਭਵ ਜਲ ਪਾਰ ਉਤਾਰਾ। ਸਤਿ ਗੁਰੂ ਬਾਝਨ ਬੁਝੀਐ ਜਿਚਰ ਧਰੇ ਨ ਗੁਰ ਅਵਤਾਰਾ।" ਅਰਥਾਤ ਦੇਹ ਧਾਰੀ ਸਤਿ ਗੁਰੂ ਜੀ ਦੀ ਲੋੜ ਜਰੂਰ ਹੀ ਹੋਣੀ ਲਿਖੀ ਹੈ। ਇਸ ਲਈ "ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰ" ਹੀ ਸਾਰ ਮੰਨਣਾ ਪਵੇਗਾ ਪੋਥੀ ਜਾਂ ਗਰੰਥ ਗੁਰੂ ਨਹੀਂ ਹੋ ਸਕੇਗਾ।" ਜੇ ਏਸ ਲਿਖਿਤ ਧਰਮ ਗਰੰਥ ਦੀ ਬਾਣੀ ਨੂੰ ਭਾਈ ਜੋਧ ਸਿੰਘ ਵਾਂਗੂ ਹੀ ਗੁਰ ਅਰਜਨ ਦੇਵ ਜੀ ਜਾਂ ਪਿਛੋਂ ਦੇ ਗੁਰੂ ਹੋਏ ਮੰਨਦੇ ਤਾਂ ਪੰਜਾਂ ਗੁਰੂਆਂ ਦੀ ਲੋੜ ਨ ਪੈਂਦੀ। ਅਸੀਂ ਗਰੰਥ ਸਾਹਿਬ ਜੀ ਦਾ ਸਤਿਕਾਰ ਗੁਰੂਆਂ ਦਾ ਗਰੰਥ ਕਰਕੇ ਕਰਦੇ ਹਾਂ ਤੇ ਨਮਸਕਾਰ ਕਰਦੇ ਹਾਂ ਤੇ ਨਿਰਾ ਸਤਿਕਾਰ ਹੀ ਨਹੀਂ ਕਰਦੇ ਸਗੋਂ ਇਸ ਵਿਚ ਲਿਖੇ ਬਚਨਾਂ ਉਪਰ ਅਮਲ ਕਰਕੇ ਵੀ ਇਸ ਦੀ ਮਹਾਨਤਾ ਨੂੰ ਸਿਰ ਧਰਦੇ ਹਾਂ।

ਪ: ਛ: 23 ਵਾਂ ਕਾਂਡ ਦੂ: 18 ਵਾਂ ਕਾਂਡ 91 ਪੰਨੇ ਦੇ ਅੰਤ ਤੇ ਜਸਵੰਤ ਸਿੰਘ ਜੀ ਲਿਖਿਆ ਹੈ।

Sri Satguru Jagjit Singh Ji Elibrary NamdhariElibrary@gmail.com

# ''ਬਾਬਾ ਜੀ ਦੇ ਬਦੇਸੀ ਸਬੰਧ''

''ਏਨਾਂ ਸਬੰਧਾਂ ਤੋਂ ਪਤਾ ਲਗਦਾ ਏ ਕਿ ਬਾਬਾ ਜੀ ਅੰਗਰੇਜ਼ ਨੂੰ ਕਢਣ ਲਈ ਇਕ ਵਿਸ਼ੇਸ਼ ਪ੍ਰੋਗ੍ਰਾਮ ਅਮਲੀ ਤੋਰ ਤੇ ਤਿਆਰ ਕਰ ਰਹੇ ਸੀ। ਪ੍ਰੰਤੂ ਆਪ ਦੇ ਸੇਵਕਾਂ ਨੇ ਜੋਸ਼ ਅਤੇ ਕਾਹਲੀ ਵਿਚ ਆਕੇ ਸਮੇਂ ਦੀ ਨਜ਼ਾਕਤ ਨਾ ਸਮਝਦਿਆਂ ਹੋਇਆਂ ਅਗੇਤਰੀ ਹੀ ਸਰਕਾਰ ਨਾਲ ਟੱਕਰ ਲੈਣੀ ਸ਼ੁਰੂ ਕਰ ਦਿਤੀ ਜਿਸ ਨਾਲ ਬਣੀ ਬਣਾਈ ਖੇਡ ਵਿਗੜ ਗਈ ਤੇ ਕੋਈ ਵੀ ਪ੍ਰੋਗ੍ਰਾਮ ਨੇਪਰੇ ਨ ਚੜ੍ਹ ਸਕਿਆ।''

(ਉਤਰ) ਜਸਵੰਤ ਸਿੰਘ ਜੀ ਨੂੰ ਦਾ ਤੇ ਸਤਿ ਗੁਰੂ ਰਾਮ ਸਿੰਘ ਜੀ ਦਾ ਜੀਵਨ ਲਿਖਣ ਦਾ ਆ ਗਿਆ ਮੈਡਲ ਤੇ ਇਨਾਮ ਲੈਣ ਦੇ ਲੋਭ ਵਿਚ ਪਿਆਂ। ਪਰ ਅੰਗਰੇਜ਼ ਦੇ ਵੇਲੇ ਤੋਂ ਲਈ ਨਾਮਧਾਰੀ ਪੰਥ ਨਾਲ ਵਿਰੋਧਤਾ ਉਹਨਾਂ ਦੇ ਦਿਲ ਵਿਚ ਜਿਉਂ ਕੀ ਤਿਉਂ ਹੀ ਜਾਪਦੀਏ। ਜਿਸ ਕਾਰਨ ਉਹ ਕੂੜ ਬੋਲਣੋਂ ਨਹੀਂ ਥਕਦੇ ਤੇ ਸਾਬਤ ਕਰਦੇ ਹਨ ਕਿ ਸਾਡਾ ਸ੍ਰਕਾਰੀ ਸਿਖਾਂ ਦਾ ਜਨਮ ਹੀ ਇਸੇ ਆਮਦਨ ਤੋਂ ਹੋਇਆ ਹੈ ਅਸੀਂ ਇਹ ਕਿਵੇਂ ਛਡੀਏ ਮਤੇ ਉਪਰਲੇ ਇਤਰਾਜ ਦੇਂਦੇ ਹੋਣ ਤੁਸਾਂ ਇਹ ਕੀ ਕੀਤੈ ਨਾਮਧਾਰੀਆਂ ਦੀ ਸਿਫਤ ਲਿਖ ਦਿਤੀ ਹੈ।

ਕੀ ਜਸਵੰਤ ਸਿੰਘ ਜੀ ਦਸ ਸਕਦੇ ਹਨ ਕਿ ਕਾਂਗਰਸ ਕਦੇ ਆਪਣੇ ਪ੍ਰੋਗ੍ਰਾਮ ਵਿਚ ਫੇਲ ਨਹੀਂ ਹੋਈ ਸੀ ਜੋ ਏਤਨਾ ਚਿਰ ਆਜ਼ਾਦੀ ਲਈ ਆਪਣੇ ਦੇਸ਼ ਦੀ ਖਾਤਰ ਕੰਮ ਕਰਦੇ ਮਰਦੇ ਗਦਰੀ ਤੇ ਬਬਰ ਅਕਾਲੀਆਂ ਦੇ ਵਾਂਗ ਕਦੇ ਕੁਚਲੇ ਨਹੀਂ ਸੀ ਗਏ। ਕੀ ਗੁਰੂ ਗੋਬਿੰਦ ਸਿੰਘ ਜੀ ਕਦੇ ਹਾਰ ਜਾਂ ਭਾਜ ਨਹੀਂ ਸੀ ਖਾਧੀ ਤੇ ਆਪਣੇ ਪ੍ਰੋਗ੍ਰਾਮ ਵਿਚ ਅਸਫਲ ਨਹੀਂ ਸਨ ਹੋਏ। ਕੀ ਉਹ ਪੂਰੀ ਜੁਗਤ ਨਾਲ ਸਮੇਂ ਦੀ ਵਰਤੋਂ ਨ ਕਰਦੇ ਸੀ ਤੇ ਜਸਵੰਤ ਸਿੰਘ ਜੀ ਦੇ ਕਹੇ ਅਨੁਸਾਰ ਸਮੇਂ ਦੀ ਨਜ਼ਾਕਤ ਨ ਸਮਝ ਹੀ ਪੁਤਰ ਮਰਵਾਏ ਤੇ ਨੰਗੇ ਪੈਰੀ ਤੁਰਦੇ ਭੇਸ ਬਦਲਾਦੇ ਤੇ ਬਚਦੇ ਰਹੇ ਸੀ ਤੇ ਦੁਖ ਉਠਾਦੇ ਰਹੇ ਸੀ ? ਅੱਵਸ਼ ਕਹਿਣਾ ਪਵੇਗਾ ਜਸਵੰਤ ਸਿੰਘ ਜੀ ਉਕਦੇ ਹਨ। ਦਸਮ ਸਤਿ ਗੁਰੂ ਜੀ ਆਪਣੇ ਅੰਤਲੇ ਕੰਮ ਵਿਚ ਸਫਲ ਹੋਏ ਸੀ।

Sri Satguru Jagjit Singh Ji Elibrary NamdhariElibrary@gmail.com

ਜਿਡਾ ਵਡਾ ਕੰਮ ਹੋਵੇ ਉਡੀ ਵਡੀ ਹਿੰਮਤ ਤੇ ਕੁਰਬਾਨੀ ਕਰਨ ਬਾਦ ਹੀ ਜੋਗ ਸਮਾਂ ਔਣ ਤੇ ਸਫਲਤਾ ਪ੍ਰਾਪਤ ਹੁੰਦੀ ਏ। ਕੋਈ ਅਧੂਰੀ ਸੋਚ ਵਾਲੇ ਜਸਵੰਤ ਸਿੰਘ ਜੀ ਜੇਹੇ ਕਹਿੰਦੇ ਹਨ ਗੁਰੂ ਗੋਬਿੰਦ ਸਿੰਘ ਜੀ ਨੂੰ ਬੁਰੀ ਤਰ੍ਹਾਂ ਹਾਰ ਹੋਈ ਤੇ ਅੱਕ ਕੇ ਦੱਖਣ ਵਲ ਨਿਕਲ ਛੁਟਕਾਰਾ ਪਾਇਆ ਸੀ। ਪਰ ਇਹ ਕਹਿਣ ਵਾਲੇ ਭੁਲਦੇ ਹਨ। ਕਿਉਂ ਕੇ ਗੁਰ ਜੀ ਆਪਣੇ ਨਿਸ਼ਾਨੇ ਤੇ ਪੁਜੇ ਤੇ ਕਾਮਯਾਬ ਹੀ ਹੋਏ ਸੀ। ਜੇ ਉਹਨਾਂ ਨੂੰ ਹਾਰ ਹੋਈ ਹੀ ਮੰਨੀਏ ਤਾਂ। "ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ,। ਨਾਨਕ ਗੁਰ ਮੁਖਿ ਐਸਾ ਜਾਣੈ ਪੂਰੇ ਮਾਹਿ ਸਮਾਹੀ।" ਗੁਰ ਵਾਕ ਗੁਰੂ ਜੀ ਤੇ ਪੂਰਾ ਨਹੀਂ ਉਤਰਦਾ ਤੇ ਗੁਰ ਸਿਖੀ ਦੇ ਪਲੇ ਕੁਝ ਨਹੀਂ ਰਹਿੰਦਾ।

ਜਿਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਤੁਰਕ ਰਾਜ ਜੁਲਮ ਖਤਮ ਹੋਣ ਤੇ ਸਿੱਖ ਰਾਜ ਕਾਇਮ ਹੋਣ ਤੇ ਆਸ਼ਾ ਪੂਰਾ ਹੋ ਗਿਆ ਸੀ। ਅਨੇਕ ਕਸ਼ਟ ਸਹੇ ਤੇ ਅਨੇਕ ਸਿਦਕੀਆਂ ਦੇ ਸੀਸ ਤੇ ਕੁਰਬਾਨੀਆਂ ਦੇ ਕੇ, ਤਿਵੇਂ ਹੀ ਸਤਿਗੁਰੂ ਰਾਮ ਸਿੰਘ ਜੀ ਦਾ ਆਸ਼ਾ ਆਪ ਦੇ ਬਦੇਸ਼ ਜਾਣ ਬੀ ਨ ਰੁਕਿਆ ਤੇ ਬਦੇਸ਼ੀ ਭੀ ਰੂਸ ਵਲ ਚਿਠੀਆਂ ਜਾਂਦੀਆਂ ਰਹੀਆਂ ਤੇ ਗੁਰੂ ਹਰੀ ਸਿੰਘ ਜੀ ਸਮੇਂ ਭੀ ਭਾਵੇਂ ਵਖਾਲਾ ਬਦਲ ਗਿਆ ਸੀ ਪਰ ਰੂਸ ਵਲ ਸਿੱਖ ਪਹੁੰਚਦੇ ਰਹੇ ਤੇ ਅੰਗ੍ਰੇਜ਼ ਨਾਲ ਨ ਮਿਲ ਵਰਤੋਂ ਭੀ ਰਹੀ ਤੇ ਉਹ ਪ੍ਰੋਗਰਾਮ ਆਜ਼ਾਦੀ ਲਈ ਜਾਰੀ ਰਹੇ ਤੇ ਅੰਤ ਨੂੰ ਸਤਿ ਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਸਾਰੇ ਸਹਿਜੋਗ ਨਾਲ ਹਿੰਦ ਨੇ ਉਸੇ ਢੰਗ ਨਾਲ ਅਜ਼ਾਦੀ ਹਾਸਲ ਕੀਤੀ ਜਿਸ ਵਿਚ ਸਮੂਚੇ ਕੂਕਿਆਂ ਨੇ ਪੂਰੀ ਮਿਲ ਵਰਤੋਂ ਕੀਤੀ। ਅਸਾਂ ਸਤਿਗੁਰੂ ਰਾਮ ਸਿੰਘ ਜੀ ਦੇ ਉਹ ਬਚਨ ਸਤ ਹੁੰਦੇ ਵੇਖੇ।

"ਬਿਲਿਆ ਮੈਂ ਘਰ ਘਰ ਰਾਮ ਸਿੰਘ ਕਰ ਦਿਆਂਗਾ। ਮੇਰੀ ਅਗ ਲਾਈ ਬੁਝੇਗੀ ਨਹੀਂ।" ਪਰ ਗਲ ਇਹ ਹੈ ਏਹਨਾਂ ਅੰਗਰੇਜ ਦੇ ਸਾਜੇ ਸਿੰਘ ਸਭੀਆਂ ਨੇ ਆਪ ਤਾਂ ਸੋਹ ਭੰਨਣ ਨੂੰ ਇਕ ਕੰਮ ਵੀ ਅੰਗਰੇਜ ਦੇ ਕਹੇ ਸਵਾ: ਨ ਕੀਤਾ ਤੇ ਸਗੋਂ ਜੋ ਇਨਾਂ ਦੇ ਜਾਲ ਵਿਚੋ ਨਿਕਲ ਗਦਰੀ ਬਾਬਿਆਂ ਜਾਂ ਬਬਰ ਆਕਾਲੀਆਂ

Sri Satguru Jagjit Singh Ji Elibrary NamdhariElibrary@gmail.com

ਜਾਂ ਹੋਰ ਦੇਸ ਸੇਵਕ ਦਲ ਵਿਚ ਅੰਗਰੇਜ਼ ਦੇ ਖਲਾਫ ਕੁਦਿਆ ਉਹਨਾਂ ਦੇ ਉਲਟ ਹੀ ਅੰਦਰੋਂ ਬਾਹਰੋਂ ਰਹੇ । ਕੀ ਜਸਵੰਤ ਸਿੰਘ ਜੀ ਦੱਸ ਸਕਦੇ ਹਨ ਕਿ ਸਿੰਘ ਸਭਾ ਜਾਂ ਚੀਫ ਖਾਲਸਾ ਤੇ ਸਰਕਾਰ ਪ੍ਰਸਤਾਂ ਦੀ ਕੋਈ ਸੇਵਾ ਵਿਚ ਹਿਸਾ ਪਾਇਆ ਹੈ ? ਉਤਰ ਆਵੇਗਾ । ਸਚਹੁ ਓਰੈ ਸਭੁ ਕੋ । ਤੇ ਕੂੜ ਨ ਪਹੁੰਚੇ ਸਚ ਨੂੰ ਸਉ ਧਾਣਤ ਘੜੀਐ ।

---

# ਬੁਚੜਾਂ ਦੇ ਕਤਲ ਅੰਮ੍ਰਿਤਸਰ

ਪ: ਡ: 24ਵਾਂ ਕਾਂਡ ਦ: ਡ: 19ਵਾਂ ਕਾਂਡ । ਇਸ ਵਿਚ 97, 98 ਪੰਨੇ ਵਿਚ ਜਸਵੰਤ ਸਿੰਘ ਜੀ ਨੇ ਕਿਡਾ ਕੋਝਾ ਕਮਲ ਛਾਣਿਆ ਹੈ ।

"ਰਾਇ ਕੋਟ ਵਿਚ ਫੜੇ ਕੂਕਿਆਂ ਵਿਚੋਂ ਗੁਲਾਬ ਸਿੰਘ ਨੇ ਅੰਮ੍ਰਿਤਸਰ ਵਾਲੀ ਘਟਨਾ ਵਿਚ ਵੀ ਹਿਸਾ ਪਾਇਆ ਸੀ । ਪੁਲੀਸ ਨੇ ਉਸਨੂੰ ਵਹਿਦੇ ਮਾਫ ਗੁਆਹ ਬਣਾ ਕੇ ਸਾਰਾ ਭੇਦ ਕਢ ਲਿਆ ਹੈ ।"

ਇਹ ਨਿਰਮੂਲ ਮਨ ਘੜਤ ਗਲ ਲਿਖਿ ਜਸਵੰਤ ਸਿੰਘ ਜੀ ਨੇ ਆਪਣਾ ਸੁਭਾ ਝੂਠੇ ਝੂਠ ਚੁਤਾਲ ਸੌ ਵਾਲਾ ਸੁਭ ਸਾਬਤ ਕਰ ਦਿਤਾ ਹੈ । ਕਿਉਂਕਿ ਨ ਤੇ ਇਹ ਗੁਲਾਬਾ ਅੰਮਿਤਸਰ ਦੇ ਸਾਕੇ ਵਾਲੇ ਜਥੇ ਵਿਚ ਸੀ ਤੇ ਨ ਇਹ ਰਾਏ ਕੋਟ ਵਾਲੇ ਵਿਚ ਸੀ । ਇਹ ਤੇ ਬਦਮਾਸ਼ ਬਦ ਚਲਨ ਪੁਲਸ ਦਾ ਵੇਲੇ ਕੁਵੇਲੇ ਦਾ ਟੱਟ ਸੀ । ਜਸਵੰਤ ਸਿੰਘ ਜੀ ਘਟਨਾ ਤੇ ਅੰਮ੍ਰਿਤਸਰ ਵਾਲੀ ਅਰੰਭੀ ਹੈ ਤੇ ਗੁਲਾਬ ਸਿੰਘ ਨੂੰ ਰਾਇ ਕੋਟ ਵਾਲੀ ਘਟਨਾ ਵਿਚ ਲਿਆ ਏਥੇ ਮੁਕਬਰ ਬਣਾ ਕੇ ਵਖਾ ਦਿਤਾ ਹੈ । ਤਾਕੇ ਪਾਠਕਾਂ ਤੇ ਅਸਰ ਪਵੇ ਕਿ ਨਾਮਧਾਰੀ ਸਿਖ ਸਾਕਾ ਕਰਨ ਵਾਲੇ ਆਪ ਆ ਕੇ ਅੰਮ੍ਰਿਤਸਰ ਸਤਿ ਗੁਰੂ ਜੀ ਦੇ ਹੁਕਮ ਨਾਲ ਨਹੀਂ ਪੇਸ਼ ਹੋਏ ਸਨ । ਅਸੀਂ ਹੁਣ ਹੋਰ ਇਤਿਹਾਸਕਾਰਾਂ ਤੇ ਇਸਦੇ ਲਿਖੇ ਵਿਚੋਂ ਹੀ ਸਚੀ ਵਾਰਤਾ ਪਾਠਕਾਂ ਨੂੰ ਲਿਖੀ ਵਖਾਂਦੇ ਹਾਂ ਤੇ ਦਸਦੇ ਹਾਂ ਕਿ ਜਸਵੰਤ ਸਿੰਘ ਜੀ ਕਿਵੇਂ ਕੂੜ ਕੁਟਦੇ ਹਨ ।

Sri Satguru Jagjit Singh Ji Elibrary NamdhariElibrary@gmail.com

# ਅੰਮ੍ਰਿਤਸਰ ਬੁਚੜ ਬਧ ਵਿਚ ਇਹ ਦਸ ਸਿੰਘ ਸੀ

1. ਲਹਿਣਾ ਸਿੰਘ। 2. ਫਤਹ ਸਿੰਘ ਅੰਮ੍ਰਿਤਸਰ। 3. ਹਾਕਮ ਸਿੰਘ ਮੋੜ੍ਹ। 4. ਬਹਿਲਾ ਸਿੰਘ ਨਾਰਲੀ ਜੋ ਫਾਂਸੀ ਚੜੇ। 5. ਲਹਿਣਾ ਸਿੰਘ ਪੁਤ੍ਰ ਮਸੰਦਾ ਸਿੰਘ। 6. ਤੇ ਲਹਿਣਾ ਸਿੰਘ ਪੁਤਰ ਬੁਲਾਕਾ ਸਿੰਘ ਦਾ ਤੇ ਸਪਾਹੀ ਲਾਲ ਸਿੰਘ ਉਮਰ ਕੈਦ ਕਾਲੇ ਪਾਣੀ। 9. ਝੰਡਾ ਸਿੰਘ। ਨਟੇ ਦਾ ਇਕ ਸਾਲ ਬਾਦ ਫੜਿਆ ਗਿਆ ਤੇ ਫਾਹੇ ਲਗਾ ਸੀ। ਮੇਹਰ ਸਿੰਘ ਲੋਪੋ ਕੇ ਤੇ 10ਵਾਂ ਭਗਵਾਨ ਸਿੰਘ ਮੜ੍ਹਾਣਾ ਦਾ ਅੜਬੰਗੀ ਫੜੇ ਹੀ ਨ ਗਏ ਉਮਰ ਸਾਰੀ।

ਨਾਹਰ ਸਿੰਘ ਜੀ ਐਮ ਏ। ਭਗੌੜਿਆਂ ਵਿਚ ਲਛਮਨ ਸਿੰਘ ਚਹਲ ਜਿ: ਗੁਰਦਾਸ ਪੁਰ ਦਾ ਨਾਮ ਲਿਖਦੇ ਤੇ ਕਾਲੇ ਪਾਣੀ ਦੀ ਸਜਾ ਤੀਜੇ ਲਾਲ ਸਿੰਘ ਨੂੰ ਨਹੀਂ ਲਿਖਦੇ। ਪਰ ਉਹ ਭੀ ਇਸ ਗੁਲਾਬ ਸਿੰਘ ਦਾ ਨਾਮ ਅੰਮ੍ਰਿਤਸਰ ਘਟਨਾ ਵਿਚ ਉਕਾ ਨਹੀਂ ਲਿਖਦੇ। ਰਾਏ ਕੋਟ ਵਿਚ ਲਿਖਦੇ ਹਨ ਹੋਰੀ ਤਰ੍ਹਾਂ ਹੀ।

ਨਾਮਧਾਰੀ ਇਤਿਹਾਸ ਹਿਸਾ ਪਹਿਲਾ ਪੰਨਾ 310

ਇਸ ਗੱਲ ਨੂੰ ਸਾਫ ਕਰਨ ਲਈ ਜਸਵੰਤ ਸਿੰਘ ਜੀ, ਆਪ ਹੀ ਸੰਤ ਨਿਧਾਨ ਸਿੰਘ ਜੀ ਆਲਿਮ ਦੀ ਪੁਸਤਕ ਦਾ ਹਵਾਲਾ ਦੇਂਦੇ ਹਨ।

''ਬਾਬਾ ਰਾਮ ਸਿੰਘ ਨੂੰ ਪਤਾ ਲਗਾ ਤਾਂ ਉਹਨਾਂ ਨੇ ਉਹਨਾਂ ਨੂੰ ਬੁਲਾਕੇ ਕਿਹਾ ਕਤਲ ਤੁਸਾਂ ਕੀਤੇ ਹਨ ਤੇ ਬੇਗੁਨਾਹ ਨਿਹੰਗ ਗ੍ਰਿਫ਼ਤਾਰ ਹੋਏ ਹਨ। ਕਚਹਿਰੀ ਵਿਚ ਜਾਕੇ ਆਪਣੇ ਦੋਸ਼ ਨੂੰ ਮੰਨੋ ਤਾਕਿ ਬੇ ਦੋਸ਼ੇ ਬਚ ਜਾਣ ਉਹ ਗਏ ਅਤੇ ਹਾਕਮਾਂ ਦੇ ਸਾਹਮਣੇ ਮੁਕਦਮਾਂ ਬਿਲਕੁਲ ਸਾਫ ਕਰ ਦਿਤਾ। ਪਰ ਹੌਂਸਲੇ ਨਾਲ ਆਪ ਨੂੰ ਆਪਣੀ ਕਿਸਮਤ ਤੇ ਛੱਡ ਦਿਤਾ।

Sri Satguru Jagjit Singh Ji Elibrary NamdhariElibrary@gmail.com

ਗੁਰਦੁਆਰਾ ਰੀਫਾਰਮ ਮੂਮੈਂਟ, ਐਂਡ ਦੀ ਸਿਖ
ਅਵੇਕਨਿੰਗ ਨਾਮ ਦੀ ਅੰਗਰੇਜ਼ੀ ਕਿਤਾਬ ਵਿਚੋਂ ਲਿਖਤ
ਤੇ ਪ੍ਰੋਫੈਸਰ ਸ੍ਰੀ ਰੁਚੀ ਰਾਮ ਸਾਹਨੀ ਪੰਨਾ 38

"ਬਾਬਾ ਰਾਮ ਸਿੰਘ ਜੀ ਨੇ ਉਨਸੇ ਕਹਾ ਕਿ ਚੂੰਕਿ ਕਸੂਰ ਉਨ੍ਹਾਂ ਨੇ ਕੀਆ ਹੈ, ਔਰ ਉਨਕੇ ਬਦਲੇ ਮੇਂ ਦੂਸਰੇ ਬੇ ਗੁਨਾਹ ਪਕੜੇ ਗਏ ਹੈਂ ਉਨਕਾ ਫਰਜ ਹੈ ਕਿ ਆਪਨੇ ਆਪ ਕੋ ਪੇਸ਼ ਕਰਕੇ ਆਪਨੇ ਕੀਏ ਹੁਏ ਕਾ ਇਕਬਾਲ ਕਰੇਂ। ਇਸ ਪਰ ਵੁਹ ਗਏ ਔਰ ਉਨੋਂ ਨੇ ਆਪਨੇ ਆਪ ਕੋ ਪੇਸ਼ ਕਰ ਦੀਆ। ਨਤੀਜਾ ਇਹ ਹੂਆ ਕਿ ਉਨ ਪਰ ਮੁਕਦਮਾਂ ਚਲਾ ਕਰ ਉਨਕੋ ਫਾਂਸੀ ਦੀ ਗਈ।" ਤਵਾਰੀਖ ਪੰਜਾਬੀ ਉਰਦੂ ਵਲੋਂ ਪਰਮਾਨੰਦ ਜੀ ਐਮ. ਏ।

ਪੰਨਾ 56;

"ਜਬ ਗੁਰੂ ਰਾਮ ਸਿੰਘ ਕੋ ਮਲੂਮ ਹੋਆ ਕਿ ਇਹ ਕਾਮ ਉਨਕੇ ਕੁਛ ਸਿਖੋਂ ਨੇ ਕੀਆ ਹੈ ਤੋਂ ਉਨੋ ਨੇ ਉਨਕੋ ਬੁਲਾ ਕਰ ਹੁਕਮ ਦੀਆ ਕਿ ਤੁਮ ਲੋਗ ਖੁਦ ਪੁਲੀਸ ਕੇ ਸਾਹਮਨੇ ਜਾ ਕਰ ਆਪਣਾ ਗੁਨਾਹ ਕਬੂਲ ਕਰ ਲੋ ਔਰ ਬੇਗੁਨਾਹੋਂ ਕੋ ਛੁੜਵਾਉ। ਉਨੋ ਨੇ ਐਸਾ ਹੀ ਕੀਆ। ਇਹ ਲੋਕ ਫਾਂਸੀ ਪਰ ਲਟਕਾ ਦੀਏ ਔਰ ਦੂਸਰੇ ਬੇਗੁਨਾਹ ਕੋ ਛੋੜ ਦੀਆ ਗਿਆ।

ਭਾਰਤ ਮੇ ਅੰਗਰੇਜ਼ੀ ਰਾਜ ਪੰਡਤ ਸੁੰਦਰ ਲਾਲ ਵਲੋਂ। ਇਤਿਹਾਸ
ਕਾ ਏਕ ਭੂਲਾ ਹੂਆ ਪੰਨਾ। ਵਿਸ਼ਵ ਬਾਣੀ ਅਲਾਹ ਬਾਦ
ਹਿੰਦੀ ਪੰਨਾ 74

"ਪਰੰਤੂ ਮੁਕਦਮੇ ਦਾ ਅਸਲੀ ਖੋਜ ਉਸ ਵੇਲੇ ਤੋਂ ਪਹਿਲਾਂ ਨ ਲਗ ਸਕਿਆ ਜਦ ਤਕ ਬਾਬਾ ਰਾਮ ਸਿੰਘ ਦੇ ਧਮਕਾਣ ਤੋਂ ਪਿਛੋਂ ਅਸਲੀ ਦੋਸ਼ੀਆਂ ਨੇ ਆਪਣੇ ਆਪ ਨੂੰ ਜਜ ਦੇ ਸਾਹਮਣੇ ਪੇਸ਼ ਨ ਕਰ ਦਿਤਾ। ਸਰੇ ਵਾਕਿਆਂ ਦੇ ਪਤਾ ਲਗਣ ਤੇ ਮੁਕਦਮੇ ਤੇ ਨਜ਼ਰ ਸਾਨੀ ਕੀਤੀ ਗਈ। ਉਹ ਬੇਦੋਸ਼ ਛਡ ਦਿਤੇ ਗਏ। ਅਤੇ ਅਸਲੀ ਦੋਸ਼ੀਆਂ ਵਿਚੋਂ ਚਾਰ ਨੂੰ ਮੌਤ ਸਜਾ ਅਤੇ ਤਿਨਾਂ ਨੂੰ ਕਾਲੇ ਪਾਣੀ ਦੀ ਸਜਾ ਦਿਤੀ ਗਈ। ਉਹਨਾਂ ਸ਼ਹੀਦਾਂ ਨੇ ਆਪਣੇ ਅੰਤ ਸਮੇਂ

ਜੇਹੜੀ ਦਲੇਰੀ ਤੇ ਸਪਿਰਟ ਵਿਖਾਈ ਉਸਨੇ ਉਹਨਾਂ ਦੇ ਸਾਥੀਆਂ ਕੂਕਾ ਸਿਖਾਂ ਦੇ ਧਾਰਮਕ ਮਾਨ ਵਿਚ ਹੋਰ ਵਾਧਾ ਕਰ ਦਿਤਾ ।"

ਬੀਸਜ਼ ਆਨ ਦੀ ਨਾਮਧਾਰੀ ਮੂਵਮੈਂਟ ਅੰਗਰੇਜ਼ੀ ਵਿਚੋਂ
ਗਵਰਮਿੰਟ ਐਲਾਨ ਨੰਬਰ 1067,10—8—1871 ਈ:

ਆਲਿਮ ਜੀ ਜਸਵੰਤ ਸਿੰਘ ਜੀ ਦੇ ਪਖ ਨੂੰ ਹੋਰ ਝੂਠੇ ਕਰਨ ਲਈ ਜੋ ਲਿਖਿਆ ਹੈ ਤੇ ਜਸਵੰਤ ਸਿੰਘ ਆਪ ਹੀ ਇਸੇ ਪੁਸਤਕ ਵਿਚ ਲਿਖਿਆ ਹੈ। ਪ੍ਰੋਫੈਸਰ ਤੇਜਾ ਸਿੰਘ ਜੀ ਖਾਲਸਾ ਕਾਲਜ ਅੰਮ੍ਰਿਤਸਰ ਦੇ ਜੋ ਬੰਬਈ ਖਾਲਸਾ ਕਾਲਜ ਦੇ ਪ੍ਰਿੰਸੀਪਲ ਸੀ ਉਸ ਵਕਤ ਉਹਨਾਂ ਦੀ ਕਤਾਬ ਐਸੇਜ਼ ਇਨ ਸਿਖ ਇਜ਼ਿਮ ਵਿਚੋਂ—

"ਇਕ ਕਾਤਲ ਜੋ ਇਸਤਗਾਸੇ ਦੀ ਮਾਰ ਤੋਂ ਬਚ ਗਿਆ ਸੀ। ਬਾਬਾ ਰਾਮ ਸਿੰਘ ਜੀ ਦੇ ਆਸਰ ਵਿਚ ਆ ਗਿਆ। ਉਸਨੇ ਆਪਣਾ ਦੋਸ਼ ਮੰਨਿਆ ਤੇ ਖੁਸਨਤਾ ਪੂਰਬਕ ਸਜ਼ਾ ਨੂੰ ਪ੍ਰਵਾਨ ਕਰ ਲਿਆ।

ਇਹਨਾਂ ਅੰਮ੍ਰਿਤਸਰ ਵਾਲੇ ਸਿਖਾਂ ਬਾਬਤ ਪ੍ਰੋਫੈਸਰ ਤੇਜਾ ਸਿੰਘ ਜੀ ਦਾ ਲਿਖਿਆ ਬਾਬਾ ਰਾਮ ਸਿੰਘ ਜੀ ਨੂੰ ਪਤਾ ਲਗਾ ਤਾਂ ਉਹਨਾਂ ਨੇ ਕਿਹਾ ਕਤਲ ਤੁਸਾਂ ਕੀਤੇ ਹਨ ਤੇ ਬੇ-ਗੁਨਾਹ ਹੋਰ ਫੜੇ ਹੋਏ ਹਨ ਕਚਹਿਰੀ ਨੂੰ ਜਾਉ ਆਪਣਾ ਦੋਸ਼ ਮੰਨੋ ਤਾਕਿ ਬੇਦੋਸ਼ੇ ਬਚ ਜਾਣ। ਉਹ ਗਏ ਹਾਕਮਾਂ ਦੇ ਜਾ ਉਹ ਮੁਕਦਮਾ ਸਾਫ ਕਰ ਦਿਤਾ ਅਤੇ ਸ਼ਾਂਤੀ ਨਾਲ ਆਪਣੇ ਆਪ ਨੂੰ ਆਪਣੀ ਕਿਸਮਤ ਤੇ ਛਡ ਦਿਤਾ।"

ਅੰਮ੍ਰਿਤਸਰ ਭੇਜਕੇ ਬੇ ਦੋਸ਼ੀਆਂ ਬਾਬਤ ਇਹ ਦਰਜ ਕਰ ਲਿਆ ਗਿਆ ਹੈ ਕਿ ਉਹਨਾਂ ਦਾ ਖੋਜ ਰਾਏ ਕੋਟ ਦੇ ਮੁਕਦਮੇ ਵਿਚੋਂ ਮਿਲਿਆ ਹੈ। ਪ੍ਰੰਤੂ ਇਸ ਸਚਾਈ ਤੋਂ ਨਾਂਹ ਨਹੀਂ ਕੀਤੀ ਜਾ ਸਕਦੀ ਕਿ ਜਦ ਤਕ ਅਸਲੀ ਕਾਤਲਾਂ ਨੇ ਆਪਣੇ ਆਪ ਨੂੰ ਸਰਕਾਰੀ ਹਾਕਮਾਂ ਦੇ ਰੂਬਰੂ ਆਪਣੀ ਰਜ਼ਾਮੰਦੀ ਅਤੇ ਖੁਸ਼ੀ ਨਾਲ ਪੇਸ਼ ਨਹੀਂ ਸੀ ਕਰ ਦਿਤਾ, ਉਸ ਵੇਲੇ ਤਕ ਕਿਸੇ ਨੂੰ ਇਸ ਗਲ ਤੇ ਸੰਦੇਹ

Sri Satguru Jagjit Singh Ji Elibrary NamdhariElibrary@gmail.com

ਤਕ ਨਹੀਂ ਸੀ ਕਿ ਨਿਹੰਗ ਯਾ ਅਕਾਲੀ ਜਿਨ੍ਹਾਂ ਵਿਰੁੱਧ ਮੌਤ ਦਾ ਹੁਕਮ ਹੋ ਚੁਕਾ ਸੀ ਉਕੇ ਹੀ ਨਿਰਦੋਸ਼ ਹਨ।

ਸ੍ਰੀ ਸਿਖ ਆਨ ਦੀ ਨਾਮਧਾਰੀ ਦੇ ਕਰਤਾ ਕਰਤਾਰ ਸਿੰਘ ਜੀ ਦੀ ਲਿਖਤ ਪੰਨਾ 69।98 ਪੰਨੇ ਤੇ ਆਪ ਸ੍ਰੀ ਜਸਵੰਤ ਸਿੰਘ ਜੀ ਨੇ ਭਾਈ ਪਰਮਾ ਨੰਦ ਜੀ ਐਮ. ਏ. ਪ੍ਰੋਫੈਸਰ ਤੇਜਾ ਸਿੰਘ ਜੀ ਤੇ ਪੰਡਿਤ ਸੁੰਦਰ ਲਾਲ ਦਾ ਵਿਹੋ ਉਪਰ ਲਿਖਿਆ ਜੋ ਪਾਠਕਾਂ ਨੂੰ ਸ੍ਰੀ ਅਲਿਮ ਜੀ ਵਾਲੇ ਗ੍ਰੰਥ ਵਿਚੋਂ ਜਸ ਜੀ ਨੇ ਆਪ ਦੁਹਰਾ ਦਿਤਾ ਹੈ ਤੇ ਗੌਰਮਿੰਟ ਦਾ ਐਲਾਨ ਨੰਬਰ 1060 ਮਿਤੀ 10—9—1871 ਈ: ਲਿਖ ਦਿਤਾ ਹੈ "ਕਿ ਅਸਲੀ ਖੋਜ ਉਸ ਸਮੇਂ ਤੋਂ ਪਹਿਲੇਂ ਨ ਨਿਕਲ ਸਕਿਆ, ਜਦ ਤਕ ਬਾਬਾ ਰਾਮ ਸਿੰਘ ਜੀ ਦੇ ਕਹਿਣ ਤੇ ਅਸਲੀ ਦੋਸ਼ੀਆਂ ਨੇ ਆਪਣੇ ਆਪ ਨੂੰ ਜੱਜ ਦੇ ਸਾਹਮਣੇ ਪੇਸ਼ ਨ ਕਰ ਦਿਤਾ।" ਪਰ ਇਹ ਲਿਖ ਭੀ ਜਸਵੰਤ ਸਿੰਘ ਜੀ ਉਸ ਗੁਲਾਬ ਸਿੰਘ ਨੂੰ ਨਾਲ ਨਾਲ ਧੂਹੀ ਲਈ ਹੀ ਆਉਂਦੇ ਹਨ ਤਾਂਕੇ ਉਹ ਸਰਕਾਰ ਦਾ ਬੰਦਾ ਨ ਜਾਪੇ। ਕੂਕਿਆਂ ਵਿਚੋਂ ਹੀ ਜਾਪੇ।

ਜਸਵੰਤ ਸਿੰਘ ਜੀ ਕੂਕਿਆਂ ਦੇ ਵਿਰੋਧ ਲਈ ਤੇ ਸਰਕਾਰੀ ਕਾਗਤ ਤੇ ਮਨ ਘੜਤ ਗਲਾਂ ਭੀ ਹੋਰ ਪਾਈਆਂ ਹਨ। ਪਰ ਅਸਲੀਅਤ ਜਿਨ੍ਹਾਂ ਲਿਖੀ ਹੈ ਉਧਰ ਧਿਆਨ ਹੀ ਨਹੀਂ ਦਿਤਾ।

ਨਾਹਰ ਸਿੰਘ ਜੀ ਐਮ ਏ ਜਸਵੰਤ ਸਿੰਘ ਜੀ ਦੇ ਖੋਜ ਅਧਾਰ ਕ੍ਰਿਤੀ ਦੇ ਲਿਖੇ ਬਾਬਤ ਤੇ ਗੁਲਾਬ ਸਿੰਘ ਬਾਬਤ ਇਹ ਲਿਖਦੇ ਹਨ।

"ਇਸ ਮੁਕਦਮੇ ਦਾ ਖਾਸ ਪਹਿਲੂ ਇਹ ਹੈ ਕਿ ਚੀਫ ਕੋਰਟ ਤੋਂ ਫਾਂਸੀ ਦਾ ਹੁਕਮ ਹੋਣ ਪਿਛੋਂ ਗੁਲਾਬ ਸਿੰਘ ਨੂੰ ਵਾਹਦਾ ਮਾਫ ਗਵਾਹ ਬਣਾਇਆ ਗਿਆ—

ਕੀ ਕਾਨੂੰਨ ਅਨੁਸਾਰ ਐਸਾ ਹੋ ਸਕਦਾ? ਪਰ ਨਾਮਧਾਰੀਆਂ ਉਤੇ ਕਨੂੰਨ ਦੇ ਥਾਂ ਸਿਆਸਤ ਲਾਗੂ ਸੀ। ਕਿਉਂਕਿ ਉਨ੍ਹਾਂ ਨੇ ਬੁਰਤ ਵਰ ਕੇ ਸਰਕਾਰੀ ਹੁਕਮ ਤੋੜੇ ਸਨ ਅਤੇ ਸਰਕਾਰ ਦਾ ਵਿਕਾਰ ਮਿਟੀ ਵਿਚ ਮਿਲਾ ਦਿਤਾ ਸੀ।"

Sri Satguru Jagjit Singh Ji Elibrary NamdhariElibrary@gmail.com

ਤੇ ਲਿਖਦੇ ਹਨ। "ਇਹ ਗੁਲਾਬ ਸਿੰਘ ਚੂਹੜ ਚੱਕ ਜਿ: ਫੀਰੋਜ਼ਪੁਰ ਦਾ ਸੀ, ਮੌੜਾਂ ਰਿਆਸਤ ਪਟਿਆਲਾ ਦਾ ਸੀ ਮਰਾਣੇ ਜ਼ਿਲੇ ਲੁਧਿਆਣੇ ਦਾ ਸੀ, ਇਸਦਾ ਥੌਹ ਪਤਾ ਸਰਕਾਰੀ ਕਾਗਜ਼ਾਂ ਵਿਚੋਂ ਕੁਝ ਨਹੀਂ ਲਗਦਾ। ਸ਼ੈਦ ਇਹ ਗੁਲਾਬ ਸਿੰਘ ਉਹੀ ਲੁਚਾ ਅਤੇ ਗੁੰਡਾ ਬੰਦਾ ਸੀ, ਜਿਸ ਦਾ ਜਿਕਰ ਗੁਰੂ ਰਾਮ ਸਿੰਘ ਦੀਆਂ ਚਿਠੀਆਂ ਦੀਆਂ ਅੰਗਰੇਜ਼ੀ ਨਕਲਾਂ ਵਾਲੀ ਕਤਾਬ ਵਿਚ ਮਿਸਟਰ ਵਾਰ ਬਟਨ ਨੇ ਇਕ ਨੋਟ ਵਿਚ ਕੀਤਾ। ਇਹ ਦਮਦਮਾ ਸਾਹਿਬ ਵਿਦਿਆ ਪੜਿਆ ਸੀ। ਕਾਮੀ ਦੁਰਾਚਾਰੀ ਅਤੇ ਬਦਮਾਸ਼ ਹੋਣ ਕਰਕੇ ਗੁਰੂ ਰਾਮ ਸਿੰਘ ਜੀ ਨੇ ਇਸਨੂੰ ਸੰਗਤ ਪੰਗਤ ਵਿਚੋਂ ਛੇਕ ਦਿਤਾ ਸੀ। ਸੰਮਤ 1820 ਗਸ਼ਤੀ ਚਿਠੀ ਵਿਚ ਵੀ ਗੁਰੂ ਰਾਮ ਸਿੰਘ ਜੀ ਨੇ ਸੰਗਤ ਨੂੰ ਹੁਕਮ ਕੀਤਾ ਸੀ ਕਿ ਇਸ ਭਰਿਸ਼ਟੇ ਹੋਏ ਨੂੰ ਸੰਗਤ ਵਿਚ ਨ ਔਣ ਦਿਉ। ਮਲੂਮ ਹੁੰਦਾ ਹੈ ਇਹ ਗੁਲਾਬ ਸਿੰਘ ਗਵਾਹ ਬਣਿਆ ਪੁਲਸ ਨੇ ਰਾਏਕੋਟ ਤੇ ਅੰਮ੍ਰਿਤਸਰ ਵਾਲੇ ਕੇਸ ਵਿਚ ਵੀ ਲਿਖ ਦਿਤਾ।"

335—36 ਪੰਨਾ ਹਿਸਾ ਪਹਿਲਾ ਨਾਮਧਾਰੀ ਇਤਿਹਾਸ ਨਾਹਰ ਸਿੰਘ ਐਮ. ਏ. ਲਿਖਤ।

ਮਾਲਵੇਂਦਰ ਤੇ ਜੁਗ ਪਲਟਾਊ ਸਤਿ ਗੁਰੂ ਤੇ ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ ਜੀ ਵਲੋਂ ਲਿਖਿਆ "ਸੁਧਾ ਸਰ ਆਦ ਔਰ ਠੌਰ ਹਿੰਦੂ ਨਾਮੀ ਗ੍ਰਾਮੀ ਅੰਗਰੇਜੋ ਗਹਿਕੇ ਦੁਖਿਆਰੇ ਕੀਨੇ ਜੋਰ ਪੈ। ਦੇਣ ਲਾਗੇ ਫ਼ਾਂਸੀ ਜਬ ਆਇ ਖੁਦ ਕੂਕੇ ਤਬ, ਕਾਤਲ ਸਬੂਤ ਆਪ ਕੀਏ ਸਭ ਤੋਰ ਪੈ। ਖੁਸ਼ੀ ਹੋਇ ਦਏ ਸੀਸ ਗਏ ਈਸ ਲੋਕ ਮਾਹਿਂ, ਆਦ ਸਭ ਕੁਝ ਪੜ ਜਸਵੰਤ ਸਿੰਘ ਜੀ ਜਾਣ ਕੇ ਵੀ ਅਸਲੀਅਤ ਨੂੰ ਲੁਕਾ ਪਾਠਕਾਂ ਨੂੰ ਤ੍ਰਿਬੁਟੀ ਦੀ ਗਲਤ ਰੱਪਟ ਲਿਖੀ ਦਾ ਟਪਲਾ ਦੇਂਦੇ ਹਨ।

ਇਤਿਹਾਸਕਾਰਾਂ ਤੇ ਪੁਲਸ ਦੇ ਲਿਖੇ ਵਿਚੋਂ ਜੋ ਸਚ ਸੀ ਸੋ ਅਸਾਂ ਦੱਸ ਦਿਤਾ ਹੈ ਹੁਣ ਜਸਵੰਤ ਸਿੰਘ ਜੀ ਦੇ ਲਿਖੇ ਵਿਚੋਂ ਇਹ ਸਚਾਈ ਦਸਦੇ ਹਾਂ।

Sri Satguru Jagjit Singh Ji Elibrary NamdhariElibrary@gmail.com

ਆਪ ਇਸੇ ਪੁਸਤਕ ਦੇ 144 ਪੰਨੇ ਤੇ ਲਿਖਦੇ ਹਨ।

ਉਨ੍ਹਾਂ ਨੇ ਸਿਖਾਂ ਨੂੰ "ਸ਼ੁਭ ਗੁਣਾਂ ਨੂੰ ਗ੍ਰਹਿਣ ਕਰਦੇ ਹੋਏ ਸਚਾਈ ਉਤੇ ਡਟਣ ਦਾ ਬਲ ਬਖਸ਼ਿਆ।" "ਸਚਹੁ ਓਰੈ" ਸਭੁ ਕੋ ਉਪਰਿ ਸਚੁ ਆਚਾਰ ਦਾ ਅਸੂਲ ਦ੍ਰਿੜ ਕਰੌਂਦੇ ਹੋਇਆਂ, ਆਪਣੇ ਸੇਵਕਾਂ ਨੂੰ ਅਜੇਹੀ ਟਰੇਨਿੰਗ ਦਿਤੀ ਕਿ ਉਹ ਕਤਲ ਕਰ ਕੇ ਆਪ ਹੀ ਇਕਬਾਲ ਕਰ ਸਕਣ ਦੀ ਦਲੇਰੀ ਰਖਦੇ ਸਨ।"
ਇਹ ਪੜ੍ਹ ਕੇ ਸਾਬਤ ਹੋ ਜਾਂਦਾ ਹੈ ਕਿ ਅੰਮ੍ਰਿਤ ਸਰ ਦੇ ਸਾਕੇ ਵਾਲੇ ਸ਼ਹੀਦਾਂ ਸਤਿ ਗੁਰੂ ਜੀ ਦਾ ਹੁਕਮ ਮੰਨ ਆਪਣੇ ਕਸੂਰ ਨੂੰ ਆਪ ਮੰਨ ਆਪਣੀ ਗਲੀ ਫਾਹੇ ਪਾਏ ਸੀ ਬੇਦੋਸ਼ੇ ਫਾਹੇ ਛੁਡਾਏ ਸੀ। ਇਹ ਸਚਾਈ ਜਸਵੰਤ ਸਿੰਘ ਜੀ ਦੇ ਅੰਦਰ ਤੇ ਹੋ ਸੀ ਲਿਖੀ ਗਈ ਹੈ। ਅਸਾਂ ਇਹ ਤੁਕ ਸਚਹੁ ਓਰੈ ਇਸੇ ਪੁਸਤਕ ਚੋਂ ਲੈ ਇਸੇ ਪੰਨੇ ਤੋਂ ਮੁਖ ਰਖੀ ਹੈ। ਪਰ ਜਸਵੰਤ ਸਿੰਘ ਜੀ ਮਾਇਆ ਲੈਣ ਦੇ ਪਖੋਂ ਤੇ ਸੁਸਾਇਟੀ ਦੀ ਦਬੋਂ ਡਰਦੇ ਗੁਲਾਬ ਸਿੰਘ ਵਾਲੀ ਗਲ ਕ੍ਰਿਸਟੀ ਝੂਠੇ ਹੋਏ ਪੁਲਸੀ ਹਾਕਮ ਦੀ ਅੰਗਰੇਜ਼ੀ ਕਾਗਜਾਂ ਤੋਂ ਲੈ ਇਸ ਲਈ ਲਿਖਦੇ ਨੇ ਕਿ ਜਾਪੇ ਪਿਆ "ਲਬ ਵਿਣਾਹੇ ਮਾਣਸਾ ਜਿਉਂ ਪਾਣੀ ਬੂਰ" ਤੇ 'ਸਚਹੁ ਉਰੇ ਸਭ ਕੋ" ਭੀ ਵਾਕ ਸਚੇ ਹਨ ਤੇ ਮੈਂ ਝੂਠਾ ਹਾਂ।

ਜਿਵੇਂ ਕ੍ਰਿਸਟੀ ਨੂੰ ਬਦਨਾਮੀ ਛੁਪਾਣ ਲਈ ਬੇਦੋਸ਼ੇ ਫਾਹੇ ਜੇ ਲਵਾਨ ਲਗਾ ਸੀ। ਝੂਠੀ ਕਹਾਣੀ ਹੋਰ ਘੜਨੀ ਪਈ ਸੀ ਤਿਵੇਂ ਜਸਵੰਤ ਸਿੰਘ ਜੀ ਨੂੰ ਲਾਚਾਰ ਉਹ ਰਪੋਟ ਆਧਾਰ ਰਖਣ ਦਾ ਢੰਗ ਸੁਝਾ ਹੈ। ਤੇ ਸਚ ਭੀ ਜਾਹਰ ਹੋ ਗਿਆ ਹੈ "ਜੋ ਜੀਅ ਹੋਇ ਸੋ ਉਗਵੈ।" ਗੁਰਵਾਕ ਅਨੁਸਾਰ।

99 ਪੰਨੇ ਤੇ ਜਸਵੰਤ ਸਿੰਘ ਜੀ 4 ਫਾਸੀ ਚੜੇ ਤੇ 3 ਉਮਰ ਕੈਦ ਦੀ ਥਾਂ 2 ਲਿਖਦੇ ਹਨ, ਇਕ ਲਹਣਾ ਸਿੰਘ ਜੀ ਦਾ ਨਾਮ ਉਕਾ ਨਹੀਂ ਲੈਂਦੇ। ਤੇ ਗੁਲਾਬ ਸਿੰਘ ਨੂੰ ਵਹਿਦਾ ਮਾਫ ਬਣਾਕੇ ਬਤਾਂਦੇ ਹਨ ਜਿਸ ਦਾ ਅੰਮ੍ਰਿਤਸਰ ਵਾਲੇ ਸ਼ਹੀਦਾਂ ਨਾਲ ਦੂਰ ਦਾ ਸਬੰਧ ਨਹੀਂ। ਜਸਵੰਤ ਸਿੰਘ ਜੀ ਆਪੇ ਹੀ ਇਤਿਹਾਸ-ਕਾਰਾਂ ਦੀਆਂ। ਪਰਮਾ ਨੰਦ ਜੀ, ਪ੍ਰੋਫੈਸਰ ਤੇਜਾ ਸਿੰਘ ਜੀ, ਪੰਡਿਤ ਸੁੰਦਰ ਲਾਲ ਜੀ

Sri Satguru Jagjit Singh Ji Elibrary NamdhariElibrary@gmail.com

ਤੇ ਗੌਰਮਿੰਟ ਦੇ ਐਲਾਨ ਦੀਆਂ ਸਹਾਦਤਾਂ ਦੇਂਦੇ ਹਨ ਜੋ ਪਾਠਕ ਉਪਰ ਪੜ੍ਹ ਆਏ ਹਨ।

ਸੋਚਣ ਦੀ ਲੋੜ ਹੈ ਜਦ ਆਪੇ ਸਤਿ ਗੁਰੂ ਰਾਮ ਸਿੰਘ ਜੀ ਕਹਿ ਸਿਖ ਆਏ ਤਾਂ ਵਾਹਦਾ ਮਾਫ ਦਾ ਕੋਈ ਕੰਮ ਨਹੀਂ ਰਹਿੰਦਾ। ਪਰ ਆਪ ਜੀ ਉਸ ਗਲਤ ਗਲ ਵਹੀਨੂੰ ਅੰਗਰੇਜ਼ਾਂ ਦੇ ਬਨਾਏ ਗੇਦਿਆਂ ਸਿੰਘ ਸਭੀਆਂ ਦੇ ਸੁਭਾਉ ਮਜਬੂਰ ਹੋਇਆਂ ਕਿਡੀ ਚਲਾਕੀ ਕੀਤੀ ਹੈ ਵੇਖੋ 10 ਪੂਰੇ ਭੀ ਕਰ ਲਿਖ ਦਿਤੇ ਹਨ ਤੇ ਲਹਿਣਾਂ ਸਿੰਘ ਦੇ ਥਾਂ ਗੁਲਾਬ ਸਿੰਘ ਵੈਦਾ ਮਾਫ ਪਾ ਦਿਤਾ ਹੈ ਵਾਹ ਜਸਵੰਤ ਸਿੰਘ ਜੀ ਤੁਸੀਂ ਤੇ ਵਾਹ ਤੁਹਾਡੇ ਆਗੂ ਕ੍ਰਿਸਟੀ ਸਾਹਿਬ। ਹੁਣ ਤੁਸੀਂ ਉਨਤ ਬੇਨਤ ਕੁਟਲਤਾ ਚਾਲੇ ਦਾ ਸੁਭਾ ਛਡ ਦਿਉ ਤੇ ਗੁਰਮੁਖ ਤਰੋ ਸਚ ਲਿਖੋ ਹਿ ਵੀਚਾਰ" ਗੁਰਵਾਕ ਦੀ ਵਰਤੋਂ ਕਰੋ।

ਉਹ ਅੰਗਰੇਜ਼ ਗਏ। ਉਹਨਾਂ ਦੇ ਉਹ ਰੋਜ ਗਏ।
ਹੁਣ ਹੈ ਸੁਦੇਸ਼ੀ ਰਾਜ। ਆਦਤਾਂ ਤੋਂ ਆਓ ਬਾਜ,
(ਹੁਣ) ਲੋੜ ਇਤਫਾਕ ਦੀਏ। ਨਾਹੀ ਹੋਰ ਝਾਕਦੀਏ।
ਵਸਣ ਦਿਉ ਸੁਖੀ ਵਸੋਂ। ਹੁਣ ਕੀ ਜੋ ਔਖ ਦਸੋ।

---

## ਮਲੌਦ ਤੇ ਧਾਵਾ

(ਮਲੋਦ ਤੇ ਧਾਵਾ) ਪਃ ਭਾ: 26 ਕਾਂਡ ਦੂ: 21 ਕਾਂਡ 105 ਪੰਨਾ ਪਹਿਲਾ ਪੈਰਾ ਮੁਕਾਂਦਿਆਂ ਹੀ ਜਸਵੰਤ ਸਿੰਘ ਜੀ ਨੇ "ਕੂੜ ਬੋਲ ਮੁਰਦਾਰ ਖਾਏ।" ਵਾਲੀ ਗਲ ਕੀਤੀ ਹੈ ਤੇ ਇਹੋ ਹੀ ਇਹਨਾਂ ਦੇ ਸਾਰੇ ਇਸ ਪੁਸਤਕ ਦੀ ਖੂਬੀ ਹੈ। ਜੋ ਸਿੰਘ ਸਭੀਆਂ ਵਲੋਂ ਇਨਾਮ ਦਵਾ ਸਕੀ ਹੈ। ਇਨਾਮ ਹਾਸਲ ਕਰਨ ਖਾਤਰ ਆਪ ਲਿਖਦੇ ਹਨ।"

"ਬਾਬਾ ਰਾਮ ਸਿੰਘ ਜੀ ਮਿਸਟਰ ਫੋਰਸਾਈ ਕਮਿਸ਼ਨਰ ਦੇ ਰੂ ਬਰੂ 18

Sri Satguru Jagjit Singh Ji Elibrary NamdhariElibrary@gmail.com

ਜਨਵਰੀ ਨੂੰ ਬਿਆਨ ਦੇਂਦੇ ਹੋਏ ਕਹਿੰਦੇ ਹਨ ।" ਜਦ ਮੈਂ ਉਨ੍ਹਾਂ (ਸਰਦਾਰ ਹੀਰਾ ਸਿੰਘ ਲਹਿਣਾ ਸਿੰਘ ਤੇ ਉਹਨਾ ਦੇ ਸਾਥੀ) ਦੀ ਕੋਈ ਗਲ ਨ ਸੁਣੀ ਤਾਂ ਉਹ ਮੇਰੇ ਨਾਲ ਗੁਸੇ ਹੋ ਗਏ, ਤੇ ਆਖਣ ਲਗੇ ਕਿ ਤੂੰ ਸਾਡੇ ਨਾਲ ਨਹੀਂ ਰਲਦਾ ਹੈਂ, ਇਸ ਲਈ ਜਦ ਅਸੀਂ ਵਾਪਸ ਆਵਾਂਗੇ ਤਾਂ ਤੇਰੇ ਸਿਰ ਵਿਚ ਤੇਲ ਪਾਕੇ ਸਾੜਾਂਗੇ । ਉਨ੍ਹਾਂ ਵਿਚੋਂ ਇਕ ਨੰਦ ਸਿੰਘ ਸਾਡੇ ਕੋਠੇ ਦੀ ਛਤ ਉਤੇ ਚੜ ਕੇ ਮੇਰੇ ਪ੍ਰਵਾਰ ਨੂੰ ਡਰਾਉਣ ਧਮਕਾਉਣ ਲਗ ਪਿਆ ਕਿ ਤੁਹਾਡੇ ਸਾਰਿਆਂ ਦੇ ਵਾਲਾਂ ਨੂੰ ਅਗ ਲਾਈ ਜਾਵੇਗੀ ।" 107 ਪੰਨੇ ਤੇ ਲਿਖਦੇ, "ਜਦ ਨਾਮਧਾਰੀ ਸਿੰਘਾਂ ਦੇ ਜੋਸ਼ ਅਗੇ ਬਾਬਾ ਜੀ ਦੀ ਕੋਈ ਪੇਸ਼ ਨ ਗਈ ਤਾਂ ਉਹਨਾਂ ਨੇ ਸਰਫਰਾਜ਼ ਖਾਂ ਨੂੰ ਸਾਫ ਕਹਿ ਦਿਤਾ ਕਿ ਇਹ ਸਿੰਘ ਮੇਰੇ ਕਹੇ ਤੋਂ ਬਾਹਰ ਹਨ, ਜਿਵੇਂ ਜਾਣੋਂ ਨਜਿਠ ਲਉ। ਸਰਫਰਾਜ਼ ਦੇ ਕਹਿਣ ਉਤੇ ਬਾਬਾ ਜੀ ਨੇ 13 ਸਿਖਾਂ ਦੀ ਇਕ ਸੂਚੀ ਪਤਰ ਤਿਆਰ ਕਰ ਦਿਤੀ ਜੋ ਵਧੇਰੇ ਖੂਨ ਖਰਾਬਾ ਕਰਨਾ ਚਾਹੁੰਦੇ ਹਨ ।" ਤੇ ਤਲੇ ਨੋਟ ਵਿਚ ਲਿਖਦੇ ਹਨ, "ਇਸ ਸੂਚੀ ਦੀ ਨਕਲ ਸ਼ੈਸ਼ਨ ਜਜ ਅੰਬਾਲਾ ਦੀ ਕਚਹਿਰੀ ਵਿਚ ਪੜ ਕੇ ਸੁਣਾਈ ।"

ਹੁਣ ਅਸਾਂ ਜਸਵੰਤ ਸਿੰਘ ਜੀ ਦੇ ਲਿਖੇ ਵਿਚੋਂ ਹੀ ਇਸੇ ਤੇ ਵਿਚਾਰ ਕਰਨੀ ਹੈ ਤੇ ਵੇਖਣ ਸੋਚਣ ਵਾਲੀ ਗੱਲ ਇਹ ਹੈ ਕਿ ਇਹਨਾਂ ਦੋਹਾਂ ਗਲਾਂ ਦੇ ਸਬੂਤ ਲਈ ਕੋਈ ਲਿਖਤ ਜਾਂ ਰੀਕਾਡ ਹੈ ਜੋ ਇਹ ਸਾਹਿਬ ਦਸ ਸਕੇ ਹੋਣ ਕਿ ਸਿਰਫ ਜ਼ਬਾਨੀ ਲਿਖ ਦਿਤੀਆਂ ਹਨ ਮਨੋ ਕਲਪਤ ਦੋਵੇਂ ਗਲਾਂ ।

(1) ਲੁਧਿਆਣੇ ਫੌਰਸਾਈਥ ਸਾਹਵੇ 18 ਜਨਵਰੀ ਨੂੰ ਬਿਆਨ ਦਿਤੇ ਸਤਿ ਗੁਰੂ ਜੀ ਤੇ ।

(2) ਸਰਫਰਾਜ਼ ਖਾਂ ਨੂੰ ਸੂਚੀ ਤੇਰਾਂ ਸਰੀਰਾਂ ਦੀ ਲਿਖ ਦਿਤੀ ਜਿਸ ਦੀ ਨਕਲ ਉਸ ਅੰਬਾਲੇ ਜਜ ਨੂੰ ਸੁਣਾਈ ।

ਪਹਿਲੀ ਗਲ ਦਾ ਉਤਰ ਇਹ ਹੈ । ਆਪ ਸਾਹਿਬ ਹਾਲਤ ਲਿਖਦੇ ਹਨ 13 ਜਨਵਰੀ ਦਾ ਤੇ ਬਿਆਨ ਜੋੜ ਦਿਤਾ ਹੈ ਮਨੋ ਬਨਾ ਹੀ 18 ਜਨਵਰੀ ਦਾ ਇਸ ਲਈ ਕਿਤੇ ਮਤੇ ਇਹ ਗਲ ਉਸ ਤਾਰੀਖ ਨੂੰ ਲਿਖਣ ਦੇ ਸਮੇਂ ਮਨੋ ਨ

Sri Satguru Jagjit Singh Ji Elibrary NamdhariElibrary@gmail.com

ਨਿਕਲ ਜਾਵੇ ਮਤ ਦੀਮਾਗ਼ ਧੋਖਾ ਨ ਦੇ ਜਾਵੇ। ਕਿਉਂਕਿ ਲਿਖਤ ਤੇ ਹੈ ਕੋਈ ਨਹੀਂ।

ਇਸੇ ਤਰ੍ਹਾਂ 105 ਪੰਨੇ ਤੇ 13 ਜਨਵਰੀ ਨਹੀਂ ਦਿਤੀ ਸੇ 108 ਪੰਨੇ ਤੇ ਜਾ ਦਿਤੀ ਹੈ ਤੇ 18 ਜਨਵਰੀ ਦਾ ਬਿਆਨ ਪੰਜ ਘੰਟੇ ਪਹਿਲਾਂ ਲਿਖ ਦਿਤਾ ਹੈ। ਭਾਵੇਂ ਚਾਰਾ ਬਹੁਤ ਕੀਤਾ ਆਪ ਨੇ ਪਰ ਹੋਈ ਉਹੋ ਗਲ "ਸਚਹੁ ਉਰੈ ਸਭ ਕੋ" ਉਥੇ 18 ਜਨਵਰੀ ਦਾ ਹਾਲ 18 ਪੰਨੇ ਤੇ ਜਦ ਜਸਵੰਤ ਸਿੰਘ ਜੀ ਲਿਖਦੇ ਹਨ ਤਾਂ ਸਤਿ ਗੁਰੂ ਰਾਮ ਸਿੰਘ ਜੀ ਦਾ ਤੇ ਮਿਸਟਰ ਫੋਰਸਾਈਥ ਦਾ ਮਿਲਨਾ ਉਥੇ ਇਹ ਹੀ ਲਿਖ ਸਕੇ ਹਨ। "ਮਿਸਟਰ ਫੋਰਸਾਈਥ ਨੇ ਬਾਬਾ ਰਾਮ ਸਿੰਘ ਜੀ ਨੂੰ ਫੌਰਨ ਲੁਧਿਆਣੇ ਬੁਲਾਇਆ ਤੇ ਦੇਸ਼ ਨਿਕਲੇ ਦਾ ਹੁਕਮ ਸੁਣਾਕੇ 18 ਜਨਵਰੀ ਸਵੇਰੇ ਚਾਰ ਵਜੇ ਦੀ ਗਡੀ ਅਲਾਹਾਬਾਦ ਨੂੰ ਤੋਰ ਦਿਤਾ।"

ਜਿਸ ਚੇਤੇ ਦੇ ਭੁਲਨ ਤੋਂ ਜਸਵੰਤ ਸਿੰਘ ਜੀ ਡਰੇ ਸੀ ਤੇ 13 ਜਨਵਰੀ ਨੂੰ ਲਿਖ ਦਿਤਾ ਸੀ ਕਿ ਫ਼ੋਰਸਾਇਥ ਨੂੰ ਬਿਆਨ ਦੇਂਦੇ ਹੋਏ ਕਹਿੰਦੇ ਹਨ ਉਹ ਚੇਤਾ 18 ਜਨਵਰੀ ਵਾਲੇ ਦਿਨ ਠੀਕ ਭੁਲ ਹੀ ਗਿਆ। ਭੁਲਾ ਚੇਤਾ ਤਾਂ ਰਹਿੰਦਾ ਜੇ ਸਚ ਹੁੰਦਾ ਠੀਕ ਉਹੋ ਹੋਈ ਜਿਵੇਂ ਆਖਦੇ ਹਨ। ਸਚ ਨੂੰ ਸਚਾਂ ਨਹੀਂ ਝੂਠ ਨੂੰ ਪੈਰਾਂ ਨਹੀਂ। ਤੇ ਕੂੜ ਨ ਪਹੁੰਚੇ ਸਚ ਨੂੰ ਸਤੁ ਖਾਤਰ ਘੜੀਐ ਜਿਵੇਂ ਵਾਕ ਏ।

ਮੈਂ ਕਈ ਵਾਰ ਪੁਲਸ ਨੂੰ ਵੇਖਿਆ ਹੈ ਝੂਠੇ ਗਵਾਹ ਨੂੰ ਕੋਈ ਬਿਆਨ ਪੜ੍ਹਵਾਂਦਿਆਂ। ਪਰ ਝੂਠੇ ਫੇਰ ਭੀ ਭੁਲ ਜਾਂਦੇ ਹਨ। ਸਚੀ ਗਲ ਬਾਰ ਬਾਰ ਚੇਤਾ ਕਰਨ ਦੀ ਲੋੜ ਨਹੀਂ ਹੁੰਦੀ ਕਿਉਂਕੇ ਉਹ ਸੁਤੇ ਆਪਣੀ ਯਾਦ ਆਪ ਹੁੰਦਾ ਏ। ਤੇ ਝੂਠੇ ਬਿਆਨ ਜਰਾ ਧਿਆਨੋਂ ਉਕ ਨਹੀਂ ਤੇ ਭੁਲੇ ਨਹੀਂ। ਜਿਵੇਂ ਜਸਵੰਤ ਸਿੰਘ ਜੀ ਨਾਲ ਹੋਈ ਹੈ। 18 ਜਨਵਰੀ ਵਾਲਾ ਬਿਆਨ 13 ਜਨਵਰੀ ਨੂੰ ਉਚੇਚਾ ਲਿਖਿਆ ਪਰ ਉਹ 18 ਨੂੰ ਲਿਖਣਾ ਭੁਲ ਗਿਆ। ਉਹ ਇਸ ਲਈ ਹੋਇਆ ਜੋ ਗੁਰੂ ਵਾਕ ਹੈ। ਸ੍ਰੀ ਰਾਗ ਮਹਿਲਾ (1) "ਸਚਹੁ ਉਰੈ" ਸਭੁ ਕੋ ਉਪਰਿ ਸਚ ਆਚਾਰ" ਸਚ ਸੁ ਰਹਿੰਦਾ ਹੈ। ਕੀ ਇਸ ਦੇ ਉਲਟ ਕਿਸੇ ਕਹਿਣਾਂ ਹੈ।

ਦੂਜੀ ਗਲ ਦਾ ਉਤਰ (ੳ) ਉਪਰ ਤਾਂ ਲਿਖਦੇ ਹਨ। "ਬਾਬਾ ਜੀ ਨੇ ਤੇਰਾਂ ਸਿਖਾਂ ਦੀ ਸੂਚੀ ਪਤਰ ਤਿਆਰ ਕਰ ਦਿਤੀ ਤੇ ਤਲੇ ਲਿਖਦੇ ਹਨ। ਇਸ ਸੂਚੀ ਦੀ ਨਕਲ ਸ਼ੈਸ਼ਨ ਜਜ ਅੰਬਾਲਾ ਦੀ ਕਚਹਿਰੀ ਵਿਚ ਪੜ੍ਹ ਕੇ ਸੁਨਾਈ।"

ਕੀ ਉਹ ਅਸਲ ਵਖਾਣੀ ਜਾਂ ਸੁਨਾਣੀ ਗੁਨਾਹ ਸੀ। ਨਹੀਂ ਨਹੀਂ ਅਸਲ ਹੁੰਦੀ ਤੇ ਜਸਵੰਤ ਸਿੰਘ ਜੀ ਅਸਲ ਲਿਖਦੇ। ਹੈ ਜੂ ਨ ਸੀ ਨਕਲ ਤਾਂ ਹੀ ਲਿਖੀ ਹੈ। (ਅ) ਹਾਂ ਜੇ ਅਸਲ ਹੀ ਲਿਖਦੇ ਤਾਂ ਸਤਿ ਗੁਰੂ ਜੀ ਦੇ ਹਸਤਾਖਰਾਂ ਨਾਲ ਮਿਲਨਾਂ ਉਹਦਾ ਜ਼ਰੂਰੀ ਸੀ। ਤੇ ਫੇਰ ਪਾਜ ਉਘੜਨਾਂ ਸੀ ਇਸ ਲਈ ਪਹਿਲੇ ਹੀ ਨਕਲ ਲਿਖੀ ਹੈ ਜਸਵੰਤ ਸਿੰਘ ਹੋਰਾਂ। ਤੇ ਛੇਤੀ ਹੀ ਜਸਵੰਤ ਸਿੰਘ ਜੀ ਦੀ ਕਾਰਸਤਾਨੀ ਉਘੜ ਗਈ ਹੈ। ਹਸਤਖਾਰਾਂ ਤਕ ਗਲ ਨਹੀਂ ਗਈ। ਚੰਗਾ ਹੋਇਆ ਰਗੜ ਖਾ ਬਹਿਣ ਨਾਲੋਂ ਤੁਰੰਤ ਕੰਡ ਧਰਨੀ ਹੀ ਬਚ ਜਾਣਾ ਚੰਗਾ ਹੁੰਦੈ ਆਪ ਜੈਸਿਆ ਨੂੰ। (ੲ) ਕੀ ਉਹੋ ਮਸਤਾਨੇ ਸਤਿ ਗੁਰੂ ਜੀ ਨੂੰ ਐਸੇ ਕਰੜੇ ਬੋਲ ਕਰ ਸਕਦੇ ਸਨ ? (ਸ੍ਰ: ਵਿਧਾਤਾ ਸਿੰਘ ਜੀ ਤੀਰ) ਜਿਨ੍ਹਾਂ ਬਾਬਤ ਇਸ ਤਰ੍ਹਾਂ ਲਿਖਦੇ ਹਨ।

"ਮਾਰ ਜਿਉਂ ਜਿਉਂ ਪਵੇ ਮਸਤਾਨਿਆਂ ਨੂੰ,
ਤਿਉਂ ਤਿਉਂ ਅਖਣ ਰੰਗਣ ਚਾਹੜ ਜਾਇਉ।
ਖਾ ਕੇ ਇਕ ਪਾਸੇ ਮੁੜਨ ਦੂਏ ਪਾਸੇ,
ਆਖਣ ਇੰਧਰ ਦੇ ਪਾਪ ਭੀ ਝਾੜ ਜਾਇਉ।
ਮੂੰਹ ਨਾਮ ਨਹੀਂ ਜਪਦੇ ਵੱਹੁ ਇਸ ਤੇ,
ਅਜ ਇਹ ਦਾ ਭੀ ਭੰਨ ਬੁਥਾੜ ਜਾਇਉ।
ਹਥ ਸੇਵਾ ਦਾ ਕਦੇ ਨਹੀਂ ਨਾਮ ਲੈਂਦੇ,
ਮਾਰ ਗੁਟ ਉਤੇ ਕਾੜ ਕਾੜ ਜਾਇਉ।
ਨਿਂਵਦੇ ਨਹੀਂ ਸਿਰ ਭਰੇ ਹੰਕਾਰ ਦੇ ਇਹ
ਡਾਂਗ ਮਾਰ ਕੇ ਇਹਨਾਂ ਨੂੰ ਤੋੜ ਜਾਇਉ।

Sri Satguru Jagjit Singh Ji Elibrary NamdhariElibrary@gmail.com

ਸਾਡੇ ਸੀਨਿਆਂ ਵਿਚ ਨਹੀਂ ਦਰਦ ਰਿਹਾ,
ਕੋਈ ਦਰਦ ਵਾਲਾ ਕੋਡਾ ਪੇੜ ਜਾਇਉ।

ਸਤਿ ਗੁਰੂ ਜੀ ਸੰਗਤ ਵਿਚ ਰਲਨਾਂ ਉਹਨਾਂ ਨੂੰ ਪ੍ਰਸਾਦ ਦੇਣ ਤੇ ਰੋਕ ਲਾ ਦੇਂਦੇ ਹਨ ਪਰ ਛਕਦੇ ਆਪ ਭੀ ਨਹੀਂ ਉਨੇ ਦਿਨ। ਅਤੇ ਇਕ ਸੰਤ ਜੀ ਦੀ ਅਰਜ ਤੇ ਭੀ ਮਸਤਾਨਿਆਂ ਨੂੰ ਛਕਕੇ ਹੀ ਛਕਦੇ ਹਨ। ਜਿਨ੍ਹੂੰ ਤੀਰ ਜੀ ਸਤਿ ਗੁਰੂ ਜੀ ਤੇ ਸਿਖਾਂ ਪਿਆਰ ਨੂੰ ਉਲੀਕਦੇ ਦਰਸਾਂਦੇ ਹਨ।

ਤੀਰ ਇਹ ਹੈ ਪ੍ਰੇਮ ਦੀ ਉਚ ਝਾਕੀ,
ਲੋਸ ਵੇਸ ਵਿਚ ਦੁਨੀਆਂ ਦੇ ਰੰਗਦੀ ਨਹੀਂ।
ਸਿਖ ਅੰਨ ਦੇ ਬਿਨਾਂ ਜੋ ਰਹੇ ਭੁਖਾ,
ਬੁਰਕੀ ਸਤਿ ਗੁਰੂ ਦੇ ਮੂੰਹੋਂ ਲੰਘਦੀ ਨਹੀਂ।

ਪਾਠਕ ਵਿਚਾਰ ਸਕਦੇ ਹਨ ਐਸੇ ਸਚੇ ਪ੍ਰੇਮ ਵਾਲੇ ਆਪਣੇ ਪ੍ਰੀਤਮ ਨੂੰ ਕਦੇ ਕਰੜੇ ਬੋਲ ਕਹੇ ਸਕਦੇ ਹਨ।

ਜਸਵੰਤ ਸਿੰਘ ਆਪ ਜੀ ਨੂੰ ਕੀ ਪਤਾ ਹੋਵੇ। "ਜੇ ਗੁਰ ਝਿੜਕੇ ਮੀਠਾ ਲਾਗੈ" ਗੁਰਵਾਕ ਮੰਨਣ ਵਾਲੇ ਗੁਰ ਸਿਖਾਂ ਸੇਵਕਾਂ ਦੀ ਕੀ ਅਵਸਥਾ ਹੁੰਦੀ ਏ। ਬਾਹੋ ਕਾਲੂ ਜੀ ਰਾਗੀ ਹੋਰੀ ਆਪਣੇ ਭਤੀਜਿਆਂ ਨੂੰ ਰਾਗ ਦੀ ਪੂਰੀ ਨ ਸਮਝ ਪੈਂਦੀ ਵੇਖ ਕਿਹਾ ਕਰਦੇ ਸੀ, "ਮੁੰਡਿਓ ਤੁਹਾਨੂੰ ਕੀ ਰਾਗ ਦੀ ਖਬਰ ਹੋਵੇ। ਨ ਤੁਹਾਡੀ ਕਿਤੇ ਲਗੀ ਤੇ ਨ ਟੁਟੀ।" ਤਿਵੇਂ ਹੀ ਜਸਵੰਤ ਸਿੰਘ ਜੀ ਨੂੰ ਕੀ ਪਤਾ ਗੁਰੂ ਤੇ ਸਿਖਾਂ ਦੀ ਕੀ ਪ੍ਰੀਤ ਹੁੰਦੀ ਏ। ਸੂਹੀ ਮਹਲਾ 4, ਅਖੀ ਕਾਢਿ ਧਰੀ ਚਰਨਾ ਤਲਿ ਸਭ ਧਰਤੀ ਫਿਰ ਮਤ ਪਾਈ ਜੇ ਪਾਸ ਬਹਾਲਹਿ ਤਾਂ ਤੁਝਹਿ ਅਰਾਧੀ ਜੇ ਮਾਰਿ ਕਢਹਿ ਭੀ ਧਿਆਈ। ਜੇ ਲੋਕੁ ਸਲਾਹੇ ਤਾਂ ਤੇਰੀ ਉਪਮਾਂ ਜੇ ਨਿੰਦੈ ਤ ਛੋਡਿ ਨ ਜਾਈ। ਦਾ ਕੀ ਰਸ ਹੁੰਦੈ। ਤੇ ਇਸ ਰਸ ਤੋਂ ਵਿਹੂਣਿਆਂ ਲਈ ਗੁਰਬਾਣੀ ਵਿਚ ਕੀ ਵਾਕ ਨੇ। ਗੂਜਰੀ ਮਹਲਾ 4। ਜਿਨ ਦਰਸ਼ਨ ਸਤਿਗੁਰ ਸਤ ਪੁਰਖ ਨ ਪਾਇਆ ਤੇ ਭਾਗ ਹੀਣ ਜਮਿ ਮਾਰੇ। ਸੇ ਕੂਕਰ ਸੂਕਰ ਗਰਧਭ

Sri Satguru Jagjit Singh Ji Elibrary NamdhariElibrary@gmail.com

ਪਵਂਹਿ ਗਰਭ ਜੋਨੀ ਦਜਿ ਮਾਰੇ ਮਾਹ ਹਤਿਆਰੇ ।"

ਜਸਵੰਤ ਸਿੰਘ ਜੀ ਨੇ ਗਰੰਥ ਸਾਹਿਬ ਦੇ ਵਾਕ ਜਿਨਿ ਗੁਰ ਨਹਿ ਦੇਖਿਅਉ ਨਹਿ ਕੀਉ ਤੇ ਅਕਥ ਸੰਸਾਰ ਮਹਿ। ਅਨੁਸਾਰ। ਨ ਗੁਰੂ ਵੇਖਿਆ ਨ ਕੀਤਾ ਐਵੇਂ ਅਕਾਰਥ ਜਨਮ ਕਰਨ ਵਾਲੇ ਰਾਹ ਪਏ ਹੋਏ ਹਨ। ਜੱਸ ਜੀ ਜੇ ਗੁਰੂ ਅਤੇ ਸਿਖਾਂ ਦੇ ਆਪਸੀ ਪ੍ਰੇਮ ਦਾ ਨਜ਼ਾਰਾ ਵੇਖਣਾ ਹੋਵੇ । ਤਾਂ ਭਜਨ ਪੁਛ ਕੇ ਸਤਿ ਗੁਰੂ ਜੀ ਦੀ ਸ਼ਰਨ ਵਿਚ ਆਓ। ਤੇ ਫੇਰ ਕੁਝ ਚਿਰ ਪਿਛੋਂ ਤੁਹਾਡੇ ਨੇਤ੍ਰ ਠੀਕ ਹੀ ਖੁਲ ਜਾਣਗੇ। ਜੇਹੜੇ ਦੇਹ ਧਾਰੀ ਗੁਰੂ ਅਤੇ ਸਿਖਾਂ ਦੇ ਸਨੇਹ ਤੇ ਪਰੇਮ ਨੂੰ ਠੀਕ ਤਰਾਂ ਵੇਖ ਸਕਦੇ ਹਨ।

107 ਪੰਨੇ ਤੇ ਜਦ ਜਸਵੰਤ ਸਿੰਘ ਜੀ ਆਪ ਹੀ ਲਿਖ ਦੇ ਹਨ " ਕੌਤਕ ਹੋਰ ਆਏ ਗੁਰ ਡੇਰੇ ਕਹੇ, ਫੇਰੋਂ ਨਹੀਂ ਗੁਰ ਨੰਮ ਰਜਾਏ ।" ਸਤਿਗੁਰੂ ਬਿਲਾਸ ਸੰਤ ਧਿਆਨ ਸਿੰਘ ਜੀ ਦੇ ਲਿਖੇ ਵਿਚੋਂ ਦੇ ਤਲੇ ਇਹ ਲਿਖਣਾ ਕੀ ਮਤਲਬ ਰਖਦਾ ਏ। "ਬਾਬਾ ਜੀ ਦੀ ਕੋਈ ਪੇਸ਼ ਨ ਗਈ ਤਾਂ ਉਹਨਾ ਸਰਫਰਾਜ਼ ਖਾਂ ਨੂੰ ਸਾਫ ਸਾਫ਼ ਕਹਿ ਦਿਤਾ ਤੇ ਸੂਚੀ ਲਿਖ ਦਿਤੀ ਤੇਰਾਂ ਦੀ ਕੀ ਮਤਲਬ ਰਖਦੇ। ਜੋ ਅਸਲ ਗੱਲ ਹੈ ਉਹ ਸੰਤ ਨਿਧਾਨ ਸਿੰਘ ਜੀ ਆਲਿਮ ਹੋਰਾਂ 164 ਪੰਨੇ ਜੁਗ ਪਲਟਾਊ ਸਤਿਗੁਰੂ ਤੇ ਲਿਖੀ ਹੋਈ ਹੈ—"ਮਲੇਰ ਕੋਟਲੇ ਦਾ ਸਾਕਾ ਕੂਕਾ ਸ਼ਹੀਦਾਂ ਦੇ ਲਹੂ ਨਾਲ ਲਿਖਿਆ ਗਿਆ ਹੈ। ਇਹ ਸਾਕਾ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਜਾਨ ਬਾਜ਼ ਸਿਖਾਂ ਦੀਆਂ ਮਹਾਨ ਮੁਸੀਬਤਾਂ ਤੇ ਔਕੜਾਂ ਦਾ ਮੁਢ ਹੈ। ਅਸਲ ਵਿਚ ਇਹ ਸਾਕਾ ਕੂਕਾ ਇਤਿਹਾਸ ਦੀ ਰੀੜ ਦੀ ਹਡੀ ਹੈ ਅਜੇਹੇ ਸਾਕੇ ਹੀ 'ਜੇ ਉਨ੍ਹਾਂ ਵਿਚ ਸਫਲਤਾ ਹੋ ਜਾਵੇ। ਕੌਮਾਂ ਦੀਆ ਤਕਦੀਰਾਂ ਬਦਲਨ ਦਾ ਕਾਰਨ ਹੋਇਆ ਕਰਦੇ ਹਨ। ਇਸ ਸਚਾਈ ਤੋਂ ਕੋਈ ਨਿਰਪਖ ਸਜਨ ਨਾਹ ਨਹੀਂ ਕਰ ਸਕਦਾ ਕਿ ਦੇਸ਼ ਅਤੇ ਕੌਮ ਦੀ ਸੁਤੰਤਰਤਾ ਬਦਲੇ ਲਿਖੇ ਗਏ ਇਸ ਖੂਨੀ ਡਰਾਮੇ ਵਿਚ ਜੇ ਸਿਖਾਂ ਦਾ ਅਮੀਰ ਤਬਕਾ। ਅਰ ਉਸ ਦੇ ਨਾਲ ਹੀ ਗੁਰਦੁਆਰਿਆਂ ਦੇ ਪੁਜਾਰੀ ਅਤੇ ਡੇਰਿਆਂ ਦੇ ਮਹੰਤ ਸਮਾਜ 'ਅੰਗਰੇਜ਼ ਦੇ ਪੱਖ ਵਿਚ ਕੂਕਿਆਂ ਦੇ ਵਿਰੁਧ ਨਾਚ ਨ ਨਚਦਾ ਤਾਂ ਅਵਲ ਤਾਂ ਸਾਰੇ ਹਿੰਦੁਸਤਾਨ ਨਹੀਂ

ਤਾਂ ਘੱਟ ਤੋਂ ਘੱਟ ਪੰਜਾਬ ਦਾ ਮਾਨ ਚਿਤਰ (ਨਕਸ਼ਾ) ਤਾਂ ਗੁਲਾਮੀ ਦੀ ਰੰਗ ਦੀ ਲਾਲ ਲਕੀਰ ਤੋਂ ਜ਼ਰੂਰ ਰਹਿਤ ਹੁੰਦਾ ਅਤੇ ਅਜ ਤੋਂ ਲਗ ਪਗ ਅਧੀ ਸਦੀ ਪਹਿਲੋਂ ਹੀ ਲਾਹੌਰ ਦੇ ਸ਼ਾਹੀ ਕਿਲੇ ਤੇ ਆਜ਼ਾਦੀ ਦਾ ਝੰਡਾ ਝੁਲਾਇਆ ਜਾਂਦਾ।"

ਮਲੇਰ ਕੋਟਲੇ ਦੀ ਹਿਰਦਾ ਵੇਧਕ ਫਿਲਮ ਅੰਦਰ ਅਗ ਨਾਲ ਹੋਲੀ ਖੇਡਣ ਵਾਲੇ ਬੀਰਾਂ ਦੇ ਸ਼ਹੀਦੀ ਚਿਤਰ ਤਕ ਕੇ ਪਤਾ ਲਗਦਾ ਹੈ ਕਿ ਜਿਸ ਸਤਿਗੁਰੂ ਰਾਮ ਸਿੰਘ ਜੀ ਨੇ ਖਾਲਸਾ ਪੰਥ ਦੇ ਪ੍ਰਾਣ ਰਹਿਤ ਸਰੀਰ ਅੰਦਰ ਨਵ ਜੀਵਨ ਦਾ ਸੰਚਾਰ ਕੀਤਾ ਸੀ। ਉਸਨੇ ਦੇਸ਼ ਨੂੰ ਵਦੇਸ਼ੀ ਰਾਜ ਦੀ ਅਧੀਨਤਾ ਦੇ ਵਿਰੁਧ ਸੁਤੰਤਰਤਾ ਦੀ ਲੜਾਈ ਲੜਨ ਵਾਲੇ ਕਿਸ ਤਰ੍ਹਾਂ ਦੇ ਸਿਰਲੱਥ ਯੋਧੇ ਪੈਦਾ ਕੀਤੇ ਸਨ" ?

ਪਾਠਕ ਆਲਿਮ ਜੀ ਦਾ ਲਿਖਿਆ ਪੜ੍ਹ ਵਿਚਾਰ ਸਕਦੇ ਹਨ ਕਿ ਉਸ ਵਕਤ ਸਿਖਾਂ ਦਾ ਅਮੀਰ ਤਬਕਾ ਤੇ ਪੁਜਾਰੀ ਗੁਰਦੁਆਰਿਆਂ ਦੇ ਤੇ ਹੋਰ ਡੇਰੇ ਦਾਰਾਂ ਦੇ ਸਾਥ ਨ ਮਿਲਨ ਕਰ ਡੇਰ ਪੈ ਗਈ, ਦੇਸ ਅਜ਼ਾਦ ਹੋਣ ਵਿਚ ਜਿਵੇਂ ਦਸਮ ਜੀ ਨੂੰ ਹਿੰਦੂਆਂ ਵਲੋਂ ਹੀ ਪਹਿਲਾਂ ਵਿਰੋਧ ਦਾ ਮੁਢ ਬਝਾ ਜਿਸ ਹਿੰਦੂ ਧਰਮ ਲਈ ਗੁਰੂ ਤੇਗ ਬਹਾਦਰ ਜੀ ਕੁਰਬਾਨੀ ਦਿਤੀ ਸੀ। ਤਿਵੇਂ ਇਸ ਸਿਖੀ ਦੀ ਰਖਿਆ ਤੇ ਦੇਸ਼ ਦੀ ਰਖਿਆ ਲਈ ਗੁਰੂ ਰਾਮ ਸਿੰਘ ਜੀ ਤੇ ਉਸ ਦੇ ਸਿਖਾਂ ਨੇ ਬੀੜਾ ਚੁਕਿਆ ਸੀ ਜਬ ਉਹਨਾਂ ਨੇ ਹੀ ਸਮੇਂ ਸਿਰ ਪੂਰਾ ਸਾਥ ਨ ਦਿਤਾ ਤੇ ਸਗੋਂ ਵਿਰੋਧ ਕੀਤਾ ਤਾਂ ਦੇਸ਼, ਅਜਾਦ ਹੋਣ ਵਿਚ ਡੇਰੀ ਪੈ ਗਈ। ਪਰ ਜਸਵੰਤ ਸਿੰਘ ਜੀ ਨੇ ਅਸਲੀਅਤ ਲੁਕਾ ਸਤਿ ਗੁਰੂ ਜੀ ਤੇ ਨਾਮਧਾਰੀ ਪੰਥ ਦੀ ਹੁਣ ਦੇਸ਼ ਅਜਾਦ ਹੋਏ ਸਮੇਂ ਸੋਭਾ ਸੁਣਨ ਕਾਰਨ ਆਪਣਾਂ ਪੁਰਾਣਾਂ ਸੁਭਾ ਤਿਆਗ ਨਹੀਂ ਸਕਦੇ। ਤੇ ਅਸਲੀਅਤ ਨੂੰ ਮੋੜ ਮੁੜਾ ਕੇ ਹੋਰ ਰੂਪ ਦੇ ਕੂਕਾ ਪੰਥ ਦੇ ਇਤਿਹਾਸ ਨੂੰ ਵਿਗਾੜ "ਕੂੜ ਬੋਲ ਮੁਰਦਾਰ ਖਾਇ" ਵਾਕ ਦਾ ਅਰਥ ਵਰਤਦੇ ਹਨ ਤੇ ਆਪਣੇ ਈਰਖੀ ਸੁਭਾ ਨੂੰ ਭਾੜਾ ਪਾ ਲੈਂਦੇ ਹਨ। ਪਰ ਇਹ ਨਹੀਂ ਸੋਚਦੇ ਜੋ 1857 ਦੇ ਗਦਰ ਸਮੇਂ ਪੰਜਾਬ ਦੇ ਸਿਖਾਂ ਨੂੰ ਕਲੰਕ ਦਾ ਟਿਕਾ ਲਗਾ ਸੀ। ਜੇ ਸਤਿ ਗੁਰੂ ਰਾਮ ਸਿੰਘ ਜੀ ਤੇ ਉਸਦੇ ਜਾਨਬਾਜ਼ ਸਿਖ ਤੁਰਤ ਕੁਰਬਾਨੀ ਨ

Sri Satguru Jagjit Singh Ji Elibrary NamdhariElibrary@gmail.com

ਕਰਦੇ ਤਾਂ ਉਹ ਕਲੰਕ ਕਦੇ ਸਿਖ ਕੌਮ ਦੇ ਮਥੇ ਤੋਂ ਨ ਲਹਿੰਦਾ। ਇਸ ਕੀਤੇ ਪਰ ਉਪਕਾਰ ਸਤਿ ਗੁਰੂ ਜੀ ਦੇ ਮਹਾਨ ਕੰਮਾਂ ਦੀ ਕੁਰਬਾਨੀ ਦੇ ਫਲ ਦਾ ਮਰਤਬਾ ਮਲੂਮ ਕਰਨ ਲਈ ਵੇਖੋ ਅੰਗਰੇਜ਼ੀ ਵਿਚ ਸੈਂਚਰੀ ਜੋ ਸਾਲਾਨੇ ਛਪੀ ਹੈ ਤੇ ਉਸ ਵਿਚ ਨਾਹਰ ਸਿੰਘ ਜੀ ਐਮ. ਏ, ਤੇ ਸ: ਪ੍ਰਤਾਪ ਸਿੰਘ ਜੀ ਕੈਰੋਂ ਮੁਖ ਮੰਤਰੀ ਪੰਜਾਬ ਦਾ ਲੇਖ। ਸੈਂਚਰੀ 1857 ਤੋਂ 1958 ਤਕ।

ਅਸਾਂ ਜਸਵੰਤ ਸਿੰਘ ਜੀ ਵਾਂਗੂੰ ਸਚ ਨੂੰ ਲੁਕਾਣਾਂ ਨਹੀਂ। ਠੀਕ ਪਹਿਲੋਂ ਸਤਿ ਗੁਰੂ ਜੀ ਮਸਤਾਨਿਆਂ ਨੂੰ ਵਰਜਿਆ ਸੀ ਤੇ ਕਿਹਾ ਸੀ ਕਾਹਲ ਨ ਕਰੋ। ਪਰ ਜਦੋਂ ਨੌਮੇ ਗੁਰੂ ਜੀ ਦਾ ਹੁਕਮ ਹੈ ਸੁਣਿਆ। ਤਾਂ ਆਪ ਨੇ "ਅਸੀਂ ਸੀਸ ਲਗੇਗੇ ਇਸ ਬਾਰੀ।" ਦਸਮ ਜੀ ਦੇ ਵਾਕ ਨੂੰ ਚਿਤਾਰ ਕਹੇ ਦਿਤਾ ਸੀ। ਜੋ ਆਪ ਹੀ ਜਸਵੰਤ ਸਿੰਘ ਜੀ ਲਿਖ ਦਿਤਾ ਹੈ। "ਫੇਰੋਂ ਨਹੀਂ ਗੁਰ ਨੌਮੂ ਰਜਾਏ।" ਕਿ ਮੈਂ ਉਹਨਾਂ ਨੌਮੇ ਪਾਤਸ਼ਾਹ ਦਾ ਹੁਕਮ ਮੋੜ ਨਹੀਂ ਸਕਦਾ। ਤੇ ਫੇਰ ਹਥੀ ਪ੍ਰਸਾਦ ਛਕਾਇਆ ਤੇ ਖੁਸ਼ ਹੋ ਵਿਦਾ ਕੀਤਾ ਤੇ ਰਾਤ ਰਹਿਣ ਦਾ ਪਤਾ ਭੀ ਦਸਿਆ ਤੇ ਕੰਨ ਵਿਚ ਹੀਰਾ ਸਿੰਘ ਜੀ ਦੇ ਵਿਚ ਕੁਝ ਕਿਹਾ ਤੇ ਹੀਰਾ ਸਿੰਘ ਜੀ ਕਿਹਾ ਸੀ ਸਤਿ ਬਚਨ, ਸਤਿ ਬਚਨ, ਸਤਿ ਬਚਨ।

ਮਲੌਦ ਦੇ ਧਾਵੇ ਵਿਚ 109 ਪੰਨੇ ਤੇ ਬਦਨ ਸਿੰਘ ਦੇ ਭਜ ਕੇ ਅੰਦਰ ਵੜਨ ਦੇ ਥਾਂ ਦੋ ਤਿੰਨ ਕੂਕਿਆਂ ਨੂੰ ਫਟੜ ਕਰਨਾਂ ਭੀ ਗਲਤ ਲਿਖਿਆ ਹੈ। ਤੇ ਕਮਲ ਵਿਚ ਪੈ ਇਕੋ ਪਤਰੇ ਤੇ ਕਿਤੇ ਦੋ ਤੇ ਕਿਤੇ ਤਿੰਨ ਤਲਵਾਰਾਂ ਕੂਕਿਆਂ ਦੇ ਹਥ ਆਈਆਂ ਲਿਖ ਦਿਤੀਆਂ ਹਨ।

ਮਲੇਰ ਕੋਟਲੇ ਦਾ ਸਾਕਾ ਲਿਖਦਿਆਂ ਜਸਵੰਤ ਸਿੰਘ ਜੀ ਨੂੰ ਭਾਰੀ ਭੁਲੇਖਾ ਲਗਾ ਤੇ ਉਹਨਾਂ ਨੂੰ ਉਸ ਜਥੇ ਨੂੰ ਸ਼ਹੀਦੀ ਜਥਾ ਲਿਖ ਦਿਤਾ। ਜਦ ਉਹ ਸ਼ੁਰੂ ਵਿਚ ਹੀ ਸਤਿ ਗੁਰੂ ਜੀ ਤੋਂ ਵਧੇ ਹੋਏ ਤੇ ਭੁਲੜ ਲਿਖ ਅਰੰਭ ਵਿਚ ਹੀ ਦੁਰਿਆ ਹੈ। ਇਸ ਦਾ ਉਤਰ ਇਹੋ ਆਵੇਗਾ। "ਸਚਹੁ ਉਰੇ ਸਭ ਕੋ" ਗੁਰ ਵਾਕ ਸੂ ਸਚ ਹੋਣਾ ਸੀ।

137 ਪੰਨੇ ਤੇ ਪ੍ਰਲੋਕ ਸਧਾਰ ਗਏ ਲਿਖਣ ਤੋਂ ਪਹਿਲਾਂ ਨਾਨੂੰ ਸਿੰਘ ਦਾ

Sri Satguru Jagjit Singh Ji Elibrary NamdhariElibrary@gmail.com

ਔਣਾ 138 ਪੰਨੇ ਤੇ ਨਾਮਧਾਰੀ ਪੰਥ ਦਾ ਨਿਸਚਾ ਲਿਖਿ । ਜਸਵੰਤ ਸਿੰਘ ਜੀ ਆਪ ਲਿਖਦੇ ਹਨ ।

"ਜੋ ਕਿ ਉਹਨਾਂ ਸਰੀਰ ਨਹੀਂ ਛਡਿਆ ਕਈ ਕੌਤਕ ਵਿਖਾ ਜੇਲ ਵਿਚੋਂ ਨਿਕਲ ਗਏ ਹਨ ।"

ਏਥੇ ਆਪਣਾ ਤੇ ਨਾਮਧਾਰੀ ਪੰਥ ਦਾ ਨਿਸਚਾ ਦਸ ਆਪ ਦੇ ਸਰਧਾਲੂਆਂ ਨੂੰ ਦਸਿਆ ਹੈ ਕਿ ਉਹ ਪ੍ਰਲੋਕ ਸਿਧਾਰ ਗਏ ਹੋਏ ਹਨ। ਅਸੀਂ ਇਸ ਦਾ ਉਤਰ ਦੇ ਆਏ ਹਾਂ ।)

ਸਾਡੀ ਉਡੀਕ, ਰਹੇਗੀ ਠੀਕ, ਉਮਰ ਤੀਕ । ਜਿ ਚਰ ਉਹ ਰਾਮ, ਤੇ ਸ੍ਰਿਸਟੀ ਤਮਾਮ, ਦਾ ਇਹ ਇੰਤਜਾਮ, ਹੈ ਇਸਦਾ ਤੇ ਨਾਮ ਉਸ ਦਾ ।

ਜਿਵੇਂ ਦਸਮ ਗ੍ਰੰਥ ਵਿਚ ਲਿਖਿਆ ਹੈ ।
ਮਾਨ ਰਹਿਯੋ, ਨ ਮਾਸ ਰਕਤ ਰੰਚ ਤਨ ਨ ਰਹਿਯੋ ।
ਸਵਾਸ ਨ ਉਡਿਯੋ, ਉਸਾਸ ਤਿਹਾਰੋ ਮਿਲਨ ਕੀ।

---

# ਬਾਬਾ ਜੀ ਦੀ ਨਿਜੀ ਸ਼ਖਸੀਅਤ ਅਤੇ ਇਤਿਹਾਸਕ ਮਹਾਨਤਾ

("ਬਾਬਾ ਜੀ ਦੀ ਨਿਜੀ ਸ਼ਖਸੀਅਤ ਅਤੇ ਇਤਿਹਾਸਕ ਮਹਾਨਤਾ ਦੇ ਤਲੇ ਪ : ਛ 32ਵੇਂ ਕਾਂਡ ਦ : ਛ 27ਵੇਂ ਕਾਂਡ ਵਿਚ 142 ਪੰਨੇ ਤੇ ਜਸਵੰਤ ਸਿੰਘ ਜੀ ਜੋ ਲਿਖਦੇ ਹਨ । ਉਸ ਦਾ ਉਤਰ ਗੁਰਮਤ ਵਿਚਾਰ ਅਨੁਸਾਰ ਤੇ ਕੁਝ ਉਸਟ ਲਸਟ ਕਾ ਨਿਆਏ (ਅਰਥਾਤ) ਊਠ ਦੇ ਪਲਾਣੇ ਵਿਚੋਂ ਹੀ ਲਕੜ ਲੈ ਕੇ ਉਸ ਨੂੰ ਠੋਕਣ ਵਾਂਗੂੰ ਉਨ੍ਹਾਂ ਦੇ ਪਾਏ ਭੁਲੇਖਿਆਂ ਦਾ, ਉਤਰ ਪੜਚੋਲ

Sri Satguru Jagjit Singh Ji Elibrary NamdhariElibrary@gmail.com

ਕਰ ਦੇਂਦੇ ਹਾਂ। ਭਾਵੇਂ ਉਪਰ ਜਾਂ ਪਿਛੇ ਭੀ ਐਸੇ ਉਤਰ ਦੇ ਆਏ ਹਾਂ।

ਇਸ ਕਾਂਡ ਵਿਚ ਤੁਰਦਿਆਂ ਹੀ ਜੋ ਲਿਖਦੇ ਹਨ :—

(1) "ਬਾਬਾ ਜੀ ਦੀ ਸ਼ਖਸੀਅਤ ਇਕ ਪ੍ਰਭਾਵ ਸ਼ਾਲੀ ਗੁਰ ਸਿੱਖ ਦੀ ਸ਼ਖਸੀਅਤ ਸੀ।"

(2) ਆਪ ਜੀ ਦੇ ਚਲਾਏ ਹੋਏ ਕੌਮੀ ਪ੍ਰੋਗ੍ਰਾਮ ਵਿਚ ਜੇਕਰ ਆਪ ਦੇ ਕੁਝ ਸੇਵਕ ਜੋਸ਼ ਵਿਚ ਆ ਕੇ ਸਮੇਂ ਦੀ ਨਜ਼ਾਕਤ ਨੂੰ ਨ ਪਛਾਣਦੇ ਹੋਏ ਰਾਜਸੀ ਭੁਲਾਂ ਨ ਕਰਦੇ ਤਾਂ ਹੋ ਸਕਦਾ ਸੀ ਕਿ ਇਹ ਅਦੁਤੀ ਸ਼ਖਸੀਅਤ ਕਿਸੇ ਦਿਨ ਨੂੰ ਸਾਰਾ ਪੰਜਾਬ ਇਕ ਮੁਠ ਕਰ ਕੇ ਅੰਗਰੇਜ਼ ਨੂੰ ਇਕ ਵਡੇ ਰਾਜਸੀ ਸੰਗ੍ਰਾਮ ਲਈ ਮਜਬੂਰ ਕਰ ਦਿੰਦੀ ਅਤੇ ਉਸ ਸੰਗ੍ਰਾਮ ਦਾ ਨਤੀਜਾ ਕੁਝ ਵੀ ਨਿਕਲ ਸਕਦਾ ਸੀ।

144 ਪੰਨੇ ਤੋਂ 146 ਤਕ।

(3) "ਆਪ ਜੀ ਦੀ ਰਹਿਤ ਇਕ ਮਹਾਂ ਪੁਰਖ ਅਤੇ ਮਹਾਨ ਸਿੱਖ ਦੀ ਰਹਿਣੀ ਬਹਿਣੀ ਸੀ।"

(4) ਆਪ ਦੇ ਅੰਧ ਵਿਸ਼ਵਾਸੀ ਸ਼ਰਧਾਲੂਆਂ ਦੇ ਆਪ ਜੀ ਨੂੰ (ਗੁਰੂ) ਕਹਿਣ ਨਾਲ ਸਾਰੀ ਬਣੀ ਬਣਾਈ ਖੇਡ ਵਿਗੜ ਗਈ। ਇਸ ਦਾ ਇਹ ਸਿੱਟਾ ਨਿਕਲਿਆ ਕਿ ਬਾਬਾ ਜੀ ਤੇ ਉਹਨਾਂ ਦੇ ਸੇਵਕਾਂ ਨੂੰ ਸਿੱਖ ਮੰਡਲ ਵਿਚੋਂ ਖਾਰਜ ਕਰ ਦਿਤਾ ਗਿਆ। ਆਪ ਜੀ ਤੇ ਆਪ ਦੇ ਸੇਵਕਾਂ ਨੂੰ ਭੁਲੜ ਸਿੱਖ ਤੇ ਤਨਖਾਹੀਏ ਸਮਝਿਆ ਜਾਣ ਲਗ ਪਿਆ। ਤਖਤਾਂ ਤੋਂ ਕੂਕਿਆਂ ਦੇ ਵਿਰੁਧ ਹੁਕਮ ਨਾਮੇ ਜਾਰੀ ਹੋ ਗਏ। ਜਿਥੇ ਜਿਥੇ ਵੀ ਆਪ ਗਏ ਗੁਰ ਦੁਆਰਿਆਂ ਦੇ ਪੁਜਾਰੀਆਂ ਵਲੋਂ ਅਰਦਾਸਾ ਸੋਧਣ ਤੋਂ ਨਾਂਹ ਕਰ ਦਿਤੀ ਗਈ। ਸੋਢੀਆਂ ਬੇਦੀਆਂ ਦੀ ਖਿਚੋ ਤਾਣ ਦਿਨੋ ਦਿਨ ਕੂਕਿਆਂ ਨਾਲ ਵਧਦੀ ਗਈ, ਕੂਕਿਆਂ ਨੂੰ ਥਾਂ ਥਾਂ ਆਪਣੇ ਗੁਰਦੁਆਰੇ ਬਨਾਣੇ ਪਏ। ਇਸ ਤਰ੍ਹਾਂ ਬਾਬਾ ਜੀ ਦੀ ਅਦੁਤੀ ਸ਼ਖਸੀਅਤ ਸਰਬ ਸੁਧਾਰਕ ਬਨਣ ਨਾਲੋਂ ਇਕ ਵਖਰਾ ਫਿਰਕਾ ਬਣ ਕੇ ਰਹਿ ਗਈ। ਉਨ੍ਹਾਂ ਦੇ

Sri Satguru Jagjit Singh Ji Elibrary NamdhariElibrary@gmail.com

ਸਾਰੇ ਦੇ ਸਾਰੇ ਹੁਕਮ ਨਾਮੇ ਕੇਵਲ ਨਾਮਧਾਰੀ ਸੰਗਤ ਵਿਚ ਹੀ ਸੀਮਤ ਰਹੇ।

145 ਪੰਨਾ।

(5) "ਸਮਾਜਕ ਰੀਤਾਂ ਨੂੰ ਆਪ ਨੇ ਆਪਣੇ ਨਿਜੀ ਦ੍ਰਿਸ਼ਟੀ ਕੋਣ ਤੋਂ ਵੇਖਕੇ ਛੁਟਆਇਆ ਤੇ ਵਡਿਆਇਆ।"

(6) "ਕਈ ਹਿੰਦੂ ਰਸਮਾਂ ਜਿਵੇਂ ਹਵਨ ਕਰਨਾ, ਵਿਆਹ ਦੇ ਸਮੇਂ ਵੇਦੀ ਨਾਲ ਫੇਰੇ ਦੇਣੇ, ਕਿਰਿਆ ਕਰਮ ਕਰਨੇ ਆਦ ਨੂੰ ਜਿਉਂ ਦਾ ਤਿਉਂ ਪਰਚਲਤ ਰਹਿਣ ਦਿਤਾ।"

(7) "ਅਤੇ ਇਹ ਕੰਮ ਬਾਦ ਵਿਚ ਸਿੰਘ† ਸਭਾ ਲਹਿਰ ਨੂੰ ਕਰਨਾ ਪਿਆ।"

(8) "ਆਪ ਜੀ ਦਾ ਸੌ ਸਾਖੀ ਉਤੇ ਵਿਸ਼ਵਾਸ ਆਪ ਨੂੰ ਸੁਧਾਰਕ ਕੰਮਾਂ ਦੇ ਨਾਲ ਨਾਲ ਰਾਜਸੀ ਪ੍ਰੋਗਰਾਮ ਦੀ ਵੀ ਪ੍ਰੇਰਨਾ ਦਿੰਦਾ ਰਿਹਾ। ਜਿਸ ਦਾ ਫਲ ਸਰੂਪ ਸਮੇਂ ਦੀ ਸਰਕਾਰ ਨੇ ਆਪ ਉਤੇ ਨਿਗਰਾਨੀ ਲਾਈ ਰਖੀ।"

(9) "ਆਪ ਜੀ ਦਾ ਪੰਜਾਬੋਂ ਬਾਹਰ ਜਾ ਕੇ ਪ੍ਰਚਾਰ ਕਰਨ ਦਾ ਪ੍ਰੋਗਰਾਮ ਤਾਂ ਇਕ ਪਾਸੇ ਰਿਹਾ ਆਪ ਨੂੰ ਆਪਣੇ ਇਲਾਕੇ ਵਿਚ ਵੀ ਖੁਲ ਕੇ ਗੁਰਮਤ ਦਾ ਪ੍ਰਚਾਰ ਅਤੇ ਸਮਾਜ ਸੁਧਾਰ ਕਰਨ ਦਾ ਮੌਕਾ ਹੀ ਨ ਮਿਲ ਸਕਿਆ।"

146 ਪੰਨਾ

---

† ਛੂ: ਵਿਚ। ਅਤੇ ਏਹਨਾਂ ਨੂੰ ਸੋਧਣ ਦਾ ਕੰਮ ਬਾਅਦ ਵਿਚ ਸਿੰਘ ਸਭਾ ਲਹਿਰ ਨੂੰ ਕਰਨਾ ਪਿਆ। ਪੰਨਾ 147

Sri Satguru Jagjit Singh Ji Elibrary NamdhariElibrary@gmail.com

# ਉੱਤਰ ਤੇ ਨਿਰਨਾਂ

(੧) ਸਤਿ ਗੁਰ ਰਾਮ ਸਿੰਘ ਜੀ ਨੂੰ ਲਿਖਣਾਂ ਇਕ ਪ੍ਰਭਾਵ ਸ਼ਾਲੀ ਗੁਰ ਸਿੱਖ ਦੀ ਸ਼ਖਸੀਅਤ ਸੀ। ਇਹ ਪ੍ਰਭਾਵ ਸ਼ਾਲੀ ਸ਼ਖਸੀਅਤ ਤਾਂ ਹਰ ਗੁਰੂ ਦੀ ਪਹਿਲੋਂ ਰਹੀ ਹੈ। ਜਨਮ ਤੋਂ ਗੁਰਤਾ ਦਾ ਟਿਕਾ ਤਾਂ ਕਿਸੇ ਨੂੰ ਲਾ ਮਾਂ ਜੰਮਦੀ ਹੀ ਨਹੀਂ ਪਰ ਜਦ ਉਹ ਗੁਰੂ ਨੂੰ ਮਿਲ ਕੇ ਉਸ ਦੀ ਮਤ ਵਰਤ ਪੂਰਾ ਸਤ ਬਚਨੀ ਹੋ ਜਾਂਦਾ ਹੈ। ਤਾਂ ਉਸੇ ਗੁਰ ਸਿਖੀ ਲਈ "ਗੁਰੂ ਸਿੱਖ ਸਿੱਖ ਗੁਰੂ ਹੈ ਏਕੋ ਗੁਰ ਉਪਦੇਸ ਚਲਾਏ" ਆ:ਫ:ਮ:5 (ਭਾਵ) ਸਿੱਖ ਗੁਰੂ ਦਾ ਰੂਪ ਹੀ ਗਿਣਿਆਂ ਜਾਂਦਾ ਹੈ। ਗੁਰੂ ਦਾ ਹੁਕਮ ਮੰਨ ਗੁਰ ਸਕਤਿ ਪ੍ਰਾਪਤ ਕਰ। ਜੈਸੇ "ਆਲਮ ਸਿੰਘ ਨ ਹਟਕ ਪ੍ਰਬੀਨੋ ਨੰਦ ਨਾਲ ਕੌ ਗੁਰ ਪਦ ਦੀਨਾਂ। ਗਿਆਨ ਭਗਤਿ ਕੇ ਰਸ ਇਨ ਜੇਵਾ ਤਾਂ ਤੇ ਇਸ ਕੋ ਗੁਰ ਪਦ ਹੋਵਾ। ਸਤਿਗੁਰ ਨਦਰ ਮੇਹਰ ਜਦ ਧਾਰੇ ਅਨਿਕ ਗੁਰੂ ਕਰ ਜੱਗ ਬਿਸਥਾਰੇ। (ਸੂਰਜ ਪ੍ਰਕਾਸ਼) ਤੇ ਜਿਵੇਂ ਦਸਮ ਜੀ ਕਿਹਾ ਕਰ ਦੇ ਸੀ ਜਿਸ ਸਾਡਾ ਦਰਸ਼ਨ ਕਰਨਾ ਹੋਵੇ ਉਹ ਭਾਈ ਰਾਮ ਕੋਇਰ ਸਾਹਿਬ ਦਾ ਦਰਸ਼ਨ ਕਰ ਲਵੇ। (ਕਲਗੀਧਰ ਚਮਤਕਾਰ) ਤੇ ਜਿਵੇਂ ਸਤਿ ਗੁਰੂ ਰਾਮ ਸਿੰਘ ਜੀ ਸੂਬੇ ਥਾਪੇ ਤੇ ਸ਼ਕਤਿ ਦੇ ਟੋਰਦੇ ਸੀ। ਜਿਨ੍ਹਾਂ ਬਾਬਤ ਪੰਥ ਪ੍ਰਕਾਸ਼ ਵਿਚ ਗਿਆਨੀ ਗਿਆਨ ਸਿੰਘ ਜੀ ਲਿਖਿਆ ਹੈ। " ਬਾਈ ਸੂਬੇ ਥਾਪੇ ਤਿੰਨ ਅਕਬਰ ਸ਼ਾਹ ਨਿਆਈ ਤਿਨ ਕੀ ਜਬਾਨ ਮੇਂ ਤਾਸੀਰ ਥਾਈ ਵੈਸ ਹੀ।"

ਐਸੇ ਹੀ ਗੁਰ ਸਿੱਖ ਦੀ ਬਾਬਤ ਗੁਰਬਾਣੀ ਵਿਚ ਏਥੋਂ ਤਕ ਭੀ ਲਿਖਿਆ ਹੈ। ਗੁਰੂ ਨਾਨਕ ਧੂੜ ਮੰਗੈ ਤਿਸੁ ਗੁਰ ਕੀ ਸਿਖ ਜੋ ਆਪ ਜਪੈ ਅਵਰਾ ਨਾਮ ਜਪਾਵੈ ਤੇ "ਨਾਨਕ ਦਾਸ ਦਾਸ ਕੌ ਕਰੀਅਹੁ ਮੇਰਾ ਮੂੰਡ ਸਾਧ ਪਗਾਂ ਹੇਠ ਰੁਲਸੀ ਰੇ।" ਏਵ ਗੰਧਾਰ। ਇਸ ਪਖ ਦੇ ਗੁਰਬਾਣੀ ਤੇ ਇਤਿਹਾਸਾਂ ਵਿਚ ਪੂਰੇ ਗੁਰ ਸਿੱਖਾਂ ਦੇ ਬਾਬਤ ਬਹੁਤ ਪ੍ਰਮਾਨ ਮਿਲਦੇ ਹਨ। "ਆਕਲਾਂ ਰਾ ਇਸ਼ਾਰਾ ਕਾਫ਼ੀ ਅਸਤ" ਕਹੇ ਅਗੇ ਸਤਿਗੁਰ ਰਾਮ ਸਿੰਘ ਜੀ ਨੂੰ ਗੁਰੂ ਹੋਣ ਦੇ ਸਬੂਤ ਵਿਚ ਸ਼ਬਦ ਦਸਦੇ ਹਾਂ।

Sri Satguru Jagjit Singh Ji Elibrary NamdhariElibrary@gmail.com

"ਸਦ ਪੀਤੀ ਗੁਰੂ ਦਲ ਦੀ ਸੂਹੀ ਰਾਮ ਮ: ੪. "ਅਬਚਲ ਨੀਵ ਧਰੀ ਗੁਰ ਨਾਨਕ" ਗੁ:ਮ:੦ ਗੁਰ ਵਾਕਾਂ ਦੇ ਹੋਰ ਸਹੀ ਅਰਥ ਕੀ ਹੋ ਸਕਦੇ ਹਨ ਜੇ ਗੁਰ ਪੀੜ੍ਹੀ ਬੰਦ ਤੇ ਇਹ ਨੀਂਵ ਚਲਾਏ ਵਾਨ ਹੀ ਗਈ ਮੰਨ ਲਿਆ ਜਾਵੇ। ਤੇ ਜੋ ਦਸਮ ਜੀ "ਜਬ ਜਬ ਹੋਤ ਅਰਿਸਟ ਅਪਾਰਾ। ਤਬ ਤਬ ਦੇਹ ਧਰਤ ਅਵਤਾਰਾ।" ਵਾਕ ਲਿਖਿਆ ਹੈ ਤਾਂ "ਨਾਨਕ ਅੰਗਦ ਕੋ ਬਪਧਰਾ। ਪੰਥ ਪ੍ਰਚੁਰ ਇਹ ਜਗ ਮੈਂ ਕਰਾਂ। ਬਚਿਤ੍ਰ ਨਾਟਕ ਵਿਚ ਜੋ ਲਿਖਿਆ ਹੈ ਦਾ ਭਾਵ ਸਦਾ ਲਈ ਕਿਵੇਂ ਸਤਜੀਤ ਰਖਿਆ ਜਾ ਸਕਦਾ ਹੈ ਤੇ ਵੇਖਿਆ ਮੰਨਿਆ ਜਾ ਸਕਦਾ ਹੈ। ਜੇ ਸਾਖਿਆਤ ਦੇਹਧਾਰੀ ਗੁਰੂ ਦਾ ਦਰਸ਼ਨ ਨ ਹੋਵੇ? ਤੇ ਭਾਈ ਗੁਰਦਾਸ ਜੀ ਦਾ ਲਿਖਣਾਂ ਗੁਰ ਅੰਗਦ ਗਤ ਅੰਗ ਤੇ ਅੰਮ੍ਰਿਤ ਬਿਰਖ ਅੰਮ੍ਰਿਤ ਫਲ ਫਲਿਆ ਜੋਤੀ ਜੋਤਿ ਜਗਾਇਕੇ ਦੀਵੇ ਤੇ ਜਿਉਂ ਦੀਵਾ ਬਲਿਆ। ਹੀਰੇ ਹੀਰਾ ਵਧਿਆ ਛਲ ਕਰ ਅਛਲੀ ਆਤਲ ਛਲਿਆ। ਕੋਈ ਬੁਝ ਨ ਹੰਘਈ ਪਾਣੀ ਅੰਦਰ ਪਾਣੀ ਰਲਿਆ। ਸਚਾ ਸਚ ਸੁਹਾਵੜਾ ਸਚ ਅੰਦਰ ਸਚ ਸਚਹੁ ਚਲਿਆ। ਨਿਹਚਲ ਸਚਾ ਤਖਤ ਹੈ ਅਬਚਲ ਰਾਜ ਨ ਹਲੈ ਹਲਿਆ। ਸਚ ਸ਼ਬਦ ਗੁਰ ਸਉਪਿਆ ਸਚ ਟਕਸਾਲਹੁ ਸਿਕਾ ਚਲਿਆ। ਸਦਾ ਹੁਕਮ ਸੋ ਅਟਲ ਨ ਟਲਿਆ।

ਵਾਰ 24। ਸ਼ਬਦ 8

ਤੇ ਸਹਿਜ ਸਮਾਧ ਸਾਧ ਸੰਗਤ ਮੈਂ ਸਚ ਖੰਡ ਸਤਿਗੁਰ ਪੂਰਨ ਬਰਹਮ ਕੋ ਨਿਵਾਸ ਹੈ। ਦਰਸ ਧਿਆਨ ਸਰ ਗੁਨ ਅਕਾਲ ਮੂਰਤਿ ਪੂਜਾ ਫਲ ਫੂਲ ਚਰਨਾਂ ਮਿਰਤ ਬਿਸਵਾਸ ਹੈ। ਨਿਰੰਕਾਰ ਚਾਰ ਪਦਾਰਥ ਪਰਮ ਪਦ, ਸ਼ਬਦ ਸੁਰਤ ਅਵਗਾਹਨ ਅਭਿਆਸ ਹੈ। ਸਰਬ ਨਿਧਾਨ ਦਾਨ ਦਾ ਇਕ ਭਗਤ ਭਾਇ ਕਾਮ ਨਿਹਕਾਮ ਧਾਮ ਪੂਰਨ ਪ੍ਰਗਾਸ ਹੈ।

I25 ਕਬਿਤ।

ਤੇ ਜੈਸੇ ਦਰਪਨ ਬਿਖੇ ਬਦਨ ਬਿਲੋਕੀਅਤਿ ਤੈਸੇ ਸਰਗੁਨ ਸਾਖੀ ਭੂਤ ਗੁਰ ਧਿਆਨ ਹੈ। 268 ਕਬਿਤ। ਵਾਕਾ ਦੇ ਆਸ਼ੇ ਅਨੁਸਾਰ ਹੀ ਸਦਾ ਸਤਿ ਗੁਰੂ ਸਰਗੁਨ ਦੇਹ ਧਾਰੀ ਗੁਰੂ ਦੀ ਸਰਨ ਤੇ ਸੰਗਤ ਤੇ ਦਰਸ਼ਨ ਦੀ ਲੋੜ ਗੁਰ ਸਿੱਖ ਨੂੰ

Sri Satguru Jagjit Singh Ji Elibrary NamdhariElibrary@gmail.com

ਅੱਵਲ ਲੋੜ ਏ ਕਿ ਸਦ ਪੀੜੀ ਗੁਰੂ ਚਲੰਦੀ ਵਾਕ ਦੇ ਭਾਵ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੇ ਬਾਦ ਯਾਰਵੇਂ ਗੁਰੂ ਬਾਲਕ ਸਿੰਘ ਜੀ ਤੇ ਬਾਰਵੇਂ ਗੁਰੂ ਸਤਿ ਗੁਰੂ ਰਾਮ ਸਿੰਘ ਜੀ ਦੀ ਗੁਰੂ ਨਾਨਕ ਜੀ ਦੇ ਤਖਤ ਤੇ ਸੋਭਿਤ ਹੋਣਾ ਜੋਗ ਏ । ਇਹ ਗੁਰਮਤ ਤੇ ਗੁਰਬਾਣੀ ਤੇ ਮਹਾਂ ਵਾਕਾਂ ਦਾ ਆਸ਼ਾ ਦੱਸਿਆ ਹੈ ।

ਅਸੀਂ ਇਹਨਾਂ ਭਾਵਾਂ ਨੂੰ ਮਨ ਵਿਚ ਵਸਾਂਦਿਆਂ ਹੀ ਅਤੇ ਗੁਰਬਾਣੀ ਵਿਚੋਂ ਦਸੇ ਗੁਰੂ ਦੇ ਲਛਣਾਂ ਨੂੰ ਸ੍ਰੀ ਸਤਿ ਗੁਰੂ ਰਾਮ ਸਿੰਘ ਜੀ ਵਿਚੋਂ ਵੇਖ ਕੇ ਸਤਿ ਗੁਰੂ ਸ਼ਬਦ ਨਾਲ ਆਪਣੀ ਸਰਧਾ ਪੇਸ਼ ਕਰਦੇ ਹਾਂ । ਜਸਵੰਤ ਸਿੰਘ ਜੀ ਦੀ ਇਹ ਮੁਸ਼ਕਲ ਹੈ ਕਿ ਇਹ ਪੂਰੇ ਗੁਰੂਆਂ ਵਰਗਾ ਉਹਨਾਂ ਦਾ ਕਰਦਾਰ ਦਸ ਕੇ ਵੀ ਉਹਨਾਂ ਨੂੰ ਇਕ ਪ੍ਰਭਾਵਸ਼ਾਲੀ ਗੁਰ ਸਿੱਖ ਆਖਣ ਤੇ ਮਜਬੂਰ ਹਨ । ਅਸੀਂ ਸਪਸ਼ਟ ਕਰ ਦਸਦੇ ਹਾਂ ਕਿ ਗੁਰੂ ਅਰਜਨ ਦੇਵ ਜੀ ਆਪਣੇ ਆਪ ਨੂੰ ਸਾਡੇ ਵਲੋਂ ਗੁਰ ਮੰਨੇ ਜਾਣ ਤੇ ਭੀ ਅਧਾ ਸਿੱਖ ਆਪਣੇ ਆਪ ਨੂੰ ਤਸਲੀਮ ਕਰਦੇ ਸੀ । ਇਤਿਹਾਸ ਵਿਚ ਸਤੇ ਬਲਵੰਡ ਨੂੰ ਸਿੱਖ ਪ੍ਰਤੀ ਛੋਟਾ ਦੇਣ ਸਮੇਂ ਆਧਾ ਟਕਾ ਆਪਣਾ ਗੁਰੂ ਅਰਜਨ ਦੇਵ ਜੀ ਦਿਤਾ ਸੀ ਤੇ ਕਿਹਾ ਸੀ ਮੈਂ ਅਜੇ ਅਧਾ ਸਿੱਖ ਹਾਂ ਤੇ ਸਾਰੇ ਸਿੱਖ ਗੁਰੂ ਅੰਗਦ ਤੇ ਗੁਰੂ ਅਮਰ ਦਾਸ ਤੇ ਗੁਰੂ ਰਾਮ ਦਾਸ ਜੀ ਹੋਏ ਹਨ । ਪਰ ਅਸਾਂ ਜਿਵੇਂ ਦਸਮ ਜੀ ਦੇ ਵਾਕ (ਮੈਂ ਹੂੰ ਪਰਮ ਪੁਰਖ ਕਾ ਦਾਸਾ '' ਨੂੰ ਪੜ੍ਹਤੀ ਉਹਨਾਂ ਨੂੰ ਸਤਿ ਗੁਰੂ ਜੀ ਹੀ ਕਿਹਾ ਤੇ ਗੁਰੂ ਅਰਜਨ ਦੇਵ ਜੀ ਦੇ ਆਪ ਨੂੰ ਅਜੇ ਅਧਾ ਸਿੱਖ ਹਾਂ ਮੰਨਣ ਤੇ ਭੀ ਪੂਰੇ ਗੁਰੂ ਮੰਨਿਆ ਹੋਇਆ ਹੈ । ਤਿਵੇਂ ਸਤਿ ਗੁਰੂ ਰਾਮ ਸਿੰਘ ਜੀ ਨੂੰ ਭੀ ਗੁਰਬਾਣੀ ਦੇ ਦਸੇ ਲਛਣਾਂ ਵਾਲੇ ਵੇਖ ਪੂਰੇ ਸਤਿ ਗੁਰੂ ਮੰਨਿਆ ਹੈ । ਅਸੀਂ ਜਸਵੰਤ ਸਿੰਘ ਜੀ ਵਾਂਗੂ ਪ੍ਰਭਾਵਸ਼ਾਲੀ ਗੁਰ ਸਿੱਖ ਤੇ ਗੁਰਮਤ ਗੁਧੀ ਬਖਸੀਅਤ ਕਦੀ ਕਹੇ ਨਹੀਂ ਸੰਤੁਸ਼ਟ ਹੁੰਦੇ ।

---

Sri Satguru Jagjit Singh Ji Elibrary NamdhariElibrary@gmail.com

# (2) ਸਤਿ ਗੁਰੂ ਜੀ ਦੇ ਚਲਾਏ ਪ੍ਰੋਗ੍ਰਾਮ ਤੇ ਸਿਖਾਂ ਦੇ ਦੋਸ਼ ਬਾਬਤ

ਇਹ ਉਤਰ ਦੇਣ ਲਈ ਅਸੀਂ ਉਹੋ ਸਮਾਂ ਅਖੀ ਸਾਹਵੇਂ ਲਿਆਵੀਏ ਤਾਂ ਸਭ ਕੁਝ ਕੀਤਾ ਸਹੀ ਜਾਪੇਗਾ । ਤੇ ਜੋ ਕਾਰਨ ਸੰਤ ਨਿਧਾਨ ਸਿੰਘ ਜੀ ਆਲਿਮ ਹੋਰਾਂ (ਜੁਗ ਪਲਟਾਊ ਸਤਿ ਗੁਰੂ) ਦੇ 165-66 ਪੰਨੇ ਤੇ ਲਿਖੇ ਹਨ ਉਹ ਪਾਠਕਾਂ ਨੂੰ ਪਹਿਲੋਂ ਦਸਦੇ ਹਾਂ ਤਾ ਕੇ ਜਾਪੇ ਜੋ ਉਸ ਵੇਲੇ ਉਹਨਾਂ ਕੀਤਾ ਸੀ ਸਹੀ ਕੀਤਾ ਸੀ ।

(ਕਾਰਨ (1) "ਅੰਮ੍ਰਿਤਸਰ ਗੁਰ ਅਸਥਾਨ ਤੇ ਗੁਰੂ ਸਰ ਦੀ ਬੇ-ਅਦਬੀ ਤੇ ਗੁਰੂ ਰਾਮ ਦਾਸ ਦੀ ਨਗਰੀ ਵਿਚ ਬੁਚੜਾਂ ਦਾ ਦੋਖੋਂਫ ਗਊ ਬਧ (2) ਰਾਏ ਕੋਟ ਗੁਰਦੁਆਰੇ ਦੀ ਬੇਅਦਬੀ ਤੇ ਗਊ ਬਧ (3) ਗ੍ਹਿ: ਗਿਆਨ ਸਿੰਘ ਜੀ ਤੇ ਰਤਨ ਸਿੰਘ ਜੀ ਦਾ ਬੇਦੋਸ ਫਾਹੇ ਲਾਏ ਜਾਣਾਂ ਪਤਾ ਹੁੰਦਿਆਂ ਭੀ ਕਿ ਉਹ ਬੁਚੜ ਬਧ ਵਿਚ ਨਹੀਂ ਝੂਠੇ ਗਵਾਹਾਂ ਦੀਆਂ ਗਵਾਹੀਆਂ ਤੇ । (4) ਮਲੇਰ ਕੋਟਲਾ ਰਾਮ ਚੋਣੇ ਗਊਆਂ ਦੇ ਨੂੰ ਫੜ ਫੜ ਕੇ ਤੁਰਕਾਂ ਦਾ ਸਰੇ ਬਜਾਰ ਮਾਰਨਾਂ । (5) ਸ: ਹੀਰਾ ਸਿੰਘ ਜੀ ਪਾਸ ਮਲੇਰ ਕੋਟਲੇ ਦੇ ਹਿੰਦੂਆਂ ਦੀ ਫਰਯਾਦ ਗਊਆਂ ਦੇ ਬਧ ਤੇ ਤੁਰਕਾਂ ਦੇ ਵਾਧੇ ਦੀ । (6, ਗੁਰਮੁਖ ਸਿੰਘ ਜੀ ਫਰਵਾਹੀ ਦੇ ਨੰਬਰਦਾਰ ਕੂਕੇ ਸਿਖ ਦੇ ਸੋਹੇ ਬੈਲ ਦਾ ਬਧ ਕਰਨਾਂ ਤੇ ਗੁਰਮੁਖ ਸਿੰਘ ਦੀ ਬੇਇਜ਼ਤੀ ਧਕੇ ਮਾਰ ਕਰਨੀ ।"

ਜਦ ਕਾਰਨਾਮਿਆਂ ਬਾਬਤ ਸਿਖ ਇਤਿਹਾਸ ਪੁਕਾਰ ਪੁਕਾਰ ਕਹਿ ਰਿਹਾ ਹੈ ਕਿ ਸਿਖ ਗੁਰਧਾਮ ਤੇ ਗਊ ਗ਼ਰੀਬ ਦੀ ਰਖਿਆ ਲਈ ਤੇ ਸੂਰਮਤ ਧਰਮ ਦੀ ਪਤ ਲਈ ਪਤੰਗੇ ਵਾਂਗੂੰ ਆਪਣੇ ਵਲੋਂ ਕੋਈ ਉਡੀਕ ਨਹੀਂ ਕਰਦਾ ਜਿਤ ਹੋਵੇ ਜਾਂ ਹਾਰ ਆਪਣਾਂ ਆਪ ਨਿਛਾਵਰ ਕਰ ਦੇਂਦਾ ਹੈ ਤਾਂ ਇਤਨੇ ਵਾਧੇ ਜੋ ਉਪਰ ਦਸੇ ਗਏ ਹਨ ਸਿੱਖੀ ਧਰਮ ਦੀ ਜਰਨ ਸਪਿਰਟ ਤੇ ਕਰਨ ਸਪਿਰਟ ਦੇ ਉਲਟ ਸੀ ਜਿਵੇਂ ਭਾਈ ਮਤਾਬ ਸਿੰਘ ਜੀ ਨੇ ਸ੍ਰੀ ਅੰਮ੍ਰਿਤਸਰ ਦੀ ਬੇਅਦਬੀ ਸੁਣ ਕਿਹਾ ਸੀ । ਸਿੰਘਾਂ ਦਾ ਦਲ ਬਲ ਜਾਂ ਜਥਾ ਉਧਰ ਨਹੀਂ ਰਿਹਾ ਤਾਂ

Sri Satguru Jagjit Singh Ji Elibrary NamdhariElibrary@gmail.com

ਵਿਥਿਆ ਸੁਨਾਣ ਵਾਲੇ ਕਿਹਾ "ਸਿੰਘ ਵੋਰ ਰਹੇ ਜੈਸੇ ਤੂੰ ਭੀ ਵੋਰ ਆਯੋ ਹੈ।" ਇਹ ਸੁਣਦਿਆਂ ਹੀ ਬੀਕਾਨੇਰੋਂ ਇਕਲੇ ਤੁਰਤ ਤਿਆਰ ਹੋਏ ਸੁਖਾ ਸਿੰਘ ਜੀ ਭੀ ਆਪੋਂ ਹੀ ਸਾਥ ਰਲੇ ਸੀ। ਜਦ ਉਹਨਾਂ ਕਿਹਾ ਸੀ "ਵੇਊ ਹਾਥ ਮੋਦਕ ਸੁਖ ਕਾਰੇ ਭਾਰੇ, ਜੀਐ ਜਸ ਪੈ ਹੈਂ ਮਰੋਂ ਸੁਰਗ ਸਿਧਾਏ ਹੈਂ। ਪੰਥ ਪ੍ਰਕਾਸ 474 ਪੰਨਾ

ਇਸ ਤਰ੍ਹਾਂ ਬੋਤਾ ਸਿੰਘ ਨੂੰ ਜੰਗਲ ਵਿਚ ਫਿਰਦਿਆਂ ਵੇਖ ਦੂੰਹ ਜਾਂਦਿਆਂ ਆਪਸ ਵਿਚ ਗਲ ਕੀਤੀ ਸੀ। ਇਕ ਨੇ ਕਿਹਾ ਸਿੰਘ ਹੈ ਦੂਜੇ ਕਿਹਾ ਹੁਣ ਸਿੰਘ ਕਿਥੇ ਜੇ ਸਿੰਘ ਹੁੰਦਾ ਤਾਂ ਆਪਣੇ ਪੰਥ ਦਾ ਨਾਮ ਗੁਮ ਨ ਹੋਣ ਦੇਂਦਾ। "ਫਿਰ ਦੂਸਰਾ ਜਟ ਯੌਂ ਕਹਿਯੋ ਬਹਿ ਨਹਿ ਹੋਵਤ ਸਿੰਘ। ਗੀਦੀ ਗਦਰ ਹੈ ਕੋਊ ਫਿਰ ਤਲੁ ਕਿਉਂ ਥਲ ਧਿੰਘ ਜੇ ਕਰ ਹੋ ਤੇ ਸਿੰਘ ਸਹਿ ਤੈਂ ਲੜ ਮਰ ਤੈਂ ਠੀਕ ਨਾਮ ਪੰਥ ਕਾਲੁਧਿੰਧੋ ਫਿਰਿ ਪ੍ਰਗਟ ਕਰ ਤੈਂ ਨੀਕ। ਪੰਥ ਪ੍ਰਕਾਸ਼ ਪੰਨਾ 475

ਏਤਨੀ ਬੋਲੀ ਸੁਣ ਹੀ ਦਰਿਆ ਦਾ ਪਤਨ ਰੋਕ ਤੁਰਕ ਸੂਬੇ ਨੂੰ ਬੋਤਾ ਸਿੰਘ ਨੇ ਸੁਨੇਹਾਂ ਭੇਜ ਦਿਤਾ ਸੀ। ਕਿ ਮਨੇ ਭਾਬੀ ਨੂੰ ਕਿਹੋ ਤੇਨੂੰ ਬੋਤਾ ਸਿੰਘ ਪਤਨ ਤੇ ਖੜਾ ਉਡੀਕ ਦੈ। ਇਕ ਸਾਥੀ ਹੋਰ ਨਾਲ ਆ ਮਿਲੇ ਸਮੇਤ ਹੀ ਆਏ ਲਸ਼ਕਰ ਨਾਲ ਬੋਤਾ ਸਿੰਘ ਟਕਰ ਲੈ ਸ਼ਹੀਦੀ ਪਾ ਗਿਆ। ਪਰ ਪੰਥ ਦਾ ਨਾਮ ਪਰਗਟ ਕਰ ਦਿਤਾ ਕਿ ਸਿੰਘ ਪੰਥ ਅਜੇ ਹੈ। ਤੇ ਸਿੰਘੀ ਸਪਿਰਟ ਅਜੇ ਹੈ ਸਾਬਤ ਕਰ ਦਿਤੀ।

ਇਸ ਤਰ੍ਹਾਂ ਜਦ ਸਿੰਘ ਕਿਸੇ ਬਿਪਤ ਗੁਸੇ ਦੀ ਗਲ ਫਰਯਾਦ ਸੁਣਦੇ ਤਦ ਉਹ ਪ੍ਰਸਾਦ ਛਕਣਾਂ ਭੀ ਭੁਲ ਜਾਂਦੇ (ਜਿਤ ਹਾਰ ਦਾ ਚਿਤ ਖਿਆਲ ਨਹੀਂ ਨਾ ਕਰਦੇ ਸੀ। ਪਰ ਜਸਵੰਤ ਸਿੰਘ ਜੀ ਵਾਲਾ ਜਥਤ ਉਨ੍ਹਾਂ ਕਦੇ ਅਪਨਾਇਆ ਨ ਸੀ।

ਭਾਈ ਮੂਲ ਸਿੰਘ ਜੀ ਗਰਮੂਲੇ ਵਾਲੇ ਉਪਕਾਰ ਖਾਲਸਾ ਵਿਚ ਲਿਖਦੇ ਹਨ ਜਦ ਬੀਬੀਆਂ ਨੂੰ ਦੁਰਾਨੀ ਵਜੀਰਾਂ ਬਾਦ ਕੋਲ ਲਈ ਜਾਂਦੇ ਸੀ ਤਾਂ ਉਹਨਾਂ ਦੂਰੋਂ ਸਿੰਘਾਂ ਦੇ ਭੇਖ ਵਿਚ ਜਾਂਦੇ ਦੋ ਨੂੰ ਕਿਹਾ ਸੀ "ਭਾਈਉ ਵੇ ਰਾਹੀਯੋ ਹਉ ਗੁਰੂ ਦੇ

ਸਿਖ ਜਾਪਦੇ ਮੰਨਿਉ ਇਕ ਅਰਜ ਸਾਡੀ ਵਾਸਤੇ ਗੁਰ ਬਾਪ ਦੇ।" ਤਦ ਉਹ ਮਟੂ ਜਿਲਾਂ ਗੁਜਰਾਂ ਵਾਲਾ ਦੇ ਜਸਪਤ ਪਾਸ ਖਬਰ ਪੁਚਾਂਦੇ ਹਨ। ਇਹ ਜਸ ਪਤ ਜੀ ਰਾਤ ਚੋਰੀ ਸਿੰਘਾਂ ਨੂੰ ਜੰਗਲ ਵਿਚ ਜਾ ਪ੍ਰਸਾਦ ਛਕਾਣ ਦੀ ਸੇਵਾ ਕਰਦੇ ਸੀ। ਉਹਨਾਂ ਤੋਂ ਸੁਣ ਕੇ ਹਥਾਂ ਤੇ ਪ੍ਰਸਾਦੇ ਜੋ ਲੈ ਸੀ ਸਿੰਘਾਂ ਧਰਤਾ ਤੇ ਧਰ ਕਿਹਾ। "ਸੁਣ ਕੇ ਸਿੰਘਾਂ ਚੜਿਆ ਬੀਹਤਬ ਸੇਰ ਵਾਂਗੂੰ ਤਤਕਾਏ। ਭੋਜਨ ਧਰ ਧਰਤ ਦੇ ਉਤੇ ਮੁਖ ਤੋਂ ਬਚਨ ਸੁਣਾਏ। ਲੈ ਭਾਈ ਜੇ ਰਹੇ ਜਿਉਂਦੇ ਖਾਵਾਂਗੇ ਫਿਰ ਖਾਣਾਂ। ਸੁਣ ਕੇ ਬਿਪਤ ਅਨਾਥਾਂ ਸਾਡੇ ਸੰਘੋ ਲੰਘੇ ਨ ਦਾਣਾਂ। ਖਾਨ ਪੀਣ ਤੇ ਬਹਿਣਾਂ ਭੁਲ ਗਿਆ ਹੈ ਸਾਨੂੰ। ਹੇ ਕਰਤਾਰ ਅਸੀਂ ਜਾਂ ਮਰੀਏ ਜਾਂ ਮਰ ਜਾਣ ਪਠਾਨੂੰ। ਕਰ ਅਰਦਾਸ ਗੁਰਮਤਾ ਸਭੇ ਦੌੜੇ ਵਾਹੋਦਾਹੀ। ਦੇਰ ਕਰਨ ਦਾ ਨਾਹੀ ਮੌਕਾ ਕਖੀ ਲਗੀਆਂ ਭਾਹੀ। ਦੋ ਸਿਖ ਵੇਖਣ ਗਏ ਤੇ ਪਠਾਣ ਬੀਬੀਆਂ ਨੂੰ ਛੇੜਦੇ ਸੀ ਤੇ ਉਹ ਰੋਂਦੀਆਂ ਸੀ। ਤਾਂ। ਜੋਸ਼ ਮਾਰਿਆ ਖੂਨ ਕੇਹਰ ਦੇ ਰਹੀ ਨ ਸੁਰਤ ਟਿਕਾਣੇ। ਭਰੀਆਂ ਦੋਨ ਚਲਾ ਬੰਦੂਕਾਂ ਲਗੀ ਠੂਕ ਨਿਸ਼ਾਨੇ। ਕਹਿਣ ਕਿਸੇ ਨ ਜਾਕੇ ਦਸਿਆ ਜਗਿਆ ਦੀਪ ਪਤੰਗੀ। ਬਣੇ ਮੌਕਿਆ ਪਿਛਾਂ ਨ ਹਟਦੇ ਸੂਰੇ ਮਰਦ ਭੁਜੰਗੀ। ਆਖੇ ਆਏ ਮਿਲਾਂਗੇ ਸਾਥੀ ਜਦੋਂ ਹਟਾਂਗੇ ਨਾਹੀ। ਦੇਰ ਕਰਨ ਦਾ ਨਾਹੀ ਮੌਕਾ ਕਖੀ ਲਗੀਆਂ ਭਾਹੀ।" ਬੀਬੀਆਂ ਨੂੰ ਜਾਲਮਾਂ ਤੋਂ ਛੁਡਾਕੇ ਫੇਰ ਅਨ ਜਲ ਮੂੰਹ ਪਾਇਆ। ਸਿੰਘੀ ਧਰਮ ਦੇ ਜੋਸ਼ ਦੀਆਂ ਇਕ ਦੋ ਨਹੀਂ ਐਸੀਆਂ ਅਨੇਕ ਝਾਕੀਆਂ ਇਤਿਹਾਸ ਵਿਚ ਹਨ। ਪਰ ਜੋ ਜਸਵੰਤ ਸਿੰਘ ਜੀ ਅੰਗਰੇਜ਼ਾਂ ਤੋਂ ਲੈ ਮਤ ਦੀ ਮਤ ਵਰਤਨ ਦੇ ਆਦੀ ਆਪ ਹੋਏ ਹਨ ਤੇ ਹੋਰਨਾਂ ਨੂੰ ਦੇਂਦੇ ਹਨ ਇਹ ਓਹਨਾ ਨੂੰ ਹੀ ਮੁਬਾਰਕ ਹੈ।

ਸਿੰਘ ਕੋਮ ਦੀ ਇਸੇ ਸਪਿਰਟ ਦੀ ਤੇ ਪੰਜਾਬ ਦੇ ਇਸੇ ਜੁਸ਼ੀਲੇ ਅੰਸ਼ ਦੀ ਸਿਫਤ ਆਪ ਜਸਵੰਤ ਸਿੰਘ ਜੀ ਭੀ ਇਸੇ ਪੁਸਤਕ ਵਿਚ ਕਰਦੇ ਹਨ। ਪ: ਭ: ਪੰਨਾ 461 ਦੂ: ਪੰਨਾਂ 601 ਤੇ ਲਿਖਦੇ ਹਨ। ਭਾਰਤ ਵਿਚਲੇ ਕੁਝ ਜੁਸ਼ੀਲੇ ਅੰਸ਼ ਨੇ 1857 ਦੀ ਅਜ਼ਾਦੀ ਦੀ ਪਹਿਲੀ ਲੜਾਈ ਸਮੇਂ ਅੰਗਰੇਜ਼ੀ ਰਾਜ ਦੀ

Sri Satguru Jagjit Singh Ji Elibrary NamdhariElibrary@gmail.com

ਵਿਰੋਧਤਾ ਬਾਹੂਬਲ ਨਾਲ ਕੀਤੀ। ਪਰੰਤੂ ਅਸਫਲ ਰਹੇ। ਹੁਣ ਕੁਫੇਰ ਮੁਰਦੇ ਹਾਣ ਛਾਈ ਹੋਈ ਸੀ। ਪੰਜਾਬੀ ਤਾਂ ਬਿਲਕੁਲ ਨਿਘਾਰ ਗਏ ਸਨ। ਪੰਜਾਬ ਵਿਰਲਾ ਜੁਸ਼ੀਲਾ ਅੰਸ਼ ਆਪਣੀ ਭਲਾਈ ਅੰਗਰੇਜ਼ ਨੀਤੀ ਦੇ ਨਾਲ ਨਾਲ ਤੁਰਨ ਵਿਚ ਸਮਝਣ ਲਗ ਪਿਆ ਸੀ। ਸਿੰਘ ਕੌਮ ਦਿਨੋਂ ਦਿਨ ਢਹਿੰਦੀਆਂ ਕਲਾਂ ਵਿਚ ਜਾ ਰਹੀ ਸੀ।

ਤੇ ਸਤਿ ਗੁਰੂ ਰਾਮ ਸਿੰਘ ਜੀ ਬਾਬਤ 144 ਪੰਨੇ ਤੇ ਇਸੇ ਪੁਸਤਕ ਵਿਚ ਜਸਵੰਤ ਸਿੰਘ ਜੀ ਲਿਖਦੇ ਹਨ। " ਨ ਕੇਵਲ ਪਰਾਚੀਨ ਭਾਰਤੀ ਰਵਾਇਤਾਂ ਨੂੰ ਕਾਇਮ ਰਖਣ ਦਾ ਜਤਨ ਸੀ। ਆਪਣੇ ਚਲਾਏ ਹੋਏ ਸੁਦੇਸ਼ੀ ਤੇ ਨ ਮਿਲਵਰਤਨ ਦੇ ਪ੍ਰੋਗ੍ਰਾਮ ਨੇ ਪੰਜਾਬੀ ਦਿਲਾਂ ਵਿਚੋਂ ਕੌਮੀ ਜਜ਼ਬਿਆਂ ਨੂੰ ਖਤਮ ਨ ਹੋਣ ਦਿਤਾ। ਕਈ ਪ੍ਰਕਾਰ ਦੀਆਂ ਸਖਤੀਆਂ ਦੇ ਹੁੰਦੇ ਹੋਇਆਂ ਭੀ ਇਹ ਪ੍ਰੋਗ੍ਰਾਮ ਜਾਰੀ ਰਹੇ।"

ਪੰਜਾਬੀਆਂ ਵਿਚ ਕੌਮੀ ਜਾਗਰਤ ਅਤੇ ਦੇਸ਼ ਭਗਤੀ ਦੀ ਸਪਿਰਟ ਪੈਦਾ ਕਰ ਦਿਤੀ ਤੇ ਬਾਬਾ ਜੀ ਦੀ ਹੀ ਇਕ ਸ਼ਖਸੀਅਤ ਜਿਸ ਨੇ ਪੰਜਾਬੀ ਸਿਖਾਂ ਵਿਚੋਂ ਕੌਮੀ ਜਜ਼ਬਿਆਂ ਨੂੰ ਨ ਮਰਨ ਦਿਤਾ।

144 ਪੰਨਾ

ਕੀ ਇਹ ਭਾਰਤੀ ਰਵਾਇਤਾਂ ਭਾਰਤ ਵਿਰਲਾ ਜੁਸ਼ੀਲਾ ਅੰਸ਼ ਤੇ ਪੰਜਾਬ ਵਿਰਲਾ ਜੁਸ਼ੀਲਾ ਅੰਸ਼ ਪੰਜਾਬੀ ਦਿਲਾਂ ਦਾ ਕੌਮੀ ਜਜ਼ਬਿਆਂ ਦਾ ਰੂਪ ਜਿਸ ਦੀ ਜਸਵੰਤ ਸਿੰਘ ਜੀ ਉਪਰ ਲਿਖੇ ਪੰਨਿਆਂ ਵਿਚ ਸਿਫਤ ਦੇ ਅਖਰਾਂ ਤੇ ਪ੍ਰਕਰਨ ਵਿਚ ਸਿਫਤ ਕੀਤੀ ਏ। ਤੇ ਜਿਸ ਭਾਰਤੀ ਰਵਾਇਤ ਤੇ ਪੰਜਾਬ ਦੀ ਦਲੇਰੀ ਦੇ ਕੌਮੀ ਜਜ਼ਬਿਆਂ ਨੇ 9 – 10 ਸਾਲ ਦੇ ਗੋਬਿੰਦ ਰਾਏ ਤੋਂ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਕਹਿ ਦਿਤਾ ਸੀ ਕਿ ਇਸ ਪਾਪ ਤੇ ਜ਼ੁਲਮ ਨੂੰ ਠੱਲ ਪਾਣ ਵਾਲਾ ਹੋਰ ਹਿੰਦ ਵਿਚ ਹਿੰਦੂ ਧਰਮ ਨੂੰ ਸੀਸ ਦੇ ਕੇ ਰਖਣ ਵਾਲਾ ਆਪ ਤੋਂ ਉਤਮ ਕੌਣ ਹੈ ਤੇ ਜੋ ਜਜ਼ਬੇ ਜਸਵੰਤ ਸਿੰਘ ਜੀ ਆਪ ਮੰਨਦੇ ਹਨ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਸਿਖ ਕੌਮ ਤੇ ਪੰਜਾਬ ਵਿਚੋਂ ਖਤਮ ਨਾ ਹੋਣ ਦਿਤੇ। ਤਾਂ ਏਨੇ ਵਾਧੇ

Sri Satguru Jagjit Singh Ji Elibrary NamdhariElibrary@gmail.com

ਜੋ ਉਪਰ ਦਸੇ ਹਨ। ਆਲਿਮ ਜੀ ਦੀ ਲਿਖੀ ਪੁਸਤਕ (ਜੁਗ ਪਲਟਾਊ ਸਤਿਗੁਰੂ) ਵਿਚੋਂ ਕੀ ਇਸ ਵੇਲੇ ਇਹ ਵਾਧੇ ਜਰਨੇ ਤੇ ਕੁਝ ਨ ਕਰਨਾ ਪੰਜਾਬੀ ਜੋਸ਼ ਤੇ ਜਜਬਿਆਂ ਤੇ ਭਾਰਤੀ ਰਵਾਇਤ ਦੇ ਅਨਕੂਲ ਸੀ ?

ਤੇ ਜਿਵੇਂ ਦਸਮ ਜੀ ਕਿਹਾ ਸੀ ਪਿਤਾ ਜੀ ਨੂੰ ਦਿੱਲੀ ਸੀਸ ਦੇਣ ਲਈ ਤੇ ਪੂਰੀ ਤਾਕਤ ਪਾਈ ਬਿਨਾਂ ਏਡੀ ਵੱਡੀ ਹਕੂਮਤ ਤੇ ਹਿੰਦੂ ਰਾਜਿਆਂ ਨਾਲ ਜੋ ਵਿਵਣ ਵਿਚ ਔਖ ਉਠਾਏ ਸੀ। ਮਾਤਾ ਜੀ ਤੇ ਸਾਹਿਬਜਾਦੇ ਤੇ ਬੇਅੰਤ ਸਿੰਘ ਸ਼ਹੀਦ ਕਰਾਏ ਸੀ ਤੇ ਨੰਗੀ ਪੈਰੀ ਨਿਕਲੇ ਤੇ ਲੁਕੇ ਭੇਸ ਬਦਲਿਆ ਸੀ ਤੇ ਆਪ ਨੂੰ ਦਖਣ ਵਲ ਜਾਣਾ ਪਿਆ ਸੀ ਤੇ ਬਾਦ ਬਹੁਤ ਚਿਰ ਲਤ ਮਰ ਪੰਥ ਨੂੰ ਕਿਤੇ ਰਣਜੀਤ ਸਿੰਘ ਜੀ ਸਮੇਂ ਸੁਖ ਦਾ ਸਾਹ ਆਇਆ ਸੀ ਸਰ ਜਸਵੰਤ ਸਿੰਘ ਜੀ ਦੇ ਜ਼ਾਬਤ ਤੇ ਵੇਲੇ ਦੀ ਨਜਾਕਤ ਨ ਸੋਚਨ ਦੀ ਉਕੋ ਹੀ ਹੋਇਆ ਸੀ ਜੇ ਜਰ ਕੇ ਰਹਿੰਦੇ ਤਾਂ ਏਹੂੰ ਚੰਗਾ ਨਤੀਜਾ ਭੀ ਕੁਝ ਨਿਕਲ ਸਕਦਾ ਸੀ। ਸਾਡਾ ਇਹ ਮਤਲਬ ਹੈ ਇਤਿਹਾਸਕ ਐਸੀਆਂ ਮਸਾਲਾਂ ਦੇਣ ਤੋਂ ਕਿ ਕੂਕਿਆਂ ਦੇ ਇਹ ਕੁਝ ਕਰਨ ਤੋਂ ਕਿਉਂ ਪਾਠਕਾਂ ਨੂੰ ਵਪਲੇ ਵਿਚ ਪਾਣ ਲਈ ਆਪ ਕਹਿੰਦੇ ਹਨ ਕਿ ਜਬਤ ਤੇ ਵਕਤ ਦੀ ਨਜਾਕਤ ਵਲੋਂ ਵੇਖਣਾ ਚਾਹੀਦਾ ਸੀ। ਜਸਵੰਤ ਸਿੰਘ ਜੀ ਦਸਮ ਜੀ ਨੂੰ ਕਹਿੰਦੇ ਜਬਤ ਰਖੋ ਤੇ ਵਕਤ ਦੀ ਨਜਾਕਤ ਵੇਖੋ ਤੇ ਬਰਬਾਦੀ ਨ ਆਪਣੀ ਕਰਾਉ ਏਡੀ ਤਾਕਤ ਨਾਲ ਮਥਾ ਲਾ ਕੇ।

ਨਹੀਂ ਨਹੀਂ ਜਿਵੇਂ ਉਹਨਾਂ ਜੋ ਉਸ ਵਕਤ ਕੀਤਾ ਸੀ। ਤੇ ਉਸੇ ਕੀਤੇ ਦਾ ਸਦਕਾ ਜੁਲਮੀ ਰਾਜ ਜੜ੍ਹਾਂ ਤੋਂ ਪੁਟਿਆ ਗਿਆ ਸੀ। ਤਿਵੇਂ ਜੋ ਕੁਝ ਸਤਿਗੁਰੂ ਰਾਮ ਸਿੰਘ ਜੀ ਤੇ ਆਪ ਦੇ ਸਿਖਾਂ ਨੇ ਤਦੋਂ ਕੀਤਾ ਸੀ ਠੀਕ ਕੀਤਾ ਸੀ। ਤੇ ਉਸੇ ਦਾ ਸਦਕਾ ਉਹਨਾਂ ਨੀਹਾਂ ਤੇ ਹੀ ਚਲ ਸੁਤੰਤਰ ਰਾਜ ਦਾ ਸੁਖ ਮਾਣ ਰਹੇ ਹਾਂ। ਜੇ ਜਸਵੰਤ ਸਿੰਘ ਜਿਹਾਂ ਵਾਲੀ ਮਤ ਤੇ ਸਮੇਂ ਦੀ ਨਜ਼ਾਕਤ, (ਅਰਥਾਤ) ਅੰਗਰੇਜ਼ੀ ਰਾਜ ਦੇ ਉਲਟ ਕੋਝੇ ਕਾਨੂੰਨ ਤੋੜ ਆਜ਼ਾਦੀ ਦੀ ਲਹਿਰ ਨ ਜਾਰੀ ਕੀਤੀ ਜਾਂਦੀ। ਤਾਂ ਅਸੀਂ ਸ੍ਰੀ ਸਿੰਘ ਸਭੀਆਂ ਵਾਂਗੂ ਸਦਾ ਗੁਲਾਮੀ ਦੀ ਸਲਾਮੀ ਭਰੀ ਫਿਰਦੇ ਤੇ ਮਾਨਸਿਕ ਗੁਲਾਮ ਹੁੰਦੇ। ਤੇ ਨਾ ਕੂਕਾ ਪੰਥ ਪੂਜਨ ਵਾਲਾ ਮੱਥਾ ਲੈ ਕੇ

ਤੇ ਸਤਿਕਾਰ ਦੀ ਨਿਗਾਹ ਨਾਲ ਭਾਰਤ ਵਿਚ ਵੇਖਿਆ ਜਾਂਦਾ। ਸੋ ਇਸ ਤਰ੍ਹਾਂ ਦੀ ਸਮੇਂ ਦੀ ਨਜ਼ਾਕਤ ਤੇ ਜਬਤ ਦੀਆਂ ਹਦਾਂ ਸਦਾ ਜਸਵੰਤ ਸਿੰਘ ਜੀ ਨੂੰ ਹੀ ਨਸੀਬ ਰਹਿਣ। ਤੇ ਜੋ ਭਾਰਤੀ ਰਵਾਇਤਾਂ ਤੇ ਪੰਜਾਬੀ ਤੇ ਸਿਖ ਪੰਥ ਦੇ ਜੁਬੀਲੇ ਅੰਬ ਹਨ ਸਦਾ ਸਾਨੂੰ ਨਸੀਬ ਰਹਿਣ ਅਸੀਂ ਅਜ ਭੀ ਉਹਨਾਂ ਨੂੰ ਮਨਜ਼ੂਰ ਕਰਦੇ ਹਾਂ।

ਸੋ ਜਸਵੰਤ ਸਿੰਘ ਜੀ ਨੇ ਸਿਫਤੀ ਅਖਰਾਂ ਵਿਚ ਆਪੇ ਮੰਨੇ ਤੇ ਲਿਖੇ ਹਨ ਪਤ ਸ਼ੂਕਿਆਂ ਨੂੰ ਜੇ ਇਹ ਗੁਣ ਸਾਫ ਦੇ ਲਿਖਦੇ ਤਾਂ ਇਨਾਮ ਦੇਣ ਵਾਲਿਆ ਰਿੰਜ ਹੋ ਜਾਣਾ ਸੀ ਤੇ ਇਹ ਕਤਾਬ ਸਕੂਲਾਂ ਲਈ ਨਹੀਂ ਮਨਜ਼ੂਰ ਕਰਨੀ ਸੀ।

(3) ਸਤਿਗੁਰੂ ਰਾਮ ਸਿੰਘ ਜੀ ਦੀ ਰਹਿਤ ਤੇ ਰਹਿਣੀ ਬਹਿਣੀ ਬਾਬਤ ਜੋ ਜਸਵੰਤ ਸਿੰਘ ਜੀ ਨੇ ਲਿਖਿਆ ਹੈ ਉਸਦਾ ਉਤਰ ਤੇ ਨਿਰਨਾ। ਜੋ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਨਾਮੇ ਦੇ ਬਚਨ ਅਸੀਂ ਉਪਰ ਲਿਖ ਆਏ ਹਾਂ।

"ਗੁਰੂ ਵਲ ਨਿਗਾਹ ਏਨਾਂ ਲੋਕਾਂ ਦੀ ਨਹੀਂ ਹੁਕਮ ਏਸੇ ਹੀ ਥਾ। ਇਹੁ ਜਿਤਨੀ ਕਾਰ ਹੈ ਸਾਹਿਬ ਦਸਮੇ ਪਾਤਸ਼ਾਹ ਕੀ ਹੈ ਤੁਸੀਂ ਸਤਿ ਕਰਕੇ ਮੰਨਣਾ ਹੋਰ ਨ ਕੰਮ ਇਹੁ ਮੇਰੇ ਕਰਨ ਦਾ ਥਾ ਨ ਇਹੋ ਹੋਰ ਮਨੁਖ ਤੇ ਹੋ ਸਕਦਾ ਸੀ। ਤੁਸੀਂ ਵਿਚਾਰ ਦੇਖੋ ਅਗੇ ਸਿਖ ਸਾਧ ਤਾਂ ਹੋਏ ਹੈਨ ਇਹੁ ਕੰਮ ਨਹੀਂ ਕਿਸੇ ਤੋਰ ਲਿਆ।" ਇਹ ਸਤਿਗੁਰ ਰਾਮ ਸਿੰਘ ਜੀ ਦੇ ਹੁਕਮ ਨਾਮੇ ਦਾ ਬਚਨ ਜੋ ਗੁਰਬਾਣੀ ਸਮਾਨ ਸਤਿਗੁਰੂ ਪਰਤਾਪ ਸਿੰਘ ਜੀ ਦਾ ਪ੍ਰਵਾਨ ਕੀਤਾ ਹੋਇਆ ਹੈ ਜਿਸ ਵਿਚ "ਅਗੇ ਸਿਖ ਸਾਧ ਤਾਂ ਹੋਏ ਹੈਨ ਇਹੁ ਕੰਮ ਨਹੀਂ ਕਿਸੇ ਤੋਰ ਲਿਆ।" ਤੇ ਨ ਇਹੋ ਹੋਰ ਮਾਨੁਖ ਤੇ ਹੋ ਸਕਦਾ ਸੀ। ਇਹੁ ਜਿਤਨੀ ਕਾਰ ਹੈ ਸਾਹਿਬ ਦਸਮੇ ਪਾਤਸ਼ਾਹ ਦੀ ਹੈ ਤੁਸੀਂ ਸਤਿ ਕਰਕੇ ਮੰਨਣਾ। ਵਾਕ ਦੇ ਸਾਹਵੇਂ ਅਸੀਂ ਜਸਵੰਤ ਸਿੰਘ ਜੀ ਦੇ ਲਿਖੇ ਨੂੰ ਰੱਤਾ ਜਿਨਾਂ ਭੀ ਸਚ ਨਹੀਂ ਮੰਨਦੇ।

ਸਗੋਂ ਇਹ ਸਤਿ ਕਰਕੇ ਮੰਨਣ ਵਾਲੇ ਬਚਨਾਂ ਨੂੰ ਪੜਕੇ ਕਹਿਣਾ ਤੇ ਮੰਨਣਾ ਪੈਂਦਾ ਹੈ ਜੋ ਗੁਰੂ ਬਾਲਕ ਸਿੰਘ ਜੀ ਨੂੰ ਦਸਮ ਜੀ ਦਰਸ਼ਨ ਤੇ ਗੁਰਤਾ ਦੇ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਣ ਦੀ ਪਕੀ ਕੀਤੀ ਸੀ ਜਿਸ ਦੀ ਬਾਬਤ ਪੰਥ

Sri Satguru Jagjit Singh Ji Elibrary NamdhariElibrary@gmail.com

ਪ੍ਰਕਾਸ਼ ਵਿਚ ਗਿਆਨੀ ਗਿਆਨ ਸਿੰਘ ਜੀ ਲਿਖਿਆ ਹੈ। "ਐਪੈ ਗੁਰ ਦਸਮ ਦਰਸਦੇ ਮੋ ਕਹਿਯੋ ਤਾਹਿ ਮੋਰੋ ਅਵਤਾਰ ਐਸ ਰਾਮ ਸਿੰਘ ਹਵੈ ਭਰੋ । ਯਾਹਿ ਹਿਤ ਤਾਹਿ ਨਾਹਿ ਔਤ ਕਾਹਿ ਮਾਹਿ ਨਿਜ ਸਕਤ ਰਖਾਹੀ। ਗੁਰਵਾਕ ਵਿਵਕੇ ਧਰੋ" ਦਾ ਪੂਰਾ ਨਿਰਨਾਂ ਹੋ ਜਾਂਦਾ ਏ ਤੇ ਸਤਿਗੁਰੂ ਰਾਮ ਸਿੰਘ ਜੀ ਦੀ ਜਬਾਨੀ ਯਾਰਵੇਂ ਗੁਰੂ ਜੀ ਤੇ ਬਾਰਵੇਂ ਗੁਰੂ ਦੀ ਕਾਰ ਦਸਮ ਜੀ ਦੀ ਟੋਰੀ ਸਾਬਤ ਹੋ ਜਾਂਦੀ ਏ।

ਸਤਿ ਗੁਰੂ ਰਾਮ ਸਿੰਘ ਜੀ ਭਾਵੇਂ ਦਸਮ ਜੀ ਦੀ ਸਫ਼ਤਾਰ ਇਹ ਕੂਕਾ ਪੰਥ ਦੇ ਟੁਰਨ ਵਾਲੀ ਮੰਨਦੇ ਹਨ । ਪਰ ਫੇਰ ਕਰੂੰਗਾ ਖਾਲਸਾ ਵਾਕ ਗੁਰੂ ਨਾਨਕ ਜੀ ਦਾ। ਸਫਲ ਤਾਂ ਆਪ ਦੇ ਹੀ ਨਵੇਂ ਸਿਰੇ ਸਿੱਖੀ ਸਾਜਨ ਤੋਂ ਸਿਖ ਹੁੰਦੇ। ਜੋ ਜਸਵੰਤ ਸਿੰਘ ਜੀ ਨੂੰ ਭੀ ਮਜਬੂਰਨ ਇਸੇ ਪੁਸਤਕ ਦੇ 145 ਪੰਨੇ ਤੇ ਲਿਖਣਾ ਪਿਆ ਹੈ। "ਆਪ ਜੀ ਦਾ ਸਿੱਖੀ ਧਰਮ ਨੂੰ ਸਦੀਆਂ ਤੋਂ ਪ੍ਰਚਲਤ ਬਰਹਮਣੀ ਸੰਸਕਾਰ ਤੋਂ ਸੁਤੰਤਰ ਕਰਨ ਦਾ ਜਤਨ ਸਲਾਹੁਣ ਜੋਗ ਏ ।" ਤੇ ਇਸੇ ਪੁਸਤਕ ਦੇ 70 ਪੰਨੇ ਤੇ ਜਸਵੰਤ ਸਿੰਘ ਜੀ ਤੋਂ ਅਵੱਸ਼ ਹੀ ਸਤਿ ਗੁਰੂ ਰਾਮ ਸਿੰਘ ਜੀ ਦਾ ਜੱਸ ਗੁਰੂਆਂ ਸਿਰ ਗੁਰੂ ਅਧ ਵਾਂਗੂੰ ਦਾ ਹੋ ਗਿਆ ਹੈ ਜਿਸ ਦਾ ਆਪ ਨੂੰ ਭੀ ਪਤਾ ਨਹੀਂ ਲਗਾ।

'ਜਿਸ ਵਕਤ ਗੁਰੂ ਨਾਨਕ ਜੀ ਨੇ ਮੁਜਦ ਘੇ ਨੇ ਸਿਲਸਲਾ ਅਰਸ਼ਾਦ ਸ਼ੁਰੂ ਕੀਆ। ਉਨਕੋ ਯਿਹ ਨਸੀਬ ਨ ਹੂਆ ਕਿ ਦਸ ਬਰਸ ਮੇਂ ਦੀ ਏਕ ਹਜਾਰ ਆਦਮੀ ਉਨ ਕੇ ਚੇਲੇਂ ਮੇਂ ਹੋਤਾ ਉਸ ਕੇ ਮਜ਼ਬ ਦਾ ਅਰੂਜ ਪਿਛਲੇ ਮਸਨਦ ਨਸ਼ੀਨੋਂ ਕੇ ਵਕਤ ਮੇਂ ਹੂਆ। ਇਸ ਮੁਦਦ ਨੀ ਜਿੰਦਗੀ ਮੇਂ ਲਾਖੋਂ ਕੂਕਾ ਹੋ ਗਿਆ। ਇਹ ਮੌਲਵੀ ਗੁਲਾਮ ਸ਼ੇਖ ਜੀ ਦਾ ਲਿਖਿਆ ਪਤਕੰ ਸਤਿਗੁਰੂ ਰਾਮ ਰਾਮ ਸਿੰਘ ਜੀ ਦੇ ਗੁਰੂ ਹੋਣ ਦਾ ਤੇ ਪੂਰਨ ਪ੍ਰਤਾਪੀ ਹੋਣ ਦਾ ਕਿਹਾ ਜਾਣਾ ਤੇ ਪੂਰਾ ਪਤਾ ਪਿਆ ਲਗਦੇ। ਕਿ ਗੁਰੂ ਨਾਨਕ ਜੀ ਦਾ ਭੀ ਉਹਨਾਂ ਦੇ ਸਮੇਂ ਵਿਚ ਏਤਨਾਂ ਪ੍ਰਤਾਪ ਨਹੀਂ ਸੀ ਹੋਇਆ।

ਇਹ ਆਪ ਹੀ ਲਿਖ ਕੇ ਜਸਵੰਤ ਸਿੰਘ ਜੀ ਦਾ ਰੋਸ਼ੀਓ ਵਾਲੇ ਠਣੀਏ ਰਾਮ ਤੇ ਬਾਜ਼ੀਗਰ ਦੇ ਬਾਬੇ ਵਾਂਗੂ ਹੀ ਕਹਿਣਾ ਮੈਂ ਨ ਮਾਨੂੰ ਮੈ ਨ ਮਾਨੂੰ ਕਹੇ

ਜਾਂਦੇ ਤੇ ਅਸਲੀਅਤ। ਸਚਹੁ ਓਰੈ ਸਭੁ ਕੋ ਊਪਰਿ ਸਚੁ ਆਚਾਰੁ । ਹਰ ਪ੍ਰਕਾਰ ਵਿਚਾਰਵਾਨਾਂ ਦੇ ਮੰਨਣ ਵਿਚ ਹਾਸਲ ਹੋ ਜਾਂਦੇ ਕਿ ਸਤਿਗੁਰੂ ਰਾਮ ਸਿੰਘ ਜੀ ਪੂਰਨ ਤੇ ਪ੍ਰਤਾਪੀ ਸਤਿਗੁਰੂ ਜੀ ਹਨ।

(4) ਆਪ ਦੇ ਅੰਧ ਵਿਸ਼ਵਾਸੀ ਸ਼ਰਧਾਲੂਆਂ ਦੇ ਆਪ ਜੀ ਨੂੰ (ਗੁਰੂ ਕਹਿਣ ਨਾਲ ਸਾਰੀ ਬਣੀ ਬਣਾਈ ਖੇਡ ਵਿਗੜ ਗਈ।

(ਦਾ ਉਤਰ ਤੇ ਨਿਰਨਾ)

ਅੰਧ ਵਿਸ਼ਵਾਸ ਸ਼ਰਧਾਲੂਆਂ ਦਾ, ਇਹ ਤਾਂ ਗੁਰੂ ਨਾਨਕ ਜੀ ਤੋਂ ਲੈ ਦਸਮ ਜੀ ਤਕ ਗੁਰਬਾਣੀ ਤੇ ਸਿਖ ਇਤਿਹਾਸ ਵਿਚ ਭਰਿਆ ਪਿਆ ਹੈ । ਜੇ ਉਹ ਭੀ ਗਲਤ ਸੀ ਤਾਂ ਇਹ ਭੀ ਗਲਤ ਕਵੋ। ਜਿਹਾ ਕਿ ਗੁਰਬਾਣੀ ਵਿਚ ਲਿਖਿਆ ਹੈ। "ਮੀਤੁ ਕਰੈ ਸੋਈ ਹਮ ਮਾਨਾ। ਮੀਤ ਕੇ ਕਰਤਬ ਕੁਸਲ ਸਮਾਨਾ।"

(ਗਉੜੀ ਮ: 5)

"ਗੁਰਿ ਕਹਿਆ ਸਾ ਕਾਰ ਕਮਾਵਹੁ ।
ਗੁਰ ਕੀ ਕਰਣੀ ਕਾਹੇ ਧਾਵਹੁ ।"

(ਰਾਮਕਲੀ ਮ: 1 ਦ: ਓਅੰਕਾਰ)

"ਸਤਿਗੁਰ ਕੀ ਗਣਤੈ ਘੁਸੀਐ, ਦੁਖੇ ਦੁਖਿ ਵਿਹਾਇ।"

(ਸਲੋਕ ਮਹਲਾ 3)

"ਗੁਰੁ ਪਰਮੇਸਰੁ ਏਕੁ ਜਾਣੁ। ਜੋ ਤਿਸੁ ਭਾਵੈ ਸੋ ਪਰਵਾਣੁ।

(ਗੋਂਡ: ਮ: 5)

ਆਦ ਅਨੇਕ ਗੁਰਵਾਕ ਹਨ ਜੋ ਇਹੋ ਸਿਖਿਆ ਦੇਂਦੇ ਹਨ "ਬਿਨ ਬਿਸ੍ਵਾਸ ਕਿਆ ਵੇਖਾਂ।" ਅਤਥਾਤ ਬਿਨਾਂ ਨ੍ਰਿਭ ਪ੍ਰਤੀਤ ਦੇ ਹੋਰ ਕੀ ਉਤਮ ਹੈ।

ਜੈਸੇ ਸੂਰਜ ਪ੍ਰਕਾਸ਼ ਵਿਚ ਗੁਰੂ ਅੰਗਦ ਜੀ ਵਲੋਂ ਲਿਖੇ ਬਚਨ ਹਨ। "ਜਿਨ ਕੋ ਦੇ ਦੁਕਿਰੁ ਸਰਬੰਸਾ। ਪੁਨਿ ਤਿਨ ਕੀ ਕ੍ਰਿਤ ਪੈ ਕਿਆ ਸੰਸਾ।" ਤੇ ਮੁਰਦਾ ਜੰਗਲ ਵਿਚ ਪਿਆ ਵਖਾ ਕਹਿਣਾਂ ਖਾ ਲਵੇ। ਤੇ ਸਿਖ ਦਾ ਮਰਿਆ ਬਚਾ

Sri Satguru Jagjit Singh Ji Elibrary NamdhariElibrary@gmail.com

ਜਵਾਣਾ । ਤੇ ਲਹਿਣੇ ਨੂੰ ਔਂਦਿਆਂ ਨਾਮ ਪੁਛ ਕਹਿਣਾ ਤੂੰ ਲਹਿਣਾ ਤੇ ਅਸਾਂ ਦੇਣਾ ਹੈ ਤੇ ਸਿਖਾਂ ਨੂੰ ਤੇ ਲਹਿਣੇ ਨੂੰ ਧਾਣਕ ਰੂਪ ਧਾਰ ਕੇ ਮਾਰਨਾ ਤੇ ਕੁਤੇ ਲੈ ਕੇ ਫਿਰਨਾ, ਆਦ ਸਭ ਅੰਧ ਵਿਸ਼ਵਾਸ ਹੀ ਸਾਬਤ ਹੁੰਦਾ ਹੈ ਬਾਦ ਗੁਰੂ ਹਰਿ ਗੋਬਿੰਦ ਜੀ ਦੇ ਕੌਤਕਾਂ ਵਿਚੋਂ ਕੋਲਾਂ ਵਾਲਾ ਕੌਤਕ ਤੇ ਨੌਵੇਂ ਗੁਰੂ ਜੀ ਦਾ ਮਖਣ ਸ਼ਾਹ ਦਾ ਜਹਾਜ਼ ਕਢਣਾ ਤੇ ਦਸਮ ਜੀ ਦੇ ਕੌਤਕਾਂ ਵਿਚੋਂ ਨੰਗੀ ਤਲਵਾਰ ਕਢ ਕੇ ਸਿਖਾਂ ਦੇ ਸੀਸ ਮੰਗਣ ਤੋਂ ਸਿਖਾਂ ਦਾ ਸਹੀ ਮੰਨਣਾ ਵਡੇ ਅੰਧ ਵਿਸ਼ਵਾਸ ਸਨ, ਪਰ ਇਹ ਅੰਧ ਵਿਸ਼ਵਾਸ ਨਹੀਂ ਸਨ । ਦ੍ਰਿੜ੍ਹ ਵਿਸ਼ਵਾਸ ਸਨ ਜਿਸ ਨੇ ਔਖੇ ਇਮਤਿਹਾਨਾਂ ਵਿਚੋਂ ਸਿਖਾਂ ਨੂੰ ਪਾਸ ਕੀਤਾ ਸੀ ।

ਅੰਧ ਵਿਸ਼ਵਾਸ ਕਹਿਣ ਦਾ ਮੁੱਢ ਤਾਂ ਮੁਸਲਮਾਨੀ ਰਾਜ ਤੋਂ ਬਝਾ ਸੀ । ਜਦ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਦੀ ਸ਼ੋਭਾ ਸੁਣੀ ਤਾਂ ਉਸ ਕਿਹਾ ਅਰਜਨ ਭੋਲੇ ਲੋਕਾਂ ਨੂੰ ਭਿੰਡ ਬਣਾ ਮਗਰ ਲਾਈ ਫਿਰਦੈ ।

ਦੁਖ ਭਾਵੇਂ ਹੋਰ ਭੀ ਸਾਸੂ ਪਰ ਜਹਾਂਗੀਰ ਨੇ ਲੋਕਾਂ ਨੂੰ ਅਰਜਨ ਦੇਵ ਜੀ ਜਾਲ ਵਿਚ ਫਸੇ ਜਾਣ ਖ਼ਿਝੌਸੇ ਗੁਰੂ ਜੀ ਨੂੰ ਕਸ਼ਟ ਦੇ ਸ਼ਹੀਦ ਕੀਤਾ । ਪਰ ਇਸ ਅੰਧ ਵਿਸ਼ਵਾਸ ਦਾ ਆਮ ਪ੍ਰਚਾਰ ਅੰਗਰੇਜ਼ ਦੇ ਸਮੇਂ ਸਿਖਾਂ ਵਿਚ ਸਿੰਘ ਸਭੀਆਂ ਵਲੋਂ ਹੀ ਕਰਾਇਆ ਗਿਆ । ਉਹ ਇਸ ਲਈ ਕਿ ਨ ਇਹ ਕਿਸੇ ਦੇਹ ਧਾਰੀ ਗੁਰੂ ਤੇ ਪੂਰੀ ਪ੍ਰਤੀਤ ਲਿਔਣ ਤੇ ਨ ਇਹਨਾਂ ਵਿਚ ਕੁਝ ਕਰ ਵਖਾਨ ਦੀ ਜਾਨ ਜਾਗੇ । ਸਿਖਾਂ ਵਿਚ ਇਨ੍ਹਾਂ ਆਸ਼ਿਆਂ ਦਾ ਪ੍ਰਚਾਰ ਕਰਕੇ ਠੀਕ ਸਿਖੀ ਭਾਵਨਾ ਨੂੰ ਅੰਧ ਵਿਸ਼ਵਾਸ ਕਹਿ ਕੇ ਠੁਟਲਾਇਆ, ਜਿਸ ਨੂੰ ਜਸਵੰਤ ਸਿੰਘ ਜੀ ਅੰਧ ਵਿਸ਼ਵਾਸ ਕਹਿੰਦੇ ਹਨ । ਹੈ ਤੇ ਇਹ ਦ੍ਰਿੜ ਵਿਸ਼ਵਾਸ । ਜੋ ਸਿਖ ਧਰਮ ਦੀ ਇਕ ਵਡੀ ਰਾਸ ਹੈ । ਪਰ ਇਸ ਵਲੋਂ ਮੂੰਹ ਤੇ ਮਨ ਨੂੰ ਮੋੜਨ ਲਈ ਇਸਦਾ ਨਾਮ ਅੰਧ ਵਿਸ਼ਵਾਸ ਕਹਿ ਪ੍ਰਚਾਰਿਆ ਗਿਆ । ਜਿਸ ਦੀ ਬਾਬਤ ਸੁਖਮਨੀ ਸਾਹਿਬ ਵਿਚ ਗੁਰ ਵਾਕ ਹੈ, ਜਾ ਕੈ ਮਨ ਗੁਰ ਕੀ ਪ੍ਰਤੀਤ । ਤਿਸ ਜਨ ਆਵੈ ਹਰਿ ਪ੍ਰਭੁ ਚੀਤ" (ਅਰਥਾਤ) ਇਸ ਪ੍ਰਤੀਤ ਵਿਸ਼ਵਾਸ ਬਿਨਾਂ ਪ੍ਰਮਾਤਮਾ ਦਾ ਨਾਮ ਚਿਤ ਆ ਹੀ ਨਹੀਂ ਸਕੂਦਾ । ਬਿਸਾਸ ਸਭਨ ਤੇ ਸੇਖਾ । ਗੁਰਵਾਕ ਦਾ ਭੀ ਇਹੋ ਅਰਥ ਹੈ ।

Sri Satguru Jagjit Singh Ji Elibrary NamdhariElibrary@gmail.com

ਕਿ ਸਭ ਤੋਂ ਵਡੀ ਚੰਗੀ ਚੀਜ਼ ਪ੍ਰੀਤਿ ਦ੍ਰਿੜ ਵਿਸ਼ਵਾਸ ਹੀ ਹੈ।

ਇਸ ਦ੍ਰਿੜ ਵਿਸ਼ਵਾਸ ਨੂੰ ਦ੍ਰਿੜਾਨ ਲਈ ਗੁਰਵਾਕ ਹਨ। "ਕਰੇ ਸੁ ਚੰਗੀ ਮਾਨ ਦੂਜੀ ਗਣਤ ਲਾਹੇ।" ਜੋ ਤਿਸ ਭਾਵੈ ਸੋ ਪ੍ਰਵਾਨ।" "ਮੀਤ ਕਰੇ ਸੋਈ ਹਮ ਮਾਨਾਂ।"

ਇਹੋ ਉਪਦੇਸ਼ ਲਹਿਣੇ ਜੀ ਤੋਂ ਪੰਜਾਂ ਪਿਆਰਿਆ ਤਕ ਇਤਿਹਾਸ ਦੱਸਦਾ ਏ। ਜੇ ਇਹ ਦ੍ਰਿੜ ਵਿਸ਼ਵਾਸ ਨ ਹੋਵੇ ਤਾਂ ਬਾਬਾ ਬਕਾਲੇ ਤੇ ਮਖਣ ਸ਼ਾਹ ਦੇ ਜਹਾਜ ਕਢਣ ਤੇ ਮੋਢਾ ਦਖਾਣ ਦਾ ਮੰਨਣਾਂ ਉਂਜ ਬੇ ਅਰਥ ਹੋ ਜਾਂਦਾ ਏ। ਕਿਥੇ ਉਹ ਤੇ ਕਿਥੇ ਬਾਬਾ ਬਕਾਲੇ ਤੇ ਕਿਥੇ ਬਕਾਲਾ ਤੇ ਸਮੁੰਦਰ ਚਿ ਜਹਾਜ਼ ਤੇ ਕਿਥੇ ਮੋਢਾ ਤੇ ਕਿਥੇ ਜਲ ਤੇ ਕਹਿਣਾਂ "ਵੇਖ ਸਿਖ ਮੇਰਾ ਮੋਢਾ ਬਾਢਾਂ" ਇਹ ਗਲਾਂ ਕੁਝ ਅਰਥ ਹੀ ਨਹੀਂ ਰਖਦੀਆਂ ਤੇ ਕੋਈ ਭਵਿਖਤ ਵਾਕ ਕਰਨਾਂ ਜਾਂ ਮੰਨਣਾਂ ਵਿਅਰਥ ਹੋ ਜਾਂਦੇ।

ਦ੍ਰਿੜ ਵਿਸ਼ਵਾਸ ਬਿਨਾਂ ਬੇ-ਕਸੂਰ ਸਿਖਾਂ ਦੇ ਸਿਰ ਮੰਗਨੇ ਤੇ ਉਹਨਾਂ ਦੇਣੇ ਤੇ ਜੋ ਆਇਆ ਤੇ ਝਟਕਾਇਆ ਸਭ ਵਿਰਥਾ ਹੋ ਜਾਂਦੇ।" ਜੋ ਲਿਖਿਆ ਹੈ। ਸਠੇ ਮਦਾਨ ਹੀ ਉਸ ਦਾ ਸਿਰ ਕਪ ਉਤਾਰਾ ਜਿਸ ਸਿਰ ਤੇ ਜੋੜਾ ਰਖਿਆ ਜੁੜਿਆ ਖਿਨਦਾਰ' ਇਉਂ ਸਾਂਝੀ ਧੜਕਨ ਪੰਥ ਦੀ ਕੀਤੀ ਇਕ ਸਾਰਾਂ। ਲਾਂਦਾ ਪਿਉਂਦ ਜਿਉਂ ਬਾਗ਼ ਵਾਨ ਹੋਰ ਸਾਖ ਹੋਰ ਡਾਰਾ। ਇਹ ਸਾਰੀ ਵਾਰਤਾ ਦਾ ਵੇਰਵਾ ਪੜਨ ਲਈ ਮੇਰਾ ਲਿਖਿਆ ਪੁਸਤਕ ਪੰਜ ਨਿਰਨੇ ਪੜੋ।

ਉਪਰ ਦਸੀ ਦ੍ਰਿੜ ਪ੍ਰਤੀਤ ਨੂੰ ਗੁਰਬਾਣੀ ਵਿਚ ਉਚਾ ਮੰਨਿਆ ਹੈ ਜਿਸ ਵਿਚ ਸਚੀ ਅਸਲੀਅਤ ਹੈ। "ਪ੍ਰਭੁ ਆਪਣੇ ਦਾ ਭਇਆ ਬਿਸਾਸ। ਜੀਉ ਪਿੰਡ ਸਭੁ ਤਿਸਕੀ ਰਾਸਿ, ਨਾਨਕ ਕਉਂ ਉਪਜੀ ਪ੍ਰਤੀਤ। ਮਨਮੁਖ ਹਾਰ ਗੁਰਮੁਖ ਸਦ ਜੀਤ।" ਤੇ ਜਿਸ ਵਿਚ ਹੋਵੇ ਕੁਝ ਨ ਅਸਲੀਅਤ ਤੇ ਹਠ ਤੇ ਵੇਖਾ ਵੇਖੀ ਕਹੀ ਕਰੀ ਜਾਨਾਂ ਉਹ ਅੰਧ ਵਿਸ਼ਵਾਸ ਹੁੰਦੇ।

ਅੰਧ ਵਿਸਵਾਸ ਨੂੰ ਸਹੀ ਅਰਥਾਂ ਵਿਚ ਸੋਚਿਆ ਜਾਵੇ ਤਾਂ ਹੈ ਤਾਂ ਅੰਧ ਵਿਸ਼ਵਾਸ ਉਹ ਜੋ ਸਿੰਘ ਸਭਾ ਨੇ ਜਾਰੀ ਕੀਤਾ ਹੈ। ਗਰੰਥ ਨੂੰ ਗੁਰੂ ਮੰਨਣਾਂ।

Sri Satguru Jagjit Singh Ji Elibrary NamdhariElibrary@gmail.com

ਜਿਸ ਦੀ ਬਾਬਤ ਗਰੰਥ ਸਾਹਿਬ ਵਿਚ ਵਾਕ ਹੈ। ਜੋ ਮੁਲ ਲੈਂਦੇ ਪੂਜਨਾਂ ਹੈ ਤੇ ਨ ਬੋਲਦਾ ਹੈ। ਉਸ ਦੀ ਪੂਜਾ ਮਨ ਹਨ ਤੇ ਵੇ-ਅਰਥ ਹੈ ਜਿਹਾ ਕਿ ਪਾਥਰ ਪੂਜੇ ਮੋਲ ਲੈ। "ਨ ਪਾਥਰ ਬੋਲੈ ਨ ਕੁਛ ਦੇਇ। ਫੋਕਟ ਕਰਮ ਨਿਸਫਲ ਹੈ ਸੇਵ।"

ਇਸ ਨ ਬੋਲਣ ਹਲਣ ਜੁਲਣ ਵਾਲੀ ਪੂਜਾ ਤੋਂ ਮੁਨਕਰ ਹੋ ਕੋਈ ਵਡੇ ਵਡੇ ਸਹੀ ਸੋਝੀ ਵਾਨਾਂ ਨੇ ਕੁਦਰਤ ਦੇ ਮੰਨਣ ਤੇ ਦੇਹ ਧਾਰੀ ਗਿਆਨ ਵਾਨ ਦੀ ਸਰਨ ਆਪ ਲਈ ਤੇ ਹੋਰਨਾਂ ਨੂੰ ਪ੍ਰੇਰਨਾਂ ਕੀਤੀ। ਜਿਹਾ ਕਿ ਹਜਰਤ ਇਬ੍ਰਾਹੀਮ ਤੇ ਸੁਆਮੀ ਦਇਆ ਨੰਦ ਹੋਏ ਹਨ ਜਿਨ੍ਹਾਂ ਨੇ ਬੁਤਾਂ ਤੇ ਚੂਹੇ ਚੜਦੇ ਤੇ ਕੁਤੇ ਮੂੰਹ ਚਟਦੇ ਵੇਖ ਆਪਣੀ ਸਰਧਾ ਹਟਾ ਲਈ। ਤਿਵੇਂ ਹੀ ਕਈ ਵਾਰ ਸੁਨਣ ਵਿਚ ਤੇ ਪੜਨ ਵਿਚ ਔਂਦਾ ਹੈ। ਫਲਾਣੇ ਥਾਂ ਗੁਰੂ ਗਰੰਥ ਸਾਹਿਬ ਦੇ ਰੁਮਾਲੇ ਤੇ ਛੱਬੇ ਲਾਹੇ ਗਏ ਤੇ ਬੇਅਦਬੀ ਕੀਤੀ ਗਈ, ਬਾਹਰ ਸੁਟ ਦਿਤਾ ਗਿਆ। ਆਦ ਆਦ।

ਇਹ ਅੰਧ ਵਿਸ਼ਵਾਸ ਹੈ ਕਿ ਛਾਪ ਜਿਲਦ ਬੰਨ੍ਹ ਮੁਲ ਵੱਟ ਮੁਲ ਲੈ ਤੇ ਗਲਤ ਸੁਧ ਕਹਿੰਦਿਆਂ ਫੇਰ ਗਰੰਥ ਸਾਹਿਬ ਨੂੰ ਸਾਡਾ ਗੁਰੂ ਹੈ ਕਹੀ ਜਾਣਾ ਹੀ ਸਹੀ ਅੰਧ ਵਿਸ਼ਵਾਸ ਹੈ।

ਮੈਂ ਇਕ ਪੁਸਤਕ ਛਪੌਣ ਹਿਤ ਅੰਮ੍ਰਿਤਸਰ ਕੁਝ ਦਿਨ ਰਿਹਾ। ਉਸ ਛਾਪੇ ਵਾਲੇ ਨਾਲ ਗਰੰਥ ਸਾਹਿਬ ਦੀ ਗੁਰਤਾ ਬਾਰੇ ਗਲ ਹੋਈ ਤਾਂ ਉਸ ਕਿਹਾ ਭਾਵੇਂ ਮੈਂ 28 ਵਾਰ ਗੁਰੂ ਗਰੰਥ ਸਾਹਿਬ ਜੀ ਨੂੰ ਛਾਪਿਆ ਹੈ ਪਰ ਮੇਰਾ ਨਿਸਚਾ ਨਹੀਂ ਕਿ ਇਹ ਗੁਰੂ ਹੈ ਕਿਉਂਕਿ ਅਸੀਂ ਹਥੀ ਬਣਾ ਵੇਚਦੇ ਹਾਂ ਤੇ ਗਲਤ ਸੁਧ ਕੌਂਦੇ ਹਾਂ ਮੈਨੂੰ ਸ੍ਰੋਮਣੀ ਕਮੇਟੀ ਦੇ ਮਤਹਿਤ ਹੋਣ ਕਰ ਕਹਿਣਾਂ ਤੇ ਗੁਰੂ ਗਰੰਥ ਸਾਹਿਬ ਜੀ ਹੀ ਪੈਂਦੇ। ਉਸ ਕਿਹਾ ਸਚ ਪੁਛੋ ਤਾਂ ਇਹ ਗੁਰੂ ਕਿਵੇਂ ਹੋ ਸਕਦਾ ਹੈ ਜੋ ਬੋਲਦਾ ਨਹੀਂ ਤੇ ਜਾਗਦਾ ਨਹੀਂ। ਇਸ ਨੂੰ ਗੁਰੂ ਕਹਿਣਾਂ ਨਿਰਾ ਅੰਧ ਵਿਸ਼ਵਾਸ ਹੈ। ਅਰਥਾਤ ਜਿਸ ਵਿਚ ਅਸਲੀਅਤ ਕੋਈ ਨ ਹੋਵੇ ਤੇ ਫੇਰ ਵੇਖੋ ਵੇਖੀ ਕਰ ਕਹੀ ਜਾਣਾ ਅੰਧ ਵਿਸ਼ਵਾਸ ਹੈ।

Sri Satguru Jagjit Singh Ji Elibrary NamdhariElibrary@gmail.com

ਸ੍ਰ: ਨਾਹਰ ਸਿੰਘ ਜੀ ਐਮ ਏ ਸਿੰਘ ਸਭੀਏ ਹੁੰਦੇ ਹੋਏ ਆਪ ਹੀ ਲਿਖਦੇ ਹਨ। ਨਾਮਧਾਰੀ ਇਤਿਹਾਸ ਦੇ 297 ਪੰਨੇ ਤੇ ਅੰਮ੍ਰਿਤਸਰ ਦੀ ਹਾਲਤ ਬਾਰੇ ਲਿਖਦਿਆਂ।

"ਸ਼ਹਿਰ ਦੇ ਸਿਖਾਂ ਦੇ ਆਗੂ ਭਾਈ ਪ੍ਰਦੁਮਨ ਸਿੰਘ ਜੀ ਗਿਆਨੀ ਸਨ ਜੋ ਦਰਬਾਰ ਸਾਹਿਬ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ, ਤਾਬੇ ਸ਼ਰਾਬ ਪੀ ਕੇ ਕਥਾ ਕੀਤਾ ਕਰਦੇ ਸਨ। ਬਾਕੀ ਸਭ ਪੇਟ ਪਾਲੂ ਪੁਜਾਰੀ ਗਰੰਥੀ ਅਰਦਾਸੀਏ ਜਾਗੀਰ ਦਾਰ ਤਨਖਾਹ ਦਾਰ ਪਤੀਆਂ ਵਾਲੇ ਨੌਕਰ ਸਨ।" ਕੀ ਇਹ ਅੰਧ ਵਿਸ਼ਵਾਸ ਨਹੀਂ ਜਿਸਦੀ ਤਾਬੇ ਬਾਰੇ ਸ਼ਰਾਬ ਪੀ ਕੇ ਕਥਾ ਕੀਤੀ ਜਾਵੇ ਤੇ ਉਹ ਹੋੜੇ ਰੋਕੇ ਭੀ ਨ ਤੇ ਫੇਰ ਵੀ ਉਸ ਨੂੰ ਪ੍ਰਤਖ ਗੁਰੂ ਕਹੀ ਜਾਣਾ।

ਵਿਕਰੀ ਦੇ ਦੁਖੋਂ ਕਹਿਣਾ ਕਰਤਾਰ ਪੁਰ ਵਾਲੀ ਬੀੜ ਗਲਤ ਹੈ ਤੇ ਦਮਦਮੇ ਵਾਲੀ ਸ਼ੁਧ ਹੈ ਤੇ ਦਮਦਮੇ ਵਾਲੀ ਗਲਤ ਹੈ ਤੇ ਕਰਤਾਰ ਪੁਰ ਵਾਲੀ ਸ਼ੁਧ ਹੈ। ਤੇ ਵਿਕਰੀ ਮੁਲ ਨ ਰਲਣਾਂ ਤੇ ਮਹਿੰਗਾ ਸਸਤਾ ਕਹਿਣਾਂ। ਅੰਧ ਵਿਸ਼ਵਾਸ ਹੀ ਹੈ, ਗੁਰੂ ਗਰੰਥ ਮੰਨਣ ਵਾਲਿਆਂ ਦਾ। ਗੁਰੂ ਬਾਣੀ ਤੇ ਕਹਿੰਦੀ ਹੈ। "ਗੁਰ ਰਸਨਾਂ ਅੰਮ੍ਰਿਤ ਬੋਲਾਂਦੀ। "ਨਉ ਨਿਧਿ ਅੰਮ੍ਰਿਤ ਪ੍ਰਭ ਕਾ ਨਾਮ। ਦੇਹੀ ਮੇ ਇਸ ਕਾ ਬਿਸਰਾਮ। "ਗੁਰ ਸਮਰਥ ਅਪਾਰ ਗੁਰ" "ਗੁਰ ਪਾਰਬ੍ਰਹਮ ਸੋਇ। ਦੂਜਾ ਅਵਰਨ ਕੋਇ।" "ਸਤਿ ਪੁਰਖ ਜਿਨ ਜਾਨਿਆਂ ਸਤਿਗੁਰ ਤਿਸਕਾ ਨਾਉਂ।" ਆਦ ਵਾਕ ਪੜ੍ਹ ਫੇਰ ਵੀ ਗ੍ਰੰਥ ਨੂੰ ਗੁਰੂ ਮੰਨਣਾਂ। ਅੰਧ ਵਿਸ਼ਵਾਸ ਨਹੀਂ ਤੇ ਹੋਰ ਕੀ ਏ। ਸੋ ਜਸਵੰਤ ਸਿੰਘ ਜੀ ਤੇ ਆਪ ਦੇ ਸਭ ਸਾਥੀ ਸਿੰਘ ਸਭੀ ਕਰ ਰਹੇ ਹੋ। ਗੁਰਬਾਣੀ ਵਿਚ ਉਪਰ ਲਿਖੇ ਗੁਰਵਾਕ ਪੜ੍ਹਦਿਆਂ ਭੀ। ਗੁਰ ਰਸਨਾਂ ਅੰਮ੍ਰਿਤ ਬੋਲਾਂਦੀ ਆਦ।

ਜੋ ਤਖਤਾਂ ਤੋਂ ਖਾਰਜ ਤੇ ਸਿਖੀ ਮੰਡਲ ਵਿਚੋਂ ਖਾਰਜ ਦੇ ਹੁਕਮ ਨਾਮੇ ਕੂਕਿਆਂ ਵਿਰੁਧ ਲਿਖਦੇ ਸਨ। ਜਸਵੰਤ ਸਿੰਘ ਜੀ ਉਸ ਦਾ ਉਤਰ ਤੇ ਨਿਰਨਾਂ ਜਸਵੰਤ ਸਿੰਘ ਜੀ ਦੇ ਲਿਖੇ ਵਿਚੋਂ ਹੀ ਦੇਂਦੇ ਹਾਂ। ਇਸ ਪੁਸਤਕ ਵਿਚੋਂ।

Sri Satguru Jagjit Singh Ji Elibrary NamdhariElibrary@gmail.com

# ਸੰਤ ਖਾਲਸੇ ਦੀ ਸਾਜਨਾਂ ਤੇ ਪਰਚਾਰ

ਤਲੇ ਪ: ਛ: ਪੰਜਵਾਂ ਦ: ਚੌਂ ਪੰਨਾਂ। 13 —ਤੇ 16।

"ਸਿਖ ਰਾਜਸੀ ਤੋਰ ਤੇ ਅੰਗਰੇਜ਼ਾਂ ਦੇ ਅਧੀਨ ਹੋਣ ਦੇ ਨਾਲ ਆਤਮਕ ਤੇ ਮਾਨਸਕ ਤੋਰ ਤੇ ਭੀ ਗੁਲਾਮ ਹੋ ਗਏ । ਸਿਖ ਕਲਗੀਆਂ ਵਾਲੇ ਦਸ਼ਮੇਸ਼ ਪਿਤਾ ਦੀ ਚਲਾਈ ਹੋਈ ਅੰਮ੍ਰਿਤ ਰੀਤ ਨੂੰ ਭੁਲ ਬੈਠੇ ਸਨ। ਸਿਖਾਂ ਵਿਚ ਉਹ ਸਾਰੇ ਵਹਿਮ ਤੇ ਕੁਰੀਤੀਆਂ ਆ ਗਈਆਂ ਸਨ ਜਿਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਅਨੇਕ ਘਾਲਨਾਂ ਘਾਲ ਦੂਰ ਕੀਤਾ ਸੀ। ਅਕਾਲ ਤਖਤ, ਅੰਮ੍ਰਿਤਸਰ, ਕੇਸ ਗੜ੍ਹ ਸਾਹਿਬ, ਅਨੰਦਪੁਰ ਆਦ ਥਾਵਾਂ ਤੇ ਅੰਮ੍ਰਿਤ ਪ੍ਰਚਾਰ ਹੁੰਦਾ ਸੀ ਪਰੰਤੂ ਏਨਾ ਤਖਤਾਂ ਦਾ ਪ੍ਰਬੰਧ ਪੁਜਾਰੀਆਂ ਦੇ ਹੱਥ ਵਿਚ ਹੋਣ ਕਰਕੇ ਉਹਨਾਂ ਨੇ ਆਪਣੇ ਸੁਆਰਥ ਨੂੰ ਮੁਖ ਰਖ ਕੇ ਅਸਲ ਅੰਮ੍ਰਿਤ ਮਰਿਯਾਦਾ ਵਿਚ ਕਈ ਤਬਦੀਲੀਆਂ ਕਰ ਲਈਆਂ ਸਨ।

(ਪ: ਛ: 46 ਪੰਨਾਂ ਦ ਛ: 50 ਪੰਨਾ ਤੇ ਆਪ ਨਾ ਮਿਲਵਰਤਨ ਲਹਿਰ ਵਾਰ ਲਿਖਦੇ ਹਨ)

"ਪੰਜਾਬੀ ਸਿਖ ਬਿਲਕੁਲ ਨਿਘਰ ਗਏ ਸਨ" ਤੇ ਸਿਖ ਕੋਮ ਦਿਨੋਂ ਦਿਨ ਢਹਿੰਦੀਆਂ ਕਲਾਂ ਵਿਚ ਜਾ ਰਹੀ ਸੀ।" ਜਸਵੰਤ ਸਿੰਘ ਜੀ ਜਦ ਆਪ ਹੀ ਇਸ ਤਰਾਂ ਦੀ ਸਿਖਾਂ ਦੀ ਤੇ ਪੁਜਾਰੀਆਂ ਦੀ ਹਾਲਤ ਲਿਖਦੇ ਹਨ ਤਾਂ ਸਤਿਗੁਰੂ ਜੀ ਤੇ ਉਹਨਾਂ ਦੇ ਸਿਖਾਂ ਨੂੰ ਸਿਖੀਉਂ ਖਾਰਜ ਕਰਨ ਵਾਲਾ ਕੌਣ ਹੋ ਸਕਦਾ ਸੀ । ਉਹ ਜੋ ਆਪ ਹੀ ਲਿਖਦੇ ਹਨ ਅਸਲੀ ਅਮਰਤ ਦੀ ਮਰਜਾਦਾ ਨੂੰ ਭੁਲ ਬੈਠੇ ਸੀ ਤੇ ਮਨ ਮਰਜੀ ਦੀਆਂ ਕੲੀ ਤਬਦੀਲੀਆਂ ਜਿੰਨ੍ਹਾਂ ਕਰ ਲਈਆਂ ਸੀ ਜੋ ਆਤਮਕ ਤੇ ਮਾਨਸਕ ਤੌਰ ਤੇ ਗੁਲਾਮ ਹੋ ਗਏ ਸੀ ਦਸਮ ਜੀ ਦੀ ਮਰਜਾਦਾ ਨੂੰ ਭੁਲਾਂ ਜਿਵੇਂ ਉਪਰ ਲਿਖਿਆ ਹੈ ਤਾਂ ਉਹ ਕਿਵੇਂ ਤਨਖਾਹੀ ਕਰ ਸਕਦੇ ਸੀ, ਪਰ ਏਥੇ ਨਾਮਧਾਰੀ ਨੂੰ ਤਨਖਾਹੀਏ ਲਿਖਨਾਂ ਸੀ ਤਾਂ ਉਹਨਾਂ ਵਲੋਂ ਹੀ ਆਪ ਹੋਰਾਂ ਕੂਕਿਆਂ ਨੂੰ ਤਨਖਾਹੀਏ, ਲਿਖ ਪਾਠਕਾਂ ਨੂੰ ਟਪਲਾ ਲਾਇਆ ਹੈ। ਵਾਹ ਜਸਵੰਤ ਸਿੰਘ ਜੀ ਤੁਸੀਂ

Sri Satguru Jagjit Singh Ji Elibrary NamdhariElibrary@gmail.com

ਆਪਣਾਂ ਲਿਖਿਆ ਤੇ ਵੇਖ ਕੇ ਲਿਖਣਾਂ ਸੀ । ਇਸ ਖਿਆਲ ਨੂੰ ਮੁਖ ਰਖਦਿਆਂ ਹੋਇਆਂ ਬਾਬਾ ਰਾਮ ਸਿੰਘ ਜੀ ਨੇ ਪਿੰਡ ਮਦੀਰ, ਜ਼ਿਲਾ ਫੀਰੋਜ਼ ਪੁਰ ਦੇ ਇਕ ਸਿਖ ਪ੍ਰੇਮੀ ਸਿਖ ਵਿਦਵਾਨ ਭਾਈ ਰਾਇ ਸਿੰਘ ਨੂੰ ਹਜੂਰ ਸਾਹਿਬ ਭੇਜਿਆ ਜਾ ਕੇ ਅਸਲੀ ਰਹਿਤ ਮਰਜਾਦਾ ਨੂੰ ਲਿਖ ਲਿਉਣ ਲਈ ਹੁਕਮ ਦਿੱਤਾ।"

ਵਾਹ ਜਸਵੰਤ ਸਿੰਘ ਜੀ ਆਪ ਹੀ ਲਿਖਦੇ ਹੋ । "ਅਨੇਕਾਂ ਰੋਲਵੇਂ ਸਰਦਾਰਾਂ ਤੇ ਰਿਆਸਤੀ ਰਜਵਾੜਿਆਂ ਨੇ ਆਪਣਾ ਬਚਾਅ ਅੰਗਰੇਜ਼ ਨੀਤੀ ਨੂੰ ਅਪਨਾਉਣ ਵਿਚ ਸਮਝ ਲਿਆ ਸੀ। ਤੇ ਕਿਸੇ ਸਰਕਾਰ ਦੇ ਵਿਰੋਧੀ ਪੈਦਾ ਹੋਣ ਵਾਲੇ ਕੌਮੀ ਖਿਆਲ ਨੂੰ ਕੁਚਲ ਦੇਣਾਂ ਆਪਣਾਂ "ਫਰਜ ਸਮਝਣ ਲਗ ਪਏ ਸਨ" । ਵੇਖੋ ਏਸੇ ਪੁਸਤਕ ਦਾ 13-15 ਤੇ 144-45 ਪੰਨਾਂ । ਇਹ ਆਪ ਦੇ ਲਿਖੇ ਅਖਰ ਹਨ ਕਿ ਨਹੀਂ ਜੋ ਅਸਾਂ ਉਪਰ ਦਿਤੇ ਹਨ । ਪੁਜਾਰੀਆਂ ਤੇ ਤਖਤਾਂ ਵਾਲਿਆਂ ਤੇ ਵਡੇ ਛੋਟੇ ਸਿਖਾਂ ਬਾਬਤ। ਜਿਨ੍ਹਾਂ ਨੂੰ ਆਪ ਹੀ ਸਿਖੀਉਂ ਗਿਰੇ ਹੋਏ ਲਿਖਦੇ ਸੋ ਤੇ ਗੁਲਾਮ ਹੋਏ ਹਰ ਤਰ੍ਹਾਂ ਦੇ ਲਿਖਦੇ ਹੋ । ਤਾਂ ਅਸਲ ਮਰਜ਼ਾਦਾ ਹਜੂਰ ਸਾਹਿਬੋਂ ਆਂਦੀ ਦਲਾਣ ਵਾਲੇ ਸਤਿਗੁਰੂ ਜੀ ਤੇ ਉਹਨਾਂ ਦੇ ਸਿਖ ਕਿਵੇਂ ਸਿਖੀਉਂ ਖਾਰਜ ਹੋ ਸਕਦੇ ਹਨ।

"ਤ੍ਰਿਣ ਉਹਲੇ ਲਾਖ ਛਪਾਇਆ" ਗੁਰ ਵਾਕ ਆਪ ਹੀ ਪੂਰਾ ਕਰ ਸਕਦੇ ਹੋ ਅਰਥਾਤ ਏਡਾ ਅਨਰਥ ਬੋਲ ਤੇ ਲਿਖ ਸਕਦੇ ਹੋ।

ਤੇ ਆਪ ਹੀ ਪ:ਛ (ਘ) ਪੰਨੇ ਤੇ ਦੁ: 147 ਪੰਨੇ ਤੇ ਲਿਖਦੇ ਹੋ।

"ਡੇਰਿਆਂ ਦੇ ਮਹੰਤਾਂ ਅਤੇ ਗੁਰਦੁਆਰਿਆਂ ਦੇ ਪੁਜਾਰੀਆਂ ਨਾਲ ਵੀ ਕੂਕਿਆਂ ਦੀ ਕੋਈ ਸਾਂਝ ਨ ਸੀ। ਉਂਜ ਵੀ ਜਦ ਕਦੀ ਮੌਕਾ ਬਣੇ ਅੰਗਰੇਜ਼ ਸਰਕਾਰ ਉਹਨਾਂ ਨੂੰ ਕੂਕਿਆਂ ਦੇ ਵਿਰੁਧ ਹਥ ਠੋਕਾ ਬਣਾ ਕੇ ਵਰਤ ਲੈਂਦੀ ਸੀ ।" ਤਾਂ ਆਪ ਹੀ ਦਸੋ ਇਹ ਸਰਕਾਰ ਦੇ ਹਥ ਠੋਕੇ ਆਪ ਤਨਖਾਹੀ ਸੀ ਕਿ ਨਾਮ ਧਾਰੀ ਤੇ ਸ੍ਰੀ ਸਤਿ ਗੁਰੂ ਰਾਮ ਸਿੰਘ ਜੀ ਜਿਨ੍ਹਾਂ ਨੂੰ ਆਪ "ਗੁਰਮਤ ਗੁਧੀ ਬਖਸੀ ਅਤ" ਲਿਖਦੇ ਹੋ। ਇਹ ਉਪਰ ਦਿਤੇ ਆਪ ਦੇ ਅੱਖਰ ਤੇ ਨਾਮਧਾਰੀਆਂ ਨੂੰ ਤਨਖਾਹੀ ਲਿਖਣਾਂ ਪੜ੍ਹ ਆਪੇ ਪਿਆ ਜਾਪਈ ਸਚਹੁ ਉਰੈ ਸਭਕੋ ਉਪਰਿ ਸਚ

Sri Satguru Jagjit Singh Ji Elibrary NamdhariElibrary@gmail.com

ਅਚਾਰਿ । ਅਰਥਾਤ ਕੂਕੇ ਨ ਸੀ ਤਨਖਾਹੀ ਉਹ ਹੀ ਸੀ ਜਿਨ੍ਹਾਂ ਵਲੋਂ ਆਪ ਲਿਖਦੇ ਹੋ ਜਾਂ ਆਪ ਜੈਸੇ ਸਰਕਾਰੀ ਸਿੱਖ ।

ਜਿਨ੍ਹਾਂ ਨੂੰ ਆਪ ਹੀ ਸਤਿ ਗੁਰੂ ਰਾਮ ਸਿੰਘ ਜੀ ਦੀ ਜ਼ਬਾਨੀ ਇਸੇ ਪੁਸਤਕ ਦੇ 59 ਪੰਨੇ ਤੇ ਲਿਖਦੇ ਹੋ । ਜਸਵੰਤ ਸਿੰਘ ਜੀ "ਕਿਡੀ ਹਾਸੋ ਹੀਣੀ ਗਲ ਹੈ । ਕਿ ਤੁਸੀਂ ਸਿੱਖ ਧਰਮ ਦੇ ਠੇਕੇਦਾਰ ਬਣੇ ਫ਼ਿਰਦੇ ਹੋ ਪ੍ਰੰਤੂ ਸਾਰੇ ਐਬ ਕਰਦੇ ਹੋ, ਤੁਸੀਂ ਮਾਸ ਖਾਂਦੇ ਹੋ ਸ਼ਰਾਬ ਪੀਂਦੇ ਹੋ ਝੂਠ ਬੋਲਦੇ ਬਦਮਾਸ਼ੀਆਂ ਕਰਦੇ ਅਤੇ ਕੁੜੀਆਂ ਮਾਰਦੇ ਹੋ ਜੋ ਗੁਰਮਤ ਦੇ ਬਿਲਕੁਲ ਉਲਟ ਹੈ । ਇਸ ਲਈ ਅਸੀਂ ਕੂਕੇ ਤੁਹਾਨੂੰ ਸਿੱਖ ਨਹੀਂ ਸਮਝਦੇ ।"

ਪਰ ਅਫ਼ਸੋਸ ਐਸੇ ਬਦਚਲਨਾਂ ਤੋਂ ਤੁਸੀਂ ਫ਼ਤਵੇ ਕੂਕਿਆਂ ਨੂੰ ਦਿਤੇ ਸਰੇ ਲਿਖਦੇ ਹੋ ਕੀ ਉਪਰ ਲਿਖੇ ਸਭ ਅਖਰ ਆਪ ਜੈਸਿਆਂ ਤੇ ਹੀ ਪੂਰਾ ਨਹੀਂ ਘਟਦੇ । ਮਿਹਰਬਾਨ ਕੁਝ ਸੋਚੋ ਤੇ ਆਪਣਾਂ ਹੀ ਚੇਹਰਾ ਦੇਖੋ ਇੰਜ ਹਾਸੋ ਹੀਣੀ ਪਦਵੀ ਆਪ ਤੇ ਹੀ ਤੇ ਨਹੀਂ ਘਟਦੀ ।

(4) ਜੋ ਸਤਿਗੁਰੂ ਜੀ ਸਮਾਜਕ ਰੀਤਾਂ ਨੂੰ ਆਪ ਦੇ ਦਿਰਸ਼ਟੀ ਕੋਣ ਤੋਂ ਵੇਖ ਕੇ ਛੁਟਿਆਇਆ ਤੇ ਵਡਿਆਇਆ । ਉਸ ਦਾ ਉਤਰ ਤੇ ਨਿਰਨਾ ਕਰਦੇ ਹਾਂ ।

ਇਸ ਬਾਬਤ ਇਤਿਹਾਸ ਗਵਾਹ ਹੈ ਕਿ ਸਭ ਗੁਰੂ ਸਾਹਿਬਾਂ ਨੇ ਆਪੋ ਆਪਣੇ ਦਰਿਸ਼ਟੀ ਕੋਣ ਤੋਂ ਛੁਟਿਆਇਆ ਤੇ ਵਡਿਆਇਆ ਹੈ । ਸਮਾਜਕ ਰੀਤਾਂ ਨੂੰ । ਜਿਹਾ ਕਿ ਗੁਰੂ ਨਾਨਕ ਜੀ ਮਰਦਾਨੇ ਨੂੰ ਮਰਨ ਬਾਦ ਸਤਨ ਤੇ ਮਨਾਇਆ ਸੀ । ਜਿਵੇਂ ਆਪ ਨੇ ਸਭ ਦੇਸ਼ਾਂ ਦੇ ਰਟਨ ਵਿਚ ਕਿਸੇ ਨੂੰ ਆਪਣਾਂ ਮਜ਼ਬ ਬਦਲਨ ਦੀ ਜਰੂਰੀ ਪ੍ਰੇਰਨਾ ਦਿਤੀ ਸੀ । ਪਰ ਮਰਦਾਨੇ ਨੂੰ ਉਹਨਾਂ ਇਹ ਕਿਉਂ ਸੜਨਾ ਮਨਾਇਆ । ਗੁਰੂ ਹਰਿ ਰਾਇ ਜੀ ਨੂੰ ਗੁਰ ਹਰਿ ਗੋਬਿੰਦ ਜੀ ਫੋਜ ਭੀ ਰਖਣੀ ਕਹੀ ਤੇ ਲੜਨਾਂ ਭੀ ਨਹੀਂ ਕਹਿ ਦਿਤਾ ਹੋਇਆ ਸੀ । ਗੁਰੂ ਹਰਿ ਕ੍ਰਿਸ਼ਨ ਜੀ ਕਿਉਂ ਤੁਰਕ ਦੇ ਮਥੇ ਲਗਨਾਂ ਮੰਦਾ ਜਾਣਾ । ਜਦ ਗੁਰੂ ਨਾਨਕ ਜੀ ਮਰਦਾਨੇ ਤੇ ਗੁਰੂ ਅਰਜਨ ਦੇਵ ਜੀ ਮੀਆਂ ਮੀਰ ਨਾਲ ਇਤਨਾਂ ਪਿਆਰ

ਕਰਦ ਰਹੇ ਸੀ। ਦਸਮ ਜੀ ਕਿਉਂ ਖਾਲਸੇ ਦਾ ਸਾਜਨਾ ਨੌਵਾਂ ਗੁਰੂਆਂ ਤੋਂ ਵਿਲਖਨ ਕੀਤੀ। ਤੇ ਚਰਨ ਪਹੁਲ ਦੇ ਥਾਂ ਖੰਡੇ ਦਾ ਅੰਮਰਿਤ ਜਾਰੀ ਕੀਤਾ । ਤੇ ਜੋ ਜਾਤੀਆਂ ਰਲ ਛਕ ਸਕਦੀਆਂ ਸੀ ਉਹਨਾਂ ਨੂੰ ਹੀ ਅਮਰਤ ਛਕਾਇਆ। ਪੰਜ ਪਿਆਰੇ ਕਿਹਾ ਤੇ ਚੌਥੇ ਵਰਨ ਤੋਂ ਮਜਬੀ ਬਨਾਂਦੇ ਤੇ ਵਿਆਹ ਰੀਤੀ ਸਨਾਤਨ ਹੀ ਰਖੀ। ਤੇ ਹੋਲੀਆਂ ਤੋਂ ਹੋਲਾ ਕਿਉਂ ਟੋਰਿਆ । ਪ੍ਰਲਾਦ ਜੀ ਤੇ ਗੁਰੂ ਗਿਆਰਵੇ ਦਾ ਯਾਦ ਦਿਹਾੜਾ। ਇਸ ਦਾ ਅਰਥ ਇਹੋ ਨਿਕਲੇਗਾ ਕਿ ਸਭ ਗੁਰੂ ਸਾਹਿਬ ਸਮੇਂ ਸਮੇਂ ਨਾਲ ਆਪੋ ਆਪਣੇ ਦਰਿਸ਼ਟੀ ਕੋਣ ਤੋਂ ਸਮਾਜਕ ਰੀਤਾਂ ਅਪਣਾਂਦੇ ਰਹੇ ਹਨ।

ਜ਼ਮਾਨਾ ਵਿਰੋਧ ਜ਼ਰੂਰ ਕਰਦੇ ਕਿਉਂ ਕੇ । ਜੈਤਾ ਰੋਗੀ ਹੁੰਦੀ ਏ ਤੇ ਗੁਰੂ ਵੈਦ ਦੀ ਗਤਿ ਨੂੰ ਨਹੀਂ ਜਾਣ ਸਕਦੀ ਇਸ ਲਈ ਵਿਰੋਧ ਕੁਪਥ ਕਰਦੀ ਹੈ।

---

# ਹਿੰਦੂ ਰਸਮਾਂ ਹਵਨ ਕਰਨਾ, ਵੇਦੀ ਵਿਆਹ ਸਮੇਂ ਕਿਰਿਆ ਕਰਮ ਜਿਉਂ ਕਿ ਤਿਉਂ ਦਾ ਉਤਰ ਤੇ ਨਿਰਨਾਂ

ਗੁਰਮਤ ਅਨੁਸਾਰ ਹਵਨ ਦਾ ਹੋਣਾਂ ਸੁਕਾਰਜਾਂ ਵਿਚ ਗੁਰਬਾਣੀ ਵਿਚ ਪ੍ਰਵਾਨ ਹੈ। ਜਿਹਾ ਕਿ "ਤਿਤ ਘਿਇ ਹੋਮ ਜਗ ਸਦ ਪੂਜਾ ਪਾਇਐ ਕਾਰਜੁ ਸੋ ਹੈ," ।

ਵਾਰ ਮਾਝ ਸਲਕ ਮਹਲਾ ੧

"ਹੋਮ ਜਗ ਨਈ ਵੇਦ ਕਰ ਸਭ ਕਾਰਜ ਕਰਨਾ" ।

ਭਾਈ ਗੁਰਦਾਸ ਜੀ ਵਾਰ ਦੂਜੀ।

Sri Satguru Jagjit Singh Ji Elibrary NamdhariElibrary@gmail.com

"ਫਿਰ ਜਗ ਹੋਮ ਠਹਿਰਾਏ ਕਰ ਨਿਜ ਧਰਮ ਸਵਾਰਾ"।

ਇਹ ਦਸਮ ਜੀ ਦੇ ਹਜ਼ੂਰੀ ਕਵੀ ਗੁਰਦਾਸ ਦੀ ਰਚਨਾਂ ਵਿਚੋਂ ਹੈ ਇਹ ਇਕੀਵੇਂ ਕਵੀ ਸੀ ਮਹਾਨ ਕੋਸ਼ ਅਨੁਸਾਰ।

ਤੇ ਹਵਨ ਬਾਬਤ।

ਯਹ ਤੋ ਧਰਮ ਹਮਾਰਾ ਸਾਰ।
ਕਰਤ ਨ੍ਰਿਪ ਮੁਨ ਪੁਨ ਅਵਤਾਰ।
ਤਾਂ ਤੇ ਹਮ ਭੀ ਕਰਨਾਂ ਚੈ ਹੈ।
ਜਾ ਤੇ ਸਭ ਸਰਿਸ਼ਟੀ ਸੁਖ ਪੈਹੈ।

(ਸੂਰਜ ਪ੍ਰਕਾਸ਼)

ਵੇਦ ਦੇ ਥਾਂ ਗੁਰਬਾਣੀ ਨਮਿਤ ਦਾ ਸੋਖ ਗੁਰੂ ਸਾਹਿਬਾਂ ਕਰ ਹੀ ਦਿਤਾ ਹੋਇਆ ਸੀ। ਵੇਦੀ ਜਿਸ ਵਿਚ ਵੇਦ ਉਚਾਰਣ ਕੀਤਾ ਜਾਵੇ। ਜੈਸੇ "ਨਾਭ ਕਮਲ ਮੈ ਬੇਦੀ ਰਚ ਲੈ।" ਗਰੰਥ ਸਾਹਿਬ ਵਿਚ ਲਿਖਿਆ ਹੈ ਤੇ ਸਭ ਗੁਰੂਆਂ ਦੇ ਵਿਆਹਾਂ ਵਿਚ ਵੇਦੀ ਦਾ ਗਡਣਾਂ ਲਿਖਿਆ ਹੋਇਆ ਹੈ। ਜੋ ਕਮੀ ਸੀ ਸੋ ਸਤਿ ਗੁਰੂ ਰਾਮ ਸਿੰਘ ਜੀ ਵੇਦ ਦੇ ਥਾਂ ਗੁਰਬਾਣੀ ਵਿਚੋਂ ਲਾਵਾਂ ਪੜ੍ਹ ਪੂਰੀ ਕਰ ਦਿਤੀ। ਜੋ ਸਜਨ ਨਿਰੰਕਾਰੀਆਂ ਆਦਿ ਵਲੋਂ ਵਿਆਹ ਰੀਤ ਪ੍ਰਚਲਤ ਕੀਤੀ ਕਿਤੇ ਕਿਤੇ ਲਿਖ ਦਸਦੇ ਹਨ ਉਹ ਇਹ ਨਹੀਂ ਦਸਦੇ ਕਿ ਕਿਵੇਂ ਮਰਜਾਦਾ ਕੀਤੀ। ਵੇਦੀ ਗਡੀ ਕਿ ਨ ਫੇਰੇ ਸਜਿਉ ਕੀਤੇ ਕਿ ਖਬਿਉ ਟੋਰ ਕੇ ਕਿ ਬੈਠਿਆਂ। ਸਤਿ ਗੁਰੂ ਜੀ ਨੇ ਲਾਵਾਂ ਉਚਾਰਨ ਕੀਤੀਆਂ ਦਾ ਸਬੂਤ ਦੇ ਇਹ ਮਰਜਾਦਾ ਪ੍ਰਚਲਤ ਕੀਤੀ ਸੀ ਹੋਰ ਆਗੇ ਆਉਣ ਸਮੇਂ ਤੇ ਕਿਹਾ ਸੀ ਆਪਣੀ ਹਟ ਤੇ ਵਸਤ ਦਾ ਮਾਲਕ ਜਦ ਚਾਹੇ ਹਟ ਚੋਂ ਵਸਤ ਕਢ ਵਰਤ ਸਕਦਾ ਹੈ ਤੇ ਅਸੀਂ ਮਾਲਕ ਹਾਂ। ਵੇਖੋ ਰਪੱਟ ਖੋਟਿਆਂ ਦੇ ਹੋਲ ਤੇ ਕੀਤੇ ਅਨੰਦ ਵਿਆਹਾਂ ਦਾ ਸਾਰਾ ਮੁਕਦਮਾਂ ਤੇ ਸਤਿ ਗੁਰੂ ਜੀ ਦਾ ਉਤਰ।

ਸਤਿ ਗੁਰੂ ਬਿਲਾਸ ਸੰਤ ਸੰਤੋਖ ਸਿੰਘ ਜੀ ਲਿਖਤ

Sri Satguru Jagjit Singh Ji Elibrary NamdhariElibrary@gmail.com

# "ਕਿਰਿਆ ਕਰਮ ਕਰਨ ਆਦਿ ਨੂੰ ਜਿਉਂ ਦਾ ਤਿਉਂ ਪ੍ਰਚਲਤ ਰਹਿਣ ਦਿਤਾ।"

ਜੋ ਲਿਖਿਆ ਹੈ ਜਸਵੰਤ ਸਿੰਘ ਜੀ ਨੇ ਪਾਠਕਾਂ ਨਾਲ ਬੜੀ ਤੇਜ਼ ਉਸਤਾਦੀ ਕੀਤੀ ਹੈ। ਕਿਉਂਕਿ ਇਸ ਕਿਰਿਆ ਕਰਮ ਬਾਰੇ ਨਾਮਧਾਰੀ ਪੰਥ ਗਰੰਥ ਸਾਹਿਬ ਜੀ ਦੇ ਪਾਠ ਤੇ ਗਰੰਥ ਸਾਹਿਬ ਦੇ ਹਜ਼ੂਰ ਕੜਾਹ ਪ੍ਰਸਾਦ ਕਰਨ ਤੋਂ ਉਪਰ ਤੇ ਸਿਖਾਂ ਨੂੰ ਪ੍ਰਸਾਦ ਛਕਾਣ ਤੋਂ ਉਪਰ ਕੁਝ ਨਹੀਂ ਕਰਦੇ। ਪਿੰਡ ਪਤਲ ਆਦ ਹਿੰਦੂ ਕਰਮ ਕੋਈ ਨਹੀਂ ਕਰਦੇ ਜੋ ਹਿੰਦੂਆਂ ਵਾਂਗੂੰ ਕਰਦੇ ਹਨ ਲਿਖਿਆ ਹੈ ਕੋਰਾ ਝੂਠ ਬੋਲਿਆ ਹੈ। ਹਾਂ, ਇਹ ਅਸੀਂ ਮੰਨਦੇ ਹਾਂ ਆਦ ਕੌਮ ਸਾਡੀ ਹਿੰਦੂ ਹੈ ਤੇ ਮਜ਼ਬ ਪੰਥ ਨਾਮਧਾਰੀ ਹੈ। ਹਾਂ ਜੋ ਅੰਗਰੇਜ਼ ਤੋਂ ਸਿਖੀ ਕੋਈ ਅੰਜੀਲੀ ਮਰਜਾਦਾ ਜਾਂ ਰੀਤ ਕੋਈ ਜਸਵੰਤ ਸਿੰਘ ਜੀ ਜੇਹੇ ਕਰਦੇ ਹਨ ਤੇ ਉਸ ਨੂੰ ਗੁਰ-ਮਤ ਕਹਿੰਦੇ ਹਨ ਤਾਂ ਉਸ ਤੋਂ ਅਸੀਂ ਜ਼ਰੂਰ ਵਖਰੇ ਹਾਂ। ਗੁਰੂ ਅਰਜਨ ਦੇਵ ਜੀ ਦੀ ਟੋਰੀ ਮਰਜਾਦਾ ਪਾਠ ਭੋਗ ਤੇ ਕੜਾਹ ਪ੍ਰਸਾਦ ਦੀ ਤੇ ਮਰਜਾਦਾ ਜ਼ਰੂਰ ਕਰਦੇ ਹਾਂ। ਤੇ ਫੂਲ ਅਸਤੀਆਂ ਕਿਤੇ ਹਰ ਦੁਆਰ ਨਹੀਂ ਜਾ ਪਾਂਦੇ।

(7) ਅਤੇ ਇਹ ਕੰਮ ਬਾਦ ਵਿਚ ਸਿੰਘ ਸਭਾ ਲਹਿਰ ਨੂੰ ਕਰਨਾ ਪਿਆ ਪਹਿਲੀ ਛਾ: ਤੇ ਦੂ: ਛਾ: ਅਤੇ ਏਨਾਂ ਨੂੰ ਸੋਧਣ ਦਾ ਕੰਮ ਬਾਅਦ ਵਿਚ ਸਿੰਘ ਸਭਾ ਲਹਿਰ ਨੂੰ ਕਰਨਾ ਪਿਆ। ਪੰਨਾ 146

ਹਾਂ ਅਸੀਂ ਭੀ ਮੰਨਦੇ ਹਾਂ। ਜੋ ਨਾਮਧਾਰੀਆਂ ਕੰਮ ਨ ਕੀਤਾ ਅੰਗਰੇਜ਼ ਦੇ ਆਖੇ ਲਗ (ਪਾੜੋ ਤੇ ਰਾਜ ਕਰੋ) ਦੀ ਨੀਤੀ ਨ ਅਪਨਾਈ। ਨ ਪੂਰੀ ਕੀਤੀ। ਉਹ ਏਹਨਾਂ ਕੀਤਾ।

---

# ਹਮ ਹਿੰਦੂ ਨਹੀਂ

ਭਾਈ ਕਾਹਨ ਸਿੰਘ ਜੀ ਨਾਭਾ। ਸੁਧੀ ਪ੍ਰਚਾਰ ਤੇ ਗੁਰਮਤ ਮੰਡਨ ਤੇ

Sri Satguru Jagjit Singh Ji Elibrary NamdhariElibrary@gmail.com

ਮੂਰਤੀ ਪੂਜਾ ਖੰਡਨ ਆਦ ਗਿਆਨੀ ਦਿਤ ਸਿੰਘ ਜੀ ਲਿਖ ਜੋ ਕੰਮ ਕੀਤਾ ਹਿੰਦੂ ਤੇ ਸਿਖਾਂ ਦੀ ਵਿਥ ਵਧਾਈ। ਤੇ ਭਾਈ ਕਰਮ ਸਿੰਘ ਜੀ ਕਤਕ ਕਿ ਵੈਸਾਖ ਲਿਖ ਬਾਲਾ ਹੀ ਨਹੀਂ ਹੋਇਆ ਤੇ ਕਤਕ 'ਚ ਗੁਰੂ ਨਾਨਕ ਦਾ ਪ੍ਰਕਾਸ਼ ਨਹੀਂ ਹੋਇਆ ਤੇ ਜੋਰ ਲਾਇਆ ਪਰ ਬਾਲਾ ਤੇ ਕਤਕ ਦਾ ਗੁਰੂ ਨਾਨਕ ਦਾ ਪ੍ਰਕਾਸ਼ ਬਦਲ ਨ ਸਕੇ। ਹਾਂ ਤਰੇੜ ਜਰੂਰ ਬਹੁਤ ਵਧਾਈ।

ਜਿਸ ਹਿੰਦੂ ਧਰਮ ਦੀ ਖਾਤਰ ਗੁਰੂ ਤੇਗ ਬਹਾਦਰ ਜੀ ਦਿਲੀ ਜਾ ਸੀਸ ਦਿਤਾ ਸੀ ਤੇ ਦਸਮ ਜੀ ਪ੍ਰਮੇਸ਼ਵਰ ਪਾਸੋਂ ਮੰਗਿਆ। "ਜਗੇ ਧਰਮ ਹਿੰਦਕ ਉਰਗ ਦੋਤੀ ਵਿਚ ਉਸ ਵਲੋਂ ਸਿਖਾਂ ਨੂੰ ਮੁਨਕਰ ਕੀਤਾ। ਉਸੇ ਗੁਰੂ ਦੇ ਸਿਖਾਂ ਨੂੰ ਆਪੋ ਵਿਚ ਦੂਰ ਕੀਤਾ। ਦੇਹਧਾਰੀ ਗੁਰੂ ਦਾ ਮੰਨਣਾ ਜੋ ਗੁਰੂ ਨਾਨਕ ਤੋਂ ਚਲਿਆ ਔਂਦਾ ਸੀ ਉਸ ਵਲੋਂ ਸਿਖਾਂ ਨੂੰ ਮੁਨਕਰ ਕੀਤਾ। ਜੋ ਆਖੋ ਲਗੇ। ਤੇ ਜੁਗ ਜੁਗ ਰਾਜ ਸਵਾਇਆ ਟੋਪੀ ਵਾਲੇ ਦਾ ਸਿਖਾਂ ਤੋਂ ਗੁਰਦੁਆਰਿਆਂ ਵਿਚ ਪੜਾਇਆ ਭਾਵੇਂ ਦੇਹਧਾਰੀ ਗੁਰੂ ਦਾ ਮੰਨਣਾ ਤੇ ਅੰਗਰੇਜ਼ ਦਾ ਰਾਜ ਜਾਗਰਤੀ ਆਏ ਇਹਨਾਂ ਦੇ ਜੋਰ ਲਾਇਆਂ ਚਲਾ ਗਿਆ। ਪਰ ਅੰਗਰੇਜ਼ ਦੇ ਹੱਕ ਵਿਚ ਜੋਰ ਲਾਣ ਦਾ ਇਹ ਕੰਮ ਸਿੰਘ ਸਭਾ ਨੂੰ ਠੀਕ ਕਰਨਾ ਪਿਆ ਭਾਵੇਂ ਇਸ ਨੂੰ ਸੋਧਣ ਦਾ ਕਹਿ ਲੋ ਤੇ ਭਾਵੇਂ ਵਿਰੋਧਨ ਦਾ ਕਹਿ ਲੋ ਕੰਮ ਇਹ ਠੀਕ ਸਿੰਘ ਸਭਾ ਨੂੰ ਹੀ ਕਰਨਾ ਪਿਆ।

---

# ਸਤਿ ਗੁਰੂ ਰਾਮ ਸਿੰਘ ਜੀ 1928 ਬਿ: 7 ਮਾਘ ਨੂੰ ਬਦੇਸ਼ ਗਏ ਤੇ

ਬਾਦ ਨੌ ਮਹੀਨੇ ਅਸੂਵਦੀ ਦਸਵੀ 1928 ਨੂੰ ਸਿੰਘ ਸਭਾ ਬਣੀ ਅੰਗ੍ਰੇਜ਼ ਇਸ ਦੇ ਸਰਪ੍ਰਸਤ। ਸਰ ਰਾਬਰਟ ਈਜਟਰਨ ਲਾਟ ਸਾਹਿਬ ਪੰਜਾਬ ਬਣੇ ਤੇ ਫੇਰ ਸਰ ਚਾਰਲਸ ਐਚੀਸਨ ਬਣੇ। ਏਨਾਂ ਤੋਂ ਇਲਾਵਾ ਹੋਰ ਅੰਗਰੇਜ਼ਾਂ ਨੇ ਭੀ ਇਸ ਦੀ

ਮੈਂਬਰੀ ਦੇ ਫਾਰਮ ਭਰੋ। ਵੇਖੋ ਸ਼ਮਸ਼ੇਰ ਸਿੰਘ ਜੀ ਅਸ਼ੋਕ ਲਿਖਤ ਪੰਜਾਬੀ ਦੀਆਂ ਲਹਿਰਾਂ।

ਇਸ ਸਿੰਘ ਸਭਾ ਦੇ ਮੋਢੀ ਸ: ਠਾਕੁਰ ਸਿੰਘ ਜੀ ਸੰਧਾ ਵਾਲੀਏ ਬਣੇ। ਜੋ ਸਰਕਾਰ ਅੰਗਰੇਜ਼ੀ ਵਲੋਂ ਸਿੰਘੀ ਰਾਜ ਜਾਣ ਸਮੇਂ ਵਿਚ ਵੀ ਕਿਸੇ ਤਰ੍ਹਾਂ ਦਾ ਸਿਰ ਚੁਕਣ ਦੇ ਦੋਸ਼ ਵਿਚ ਨਹੀਂ ਆਏ ਸੀ ਸਗੋਂ ਅੰਗਰੇਜ਼ ਦੇ ਪਕੇ ਸਾਥੀ ਹੋਣ ਕਰ ਕੇ ਏਹਨਾਂ ਦੀ ਜਗੀਰ ਲਗੀ ਰਹੀ ਸੀ। ਅਰਥਾਤ ਪਕੇ ਸਿੰਘਾਂ ਦੇ ਵਿਰੋਧੀ ਹੋ ਵਰਤਨ ਵਾਲਿਆਂ ਵਿਚੋਂ ਸੀ। "1856 ਈ: ਵਿਚ ਆਈ ਏ ਸੀ ਬਣਾਏ ਗਏ। 1873 ਵਿਚ ਆਪ ਨੇ ਹੋਰ ਸੇਵਕਾਂ ਨਾਲ ਰਲ ਸਿੰਘ ਸਭਾ ਅਮਰਤਸਰ ਦਾ ਅਰੰਭ ਕੀਤਾ।" ਸਿੰਘ ਸਭਾ ਲਹਿਰ ਪੰਨਾ 12, 13 ਵਲੋਂ ਡਾਕਟਰ ਜਗਜੀਤ ਸਿੰਘ ਜੀ।

---

# ਇਹ ਸਿੰਘ ਸਭਾ ਲਹਿਰ ਪੜਿਆਂ ਅੰਗਰੇਜ਼ੀ ਸਰਕਾਰ ਦੀ ਫਰਮਾਂ

## ਤਰਨ ਤਾਰਨ

ਸਰਕਾਰੀ ਤੇ ਖੈਰ ਖਾਹੀ ਦਾ ਪਤਾ ਪਤਰੇ ਤੋਂ ਪਿਆ ਲਗਦੇ। ਖਾਲਸਾ ਦੀਵਾਨ ਲਾਹੌਰ 30-31 ਚੇਤਰ 1942 ਬਿ: ਨੂੰ ਬਣਿਆਂ ਤੇ ਇਸ ਦੇ ਸਰ ਪ੍ਰਸਤ ਗਵਰਨਰ ਪੰਜਾਬ ਕਮਾਂਡਰ ਇਨਚੀਫ ਹਿੰਦ ਬਨਾਏ ਗਏ। ਸਿੰਘ ਸਭਾ ਲਹਿਰ ਪੰਨਾ 28

ਚੀਫ ਖਾਲਸਾ ਦੀਵਾਨ 21 ਸਤੰਬਰ 1902 ਸਰਕਾਰ ਅਗੇ ਪੇਸ਼ ਹੋ ਕੇ ਪਾਸ ਹੋਏ ਮਤੇ ਅਨੁਸਾਰ ਬਣਿਆ। ਤੇਜਾ ਸਿੰਘ ਭਸੌੜੀ ਅਰਦਾਸਾ ਕੀਤਾ।

ਸਿੰਘ ਸਭਾ ਲਹਿਰ ਪੰਨਾ 50

Sri Satguru Jagjit Singh Ji Elibrary NamdhariElibrary@gmail.com

ਇਸ ਸਿੰਘ ਸਭਾ ਦੇ ਨਿਯਮਾਂ ਵਿਚ ਅੰਗਰੇਜ਼ਾਂ ਦੀ ਫਰਮਾਂ ਬਰਦਾਰੀ ਤੇ ਅੰਗਰੇਜ਼ਾਂ ਦੇ ਪਿਠੂਆਂ ਦੀ ਅਗਵਾਈ ਹੀ ਹੈ। ਕਿਤੇ ਗੁਰੂ ਗੋਬਿੰਦ ਸਿੰਘ ਜੀ ਦੀ ਸਿਖਿਆ ਤੇ ਸਿੰਘੀ ਸਪਿਰਟ ਦਾ ਤੇ ਭਾਰਤੀ ਰਵਾਇਤਾਂ ਦਾ ਜ਼ਿਕਰ ਨਹੀਂ। ਤੇ ਐਸਾ ਖਿਆਲ ਰਖਣ ਵਾਲੇ ਦਾ ਨਾਮ ਨਹੀਂ। ਇਹ ਕੁਝ ਸਿੰਘ ਸਭਾ ਨੇ ਕੀਤਾ। ਜੋ ਜਸਵੰਤ ਸਿੰਘ ਜੀ ਸਾਹਿਬ ਲਿਖਦੇ ਹਨ। ਸਿੰਘ ਸਭਾ ਨੂੰ ਇਹਨਾਂ ਨੂੰ ਸੋਧਣ ਦਾ ਕੰਮ ਕਰਨਾ ਪਿਆ : ਪਾਠਕ ਵੇਖ ਸਕਦੇ ਹਨ ਸੋਧਣ ਦਾ ਕੰਮ ਕਰਨਾ ਪਿਆ ਕਿ ਵਿਰੋਧਨ ਦਾ।

ਪਾਠਕ ਸੋਚ ਸਕਦੇ ਹਨ। ਗੁਰਮਤ ਹੈ ਜੋ ਉਪਰ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਨਾਮੇਂ ਦੇਖ ਦਲਾਂ ਵਿਚ ਆਈ ਹੈ ਤੇ ਜੋ ਹਜ਼ੂਰ ਸਾਹਿਬਾਂ ਆਦੀ ਮਰਜਾਦਾ ਦੇ ਆਸਰੇ ਚਲੀ ਹੈ ਕਿ ਉਹ ਗੁਰ ਮਰਜਾਦਾ ਹੈ ਜੋ ਅੰਗਰੇਜ਼ਾਂ ਦੇ ਆਸਰੇ ਉਨਾਂ ਦੀ ਸਰਪ੍ਰਸਤੀ ਵਿਚ ਚਲਾਈ ਗਈ ਹੈ। ਤਾਂ ਤੇ ਵਖਰੀ ਅੰਗਰੇਜ਼ਾਂ ਦੀ ਸਰਪ੍ਰਸਤੀ ਵਾਲੀ ਹੀ ਮੰਨਣੀ ਪਵੇਗੀ।

ਇਸੇ ਸਿੰਘ ਸਭਾ ਦੇ ਸਮੇਂ ਦੇ ਤੇ ਵਿਰਲੇ ਸਾਚੀ ਨਿਰਮਲੇ ਸੰਤ ਗਿਆਨੀ ਗਿਆਨ ਸਿੰਘ ਜੀ ਇਸ ਸਿੰਘ ਸਭਾ ਦੇ ਸਿੰਘਾਂ ਦੀ ਹਾਲਤ ਵੇਖ ਦੁਖ ਨਾਲ ਲਿਖਦੇ ਹਨ।

"ਅਬ ਜੋ ਆਕਲ ਆਲਿਮ ਦੀਸੇ।
ਅੰਗਰੇਜ਼ ਕੀ ਚੱਕੀ ਪੀਸੈਂ।
ਮਿਲੇ ਮਜੂਰੀ ਸੋਈ ਖਾਤਾ।
ਆਟਾ ਅੰਗਰੇਜ਼ਨ ਕੇ ਜਾਤਾ।
ਅਬ ਤੋ ਅਕਲ ਇਲਮ ਨਹੀਂ ਰਹਾ।
ਸੁਖ ਮਰਦਊ ਸਿੰਘ ਮੈਂ ਬਹਾ।
ਤਜੀ ਰੀਤ ਬਡ ਲੋਕਨ ਵਾਰੀ।
ਯਹਿ ਅੰਗਰੇਜਨ ਕਿਰਪਾ ਭਾਰੀ।

(ਪੰਥ ਪ੍ਰਕਾਸ਼)

ਜੋ ਟਰੈਕਟ ਸੁਸਾਇਟੀ ਬਣੀ 28 ਚੇਤਰ 1912 ਅਮਰਤਸਰ ਤੇ ਖਾਲਸਾ ਟਰੈਕਟ ਸੁਸਾਇਟੀ ਬਣੀ ਅੰਮ੍ਰਿਤਸਰ ਭਾਈ ਵੀਰ ਸਿੰਘ ਜੀ ਕੌਰ ਸਿੰਘ ਜੀ ਆਦ। ਸਿੰਘ ਸਭਾ ਲਹਿਰ। ਪੰਨਾ 11

ਉਸ ਭੀ ਇਹੋ ਕੰਮ ਕੀਤਾ। ਹਮ ਹਿੰਦੂ ਨਹੀਂ ਵਾਂਗੂ ਸਿਖਾਂ ਤੇ ਹਿੰਦੂਆਂ ਵਿਚ ਵਿਥ ਵਧਾਈ ਤੇ ਸ਼ੁਧ ਧਰਮ ਗਰੰਥ ਤੋੜ ਮੋੜ ਕੇ ਅੰਗਰੇਜ਼ ਨੀਤੀ ਅਨੁਸਾਰ ਬਣਾਏ। ਤੇ ਭਵਿਖਤ ਵਾਕ ਭੀ ਭੰਨੇ ਤੋੜੇ। ਦਸਮ ਜੀ ਦੇ ਲਿਖੇ ਪੁਸਤਕ ਗੁਰਿੰਡ ਨਾਮਾਂ ਤੇ ਅਜਿਤੇ ਰੰਧਾਵੇ ਦੀ ਗੋਸ਼ਟ ਤੇ ਜਨਮ ਸਾਖੀ ਗੁਰੂ ਨਾਨਕ ਦੀ ਬਾਬਤ ਭੁਲੇਖੇ ਪਾਏ। ਤੇ ਬਾਲਾ ਹੈ ਨਹੀਂ ਸੀ ਆਦ ਲਿਖਿਆ। ਜਿਨਾਂ ਦੀ ਬਾਬਤ ਸਤਿਗੁਰੂ ਪਰਤਾਪ ਸਿੰਘ ਜੀ ਇਕ ਗਿਆਨੀ ਅਮਰਤਸਰ ਦੇ ਕਾਲਜ ਵਾਲੇ ਦੀ ਜਬਾਨੀ ਸੁਣੀ ਕਿਹਾ ਕਤਰੇ ਜੀ ਉਸ ਕਿਹਾ ਸੀ ਸਾਨੂੰ ਆਪ ਨੂੰ ਭੀ ਪਤਾ ਨਹੀਂ ਰਿਹਾ। ਅਸਾਂ ਜੋ ਜੋ ਵਾਕ ਵਿਗਾੜੇ ਹਨ ਉਹ ਅਸਲ ਕੀ ਸਨ ਤੇ ਪਛਤਾਵਾ ਹੈ ਅਸਾਂ ਅੰਗਰੇਜ਼ਾਂ ਕਹੇ ਐਸਾ ਕਿਉਂ ਕੀਤਾ। ਅੰਗਰੇਜ਼ ਉਹ ਤੇ ਸਾਡੇ ਦੇਸ਼ ਤੇ ਧਰਮ ਦੇ ਦੁਸ਼ਮਨ ਸਨ। ਉਹਨਾਂ ਆਖੇ ਲਗ ਇਹ ਗਲ ਭੀ ਕਿਉ ਕੀਤੀ ਗਰੰਥ ਵਿਗਾੜਨ ਦੀ।

ਪਾਠਕ ਉਪਰ ਲਿਖਿਆ ਪੜ ਵਿਚਾਰ ਸਕਦੇ ਹਨ। ਸਿੰਘ ਸਭਾ ਕੀ ਕੀਤਾ। ਸਵਾਏ ਅੰਗਰੇਜ਼ਾਂ ਦੀ ਭਗਤੀ ਤੇ ਸਿਖ ਧਰਮ ਤੇ ਹਿੰਦੂ ਧਰਮ ਵਿਚ ਵਿਥ ਪਾਨ ਦੇ ਨੁਕਸਾਨ ਤੇ ਅੰਗਰੇਜ਼ ਨੀਤੀ ਦੇ ਅਪਨਾਣ ਦੇ ਤੇ ਅਸਲ ਦਸਮ ਜੀ ਅਣਖੀ ਸਿਖੀ ਦਾ ਤੇ ਦੇਹ ਧਾਰੀ ਦੀ ਗੁਰਤਾ ਵਲੋਂ ਮੂੰਹ ਮੋੜ ਸਹੀ ਨਸ਼ਾਨੇ ਵਲੋਂ ਹੋਰ ਰਾਹੇ ਟੋਰ ਦਿਤਾ ਤੇ ਅੰਧ ਵਿਸ਼ਵਾਸ ਨਾਲ ਜੋੜ ਦਿਤਾ। ਤੇ ਨਾਮਧਾਰੀ ਪੰਥ ਨਾਲ ਅੜਾ ਲਾਨ ਦੇ ਪਾਸੇ ਲਾਇਆ ਜੋ ਅਜੇ ਤਕ ਓਹਨਾਂ ਲੋਕਾਂ ਦਾ ਸੁਭਾ ਹਟਦਾ ਹੀ ਨਹੀਂ।

ਹੋਰ ਸਿੰਘ ਸਭਾ ਲਹਿਰ ਦੇ ਪਤਰਿਆਂ ਵਿਚ ਲਿਖਿਆ ਪੜੋ ਜੋ ਏਨਾਂ ਕੀਤਾ।

---

# ਖਾਲਸਾ ਦੀਵਾਨ ਦੀ ਰਾਜ ਭਗਤੀ

"ਸਿਖਾਂ ਨੇ ਆਪਣਾ ਰਾਜ ਪਾਟ ਗਵਾ ਕੇ ਅੰਗਰੇਜ਼ੀ ਸਰਕਾਰ ਦੀ ਵਫ਼ਾਦਾਰੀ ਦਾ ਜੋ ਸਬੂਤ ਦਿਤਾ ਉਸ ਦੀ ਮਸਾਲ ਸਾਰੀ ਦੁਨੀਆਂ ਵਿਚ ਮਿਲਨੀ ਮੁਸ਼ਕਲ ਹੈ। ਐਥੋਂ ਤਕ ਕਿ 1857 ਦੇ ਸਮੇਂ ਤੋਂ ਅੰਗਰੇਜ਼ਾਂ ਦੀ ਜੈ ਦੇ ਨਾਹਰੇ ਲਾ ਕੇ ਉਹਨਾਂ ਦੀ ਉਹ ਮਦਦ ਕੀਤੀ ਕਿ ਅਜ ਤਕ ਸਿਖ ਹੀ ਨਹੀਂ ਜਾਣਦੇ ਸਗੋਂ ਭਾਰਤ ਵਿਚ ਮਸ਼ਹੂਰ ਹੈ।"

"ਬਾਬਾ ਰਾਮ ਸਿੰਘ ਜੀ ਨੇ ਨਾਮਧਾਰੀ (ਪ੍ਰਸਿਧ ਕੂਕਾ ਲਹਿਰ) ਚਲਾ ਕੇ ਕੁਝ ਜਾਗ੍ਰਤ ਆਂਦੀ ਹੀ ਸੀ ਜੋ ਉਸਨੂੰ ਸੰਭਾਲ ਲਿਆ ਗਿਆ ਤੇ ਜਿਸ ਤਰਾਂ ਖਾਲਸਾ ਦੀਵਾਨ ਲਾਹੌਰ ਅਤੇ ਅੰਮ੍ਰਿਤਸਰ ਬਣ ਗਏ ਅਗੇ ਦਸਿਆ ਜਾ ਚੁਕਾ ਹੈ। ਪਰ ਏਨਾਂ ਦੋਨਾਂ ਦੇ ਮੈਂਬਰ ਤੇ ਸਤਪਰਸਤਾਂ ਦੇ ਦਿਲਾਂ ਵਿਚ ਅੰਗਰੇਜ਼ੀ ਸਰਕਾਰ ਦੀ ਭਗਤੀ ਇਤਨਾ ਘਰ ਕਰ ਚੁਕੀ ਸੀ ਕਿ ਭਾਰਤ ਵਰਸ਼ ਦੀ ਸ਼ਾਨ ਤੇ ਸਿਖ ਪੰਥ ਦੇ ਮਾਨ ਸ਼ੇਰੇ ਪੰਜਾਬ ਮਹਾਰਾਜੇ ਰਣਜੀਤ ਸਿੰਘ ਜੀ ਦੇ ਸਪੁਤਰ ਮਹਾਰਾਜਾ ਦਲੀਪ ਸਿੰਘ ਜੀ ਜਿਸ ਨੂੰ ਛੋਟੀ ਉਮਰ ਵਿਚ ਈਸਾਈਮਤ ਵਿਚ ਅਡੋਲ ਕੀਤਾ ਤੇ ਵਲੈਤ ਲਜਾਇਆ ਗਿਆ ਸੀ ਜਦ ਭੁਲ ਮੰਨ ਕੇ ਸਿਖ ਮਤ ਧਾਰਨ ਕਰਨ ਹਿਤ, ਸਿਖਾਂ ਦੀ ਸ਼ਰਨ ਲੈਣ ਹਿਤ ਭਾਰਤ ਵਲ ਆਉਂਦਾ ਹੈ ਤਾਂ ਦੋਨੋਂ ਦੀਵਾਨ ਰਲ ਕੇ ਸਿਖ ਕੌਮ ਦੇ ਅਮੀਰ ਆਗੂ ਸਿਖ ਰਾਜ ਦੇ ਇਕੋ ਇਕ ਵਾਰਸ ਉਸ ਯਤੀਮ ਰਾਜੇ ਨੂੰ ਦੁਰਕਾਰਦੇ ਹਨ।"

"ਧਿਆਨ ਨਾਲ ਵੇਖਿਆਂ ਪਤਾ ਲਗਦਾ ਹੈ ਕਿ ਜਿਥੇ ਸਿੰਘ ਸਭਾ ਲਹਿਰ ਨੇ ਸਿਖ ਕੌਮ ਤੇ ਏਤਨਾਂ ਪਰਉਪਕਾਰ ਕੀਤਾ ਉਥੇ ਇਹ ਕੌਮ ਤੇ ਅਜਿਹਾ (ਕਲੰਕ ਦਾ ਟਿੱਕਾ ਲਗਾ ਦਿਤਾ) ਜੋ ਕਦੇ ਭੀ ਉਤਰਨਾ ਅਸੰਭਵ ਹੈ।

"ਏਥੇ ਮਹਾਰਾਜਾ ਦਲੀਪ ਸਿੰਘ ਜੀ ਦੀ ਖਾਲਸਾ ਪੰਥ ਵਲ ਚਿਠੀ ਤੇ ਅਗੋਂ ਉਸਦਾ ਉਤਰ ਦੋ ਦੀਵਾਨ ਦੇ ਐਡਰਸ ਜੋ ਵਾਇਸਰਾਇ ਨੂੰ ਦਿਤੇ ਗਏ ਉਹਨਾਂ ਸਬੰਧੀ ਆਈਆਂ ਸਤ੍ਰਾਂ ਦੇ ਕੇ ਖਤਮ ਕਰਦੇ ਹਾਂ।"

Sri Satguru Jagjit Singh Ji Elibrary NamdhariElibrary@gmail.com

## "ਲੰਡਨ 24 ਮਾਰਚ 1896 ਈ:"

"ਮੇਰੇ ਪਿਆਰੇ ਦੇਸ਼ ਵਾਸੀਉ ਭਾਰਤ ਵਿਚ ਆ ਕੇ ਵਸਣ ਦੀ ਮੇਰੀ ਇੱਛਾ ਨ ਸੀ। ਪਰ ਸਤਿਗੁਰੂ ਸਭ ਦੇ ਵਧਾਤਾ ਹਨ । ਉਹ ਆਪ ਸਭਨਾਂ ਨਾਲੋਂ ਵਡੇ ਸ਼ਕਤੀ ਵਾਨ ਹਨ। ਮੈਂ ਉਸ ਦਾ ਭੁਲਾ ਹੋਇਆ ਜੀਵ ਹਾਂ । ਮੇਰੀ ਇਛਾ ਨ ਹੋਣ ਪਰ ਵੀ ਮੈਂ ਸਤਿ ਗੁਰੂ ਦੇ ਹੁਕਮ ਅੰਦਰ ਇੰਗਲੈਂਡ ਤਿਆਗ ਭਾਰਤ ਵਿਚ ਆਵਾਂਗਾ। ਸਧਾਰਣ ਰੂਪ ਵਿਚ ਵਸਾਂਗਾ । ਮੈਂ ਸਤਿ ਗੁਰੂ ਦੀ ਇਛਾ ਸਾਹਮਣੇ ਸਿਰ ਨਿਵਾਉਂਦਾ ਉਸਦੀ ਜੋ ਮਰਜੀ ਹੈ ਉਹੀ ਹੋਵੇਗੀ ।

ਪਿਆਰੇ ਖਾਲਸਾ ਜੀ ਮੈਂ ਆਪਣੇ ਵਡਿਆਂ ਦਾ ਧਰਮ ਤਿਆਗ ਕੇ ਪਰਾਇਆ ਮਤ ਗਰਹਿਣ ਕਰਨ ਲਈ ਆਪ ਜੀ ਤੋਂ ਖਿਮਾ ਮੰਗਦਾ ਹਾਂ, ਕਿਉਂਕਿ ਜਦੋਂ ਮੈਨੂੰ ਇਸਾਈ ਬਨਾਇਆ ਗਿਆ ਸੀ ਓਦੋਂ ਮੇਰੀ ਉਮਰ ਬਹੁਤ ਛੋਟੀ ਸੀ। ਮੈਂ ਬੰਬਈ ਪੁਜ ਸਿੱਖ ਧਰਮ ਗਰਹਿਣ ਕਰ ਲਵਾਂਗਾ । ਤੇ ਸ੍ਰੀ ਗੁਰੂ ਨਾਨਕ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਦਾ ਪਾਲਨ ਕਰਾਂਗਾ ਮੇਰੀ ਇਛਾ ਹੋਣ ਪਰ ਵੀ ਮੈਂ ਪੰਜਾਬ ਪੁਜ ਕੇ ਤੁਹਾਨੂੰ ਨਹੀਂ ਮਿਲ ਸਕਾਂਗਾ । ਇਸ ਵਾਸਤੇ ਚਿਠੀ ਲਿਖਣ ਲਈ ਲਾਚਾਰ ਹੋ ਗਿਆ ਸੀ।

ਮਹਾਰਾਣੀ ਵਿਕਟੋਰੀਆ ਵਿਚ ਜੋ ਮੇਰੀ ਪਰਮ ਭਗਤੀ ਸੀ ਮੈਂ ਉਸ ਦਾ ਉਚਤ ਫਲ ਪਾ ਲਿਆ ਹੈ, ਸਤਿਗੁਰੂ ਜੀ ਦੀ ਇਛਾ ਪੂਰਨ ਹੋਵੇ । ਵਾਹਿ ਗੁਰੂ ਜੀ ਦਾ ਖਾਲਸਾ ਸ੍ਰੀ ਵਹਿਗੁਰੂ ਜੀ ਕੀ ਫਤਹ । ਪਿਆਰੇ ਦੇਸ਼ ਵਾਸੀਓ ਮੈਂ ਹਾਂ ਤੁਹਾਡਾ ਆਪਣਾਂ ਮਾਸ ਤੇ ਲਹੂ ਦਲੀਪ ਸਿੰਘ।

' ਇਹ ਚਿਠੀ ਮਿਲਦਿਆਂ ਕਈਆਂ ਨੇ ਮਹਾਰਾਜੇ ਨੂੰ ਬੰਬਈ ਮਿਲਨ ਦੀ ਇਛਾ ਪ੍ਰਗਟ ਕੀਤੀ। ਪਰ ਸਿੱਖਾਂ ਦੇ ਰਈਸ ਟੋਲੇ ਨੇ ਲਾਰਡ ਡਫਰਨ ਵਾਇਸਰਾਇ ਨੂੰ ਲਿਖ ਭੇਜਿਆ ਕਿ ਜੇ ਮਹਾਰਾਜਾ ਏਥੇ ਆ ਗਿਆ ਤਾਂ ਪੰਜਾਬ ਜਰੂਰ ਬਿਗੜ ਜਾਉ। ਸਿੰਘ ਫਿਰ ਤੇ ਬਸ ਵਿਚ ਨਹੀਂ ਆਉਣਗੇ । ਇਹ ਉਹ ਮਹਾਂ ਸੂਰਬੀਰ ਲੜਾਕੀ ਕੌਮ ਹੈ ਜਿਸ ਨੇ ਦਿਲੀ ਤੇ ਕਾਬਲ ਦੇ ਬਾਦ-

Sri Satguru Jagjit Singh Ji Elibrary NamdhariElibrary@gmail.com

ਸ਼ਾਹੀਆਂ ਗ਼ਰਕ ਕਰ ਕੇ ਆਪਣੀ ਬਾਦਸ਼ਾਹੀ ਬਣਾ ਲਈ ਸੀ। ਇਹ ਬਹਾਨਾ ਬਣਾ ਕੇ ਵਾਇਸਰਾਏ ਦੇ ਹੁਕਮ ਨਾਲ ਮਹਾਰਾਜੇ ਨੂੰ ਅਦਨ ਮੁਲਕ ਵਿਚ ਅਟਕਾ ਦਿਤਾ ਗਿਆ। ਉਸ ਸਮੇਂ ਅੰਗਰੇਜ਼ੀ ਫੌਜ ਸਿੱਖਾਂ ਦੀ ਜੋ, ਮੁਲਕ ਆਬਾਸੀਨ ਫਤੇ ਕਰਕੇ ਉਥੇ ਆਈ ਤਾਂ ਮਹਾਰਾਜੇ ਨੇ ਅੰਮ੍ਰਿਤ ਛਕ ਸਿੱਖ ਧਰਮ ਧਾਰਨ ਕਰ ਲੀਤਾ। ਇਸ ਗੱਲੋਂ ਭੀ ਵਾਇਸਰਾਇ ਨੂੰ ਹੋਰ ਸ਼ਕ ਹੋ ਗਿਆ। ਤੇ ਮਹਾਰਾਜੇ ਨੂੰ ਜਬਰਨ ਵਲੈਤ ਲੈ ਜਾਣਾਂ ਪਿਆ।"

ਅਜੇਹੀਆਂ ਕਾਰਵਾਈਆਂ ਤੇ ਮਾਣ ਕਰਦੇ ਖਾਲਸਾ ਦੀਵਾਨ ਦੇ ਸੇਵਕ ਵਾਇਸਰਾਇ ਅਗੇ ਨਖਰੇ ਨਾਲ ਇਕ ਬਾਂ ਨਹੀਂ ਖਾਰ ਬਾਰ 87—88 ਵਿਚ ਐਡਰੈਸ ਲਿਖਦੇ ਹਨ। ਤੇ ਪੇਸ਼ ਕਰਦੇ ਲਿਖਦੇ ਹਨ। ਅੰਗਰੇਜ਼ੀ ਦਾ ਉਲਥਾ (ਲੇਖਕ)।

ਅਰਥਾਤ ਇਸ ਦੀ ਪੁੱਤਤਾ ਲਈ ਸਿਵਲ ਮਿਲਟਰੀ ਗੈਜ਼ਟ ਦੇ 31 ਅਗਸਤ 1887 ਦੇ ਨੋਟ ਦਾ ਹਵਾਲਾ ਦੇਂਦੇ ਹਾਂ।

"ਸਿੱਖਾਂ ਵਡੀਆਂ ਕਠਨ ਪ੍ਰੀਖਿਆ ਵਿਚ ਵੀ ਸ਼ਾਨਦਾਰ ਸਫਲਤਾ ਨਾਲ ਲੰਘੇ ਹਨ, 1847 ਜੇਹੇ ਔਖੇ ਸਮੇਂ ਵਿਚ ਉਹਨਾਂ ਨੇ ਕਿਸ ਤਰ੍ਹਾਂ ਆਪਣੀ ਸਰਕਾਰ ਲਈ ਮਹਾਨ ਕੁਰਬਾਨੀਆਂ ਕਰਕੇ ਸ਼ਾਨਦਾਰ ਵਫ਼ਾਦਾਰੀ ਦਾ ਪ੍ਰਤੱਖ ਸਬੂਤ ਦਿਤਾ।"

"ਇਹਨਾਂ ਸੋਹਣੇ ਪੁਰਾਣੇ ਸਿੱਖਾਂ ਨੇ ਆਪਣੀ ਪਿਛਲੀ ਹੇਠੀ ਨੂੰ ਭੁਲ ਕੇ ਹੱਲਾਂ ਨੂੰ ਤਲਵਾਰਾਂ ਵਿਚ ਬਦਲਿਆਂ ਤੇ ਬਿਨਾਂ ਕਿਸੇ ਸ਼ਰਤ ਦੇ ਆਪਣੀਆਂ ਜਾਨਾਂ ਅੰਗਰੇਜ਼ੀ ਸਰਕਾਰ ਵਾਸਤੇ ਦੇ ਦਿਤੀਆਂ। ਤੇ ਸਪਾਰਟਨਜ਼ ਵਾਂਗੂੰ ਜਿਤਣ ਜਾਂ ਮਦਾਨ ਵਿਚ ਆਪਣਾਂ ਝੰਡਾ ਉਚਾ ਰਖਣ ਲਈ ਮਰ ਮਿਟਣ ਨੂੰ ਅਪਣਾਇਆ। ਏਹਨਾਂ ਸਿੱਖਾਂ ਨੇ ਮਹਾਰਾਜਾ ਦਲੀਪ ਸਿੰਘ ਦੇ ਹੱਕਾਂ ਨੂੰ ਮੰਨਣ ਤੋਂ ਇਨਕਾਰ ਕਰਕੇ ਚੰਗੀ ਤਰ੍ਹਾਂ ਦਸ ਦਿਤਾ ਹੈ ਕਿ ਉਹ ਕਿਵੇਂ ਅੰਗਰੇਜ਼ੀ ਰਾਜ ਹੇਠ ਬੜੇ ਸੁਖੀ ਹਨ।"............

' ਸਿਖਾਂ ਨੂੰ ਪਤਾ ਲਗ ਗਿਆ ਹੈ ਕਿ ਉਹ ਅੰਗਰੇਜ਼ੀ ਰਾਜ ਹੇਠ ਰਹਿ ਕੇ ਹੀ ਚੰਗੀ ਤਰ੍ਹਾਂ ਵਧ ਫੁਲ ਸਕਦੇ ਹਨ, ਅਤੇ ਜਦ ਹੁਣ ਦੀ ਹਾਲਤ ਨੂੰ ਉਹਨਾਂ ਸਿਖਾਂ ਰਾਜਿਆਂ (ਮਹਾਰਾਜਾ ਰਣਜੀਤ ਸਿੰਘ ਜੀ ਆਦ ਹੇਠ ਵਸਣ ਵਾਲਿਆਂ ਦੀ ਹਾਲਤ ਨਾਲ ਮੁਕਾਬਲਾ ਕਰੀਏ ਤਾਂ ਪਤਾ ਲਗਦਾ ਹੈ। ਹੋਰ ਕੋਈ ਕੌਮ ਜਾਂ ਮਤ ਸਿਖਾਂ ਜਿੰਨੀਆਂ ਪ੍ਰੀਖਿਆਵਾਂ ਵਿਚੋਂ ਨਹੀਂ ਲੰਘਿਆ। ਅਤੇ ਸਿਖਾਂ ਜੇਹੀ ਦੂਸਰਿਆਂ ਨੂੰ ਭੀ ਚੁਕ ਨਹੀਂ ਸੀ। ਮੁਗਲਾਂ ਦਾ ਵਾਰਸ ਕੋਈ ਨਹੀਂ ਤੇ ਨ ਹੀ ਪੇਸ਼ਵਾ ਦਾ ਕੋਈ ਏਹਨਾਂ ਕੌਮਾਂ ਨੂੰ ਚੁਕ ਦੇਣ ਵਾਲਾ। ਪਰ ਮਹਾ ਰਾਜਾ ਦਲੀਪ ਸਿੰਘ ਰੂਸੀ ਸ਼ਾਜਸ਼ ਦੀ ਚੁਕ ਨਾਲ ਖੁਲੇ ਤੌਰ ਤੇ ਸਿਖਾਂ ਨੂੰ ਆਪਣੇ ਵਲ ਸਦ ਰਿਹਾ ਹੈ। ਉਸ ਨੂੰ 'ਮਹਾਰਾਜਾ ਦਲੀਪ ਸਿੰਘ ਨੂੰ) ਸਿਖ ਦਗੇ ਬਾਜ਼ ਝੂਠਾ ਦਾਹਵੇਦਾਰ ਸਮਝਦੇ ਹਨ। ਉਹ ਸਿਖ ਆਪਣੀ ਮਲਕਾ ਲਈ ਮਰ ਮਿਟਣਗੇ। ਪਰ ਉਸ ਦਲੀਪ ਸਿੰਘ ਨੂੰ ਕਦੀ ਭੀ ਆਪਣਾਂ ਮਹਾਰਾਜਾ ਨਹੀਂ ਮੰਨਣਗੇ।"

ਇਹ ਨੋਟ ਇਨ ਬਿਨ ਉਸੇ ਡੇਪੁਟੇਸ਼ਨ ਵਿਚੋਂ ਹੈ ਜੋ ਵਾਇਸਰਾਏ ਡਫਰਨ ਨੂੰ 26 ਨਵੰਬਰ 1888 ਈ: 4 ਵਜੇ ਗਵਰਨਮਿੰਟ ਹਾਊਸ ਲਾਹੌਰ ਵਿਖੇ ਖਾਲਸਾ ਵਲੋਂ ਦਿਤਾ ਗਿਆ। ਇਸ ਵਿਚ ਖਾਲਸਾ ਦੀਵਾਨ ਲਾਹੌਰ-ਸਿਆਲ ਕੋਟ—ਫੀਰੋਜ਼ਪੁਰ ਆਦ 26-27 ਸਿੰਘ ਸਭਾਵਾਂ ਦੇ ਨੁਮਾਇੰਦੇ ਭੀ ਸਨ।"

ਸੰਤ ਨਿਧਾਨ ਸਿੰਘ ਜੀ ਆਲਿਮ ਜੁਗ ਪਲਟਾਊ ਸਤਿ ਗੁਰੂ ਵਿਚ 12–13–14 ਪੰਨੇ ਤੇ ਸਿੰਘ ਸਭਾਵਾਂ ਤੇ ਸਰਦਾਰਾਂ ਦੇ ਪ੍ਰਤੀਨਿਧਾਂ ਦੇ ਨਾਮ ਤੇ ਦਸਖਤ ਦਿਤੇ ਹਨ, ਉਹ ਗਰੰਥ ਵਧਣ ਤੇ ਨਹੀਂ ਦਿਤੇ।

ਲੇਖਕ-ਰਤਨ ਸਿੰਘ

"ਮਹਾਰਾਜਾ ਦਲੀਪ ਸਿੰਘ ਨੂੰ ਇਸ ਸਲੂਕ ਦੀ ਖਬਰ ਨਹੀਂ ਸੀ। ਉਸ ਫਿਰ 20 ਜੂਨ 1889 ਨੂੰ ਤੇ ਸਿਖਾਂ ਤੇ ਹੋਰ ਦੇਸ਼ ਵਾਸੀਆਂ ਨੂੰ ਅਪੀਲ ਕਰਦਿਆਂ ਹੋਇਆਂ ਕਿਹਾ ਇਹ ਭੀ ਲਿਖਿਆ।"

ਹਿੰਦੁਸਤਾਨੀ 1 ਪੈਸਾ ਪੰਜਾਬ ਵਾਸੀ 1 ਆਨਾਂ ਮਹੀਨਾ ਦੇਣ ਮੈਂ ਅਜ਼ਾਦ ਬਾਦਸ਼ਾਹਾਂ ਵਾਂਗੂੰ ਰੂਸ ਦੇਸ਼ ਦੀ ਫੌਜ ਨਾਲ ਆਪਣਾਂ ਰਾਜ ਲੈਣ ਔਣ ਵਾਲਾ ਹਾਂ।

Sri Satguru Jagjit Singh Ji Elibrary NamdhariElibrary@gmail.com

ਪਰ ਵਧਾਤਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਅਗੋਂ 30 ਅਕਤੂਬਰ 1889 ਨੂੰ ਸਿੰਘਾਂ ਵਲੋਂ ਬੜਾ ਲੰਮਾਂ ਜਵਾਬ ਲਿਖਿਆ ਗਿਆ।"

"ਅਸੀਂ ਸਾਰਾ ਖਾਲਸਾ ਪੰਥ ਤੇ ਗੁਜਰਾਂ ਵਾਲੇ ਦੇ ਨਿਵਾਸੀ ਜਿਨ੍ਹਾਂ ਨਾਲ ਤੂੰ ਆਪਣੀ ਜਨਮ ਭੂਮੀ ਦੀ ਸਾਂਝ ਸੰਬੰਧ ਸਮਝਦਾ ਹੈ, ਤੇਰੀ ਉਸ ਚਿਠੀ ਦਾ ਜਵਾਬ ਦੇਂਦੇ ਹਾਂ।"

"ਮਹਾਰਾਜਾ ਰਣਜੀਤ ਸਿੰਘ ਜੀ ਦੇ ਲੋਕ ਰਾਮ ਨੂੰ ਨਿੰਦਦੇ ਲਿਖਦੇ ਹਨ ਕਿ ਉਸ ਸਾਰੇ ਔਹਦੇ ਡੋਗਰਿਆਂ, ਹਿੰਦੂਆਂ, ਮੁਸਲਮਾਨਾਂ, ਨੂੰ ਦੇ ਰਖੇਸਨ, ਤੇ ਸਿੰਘਾਂ ਨੂੰ ਉਸ ਬਹੁਤ ਦੁਖ ਦਿਤਾ, ਇਹ ਮੋਹਣਾਂ ਦੇ ਅੰਗਰੇਜ਼ੀ ਸਰਕਾਰ ਦੀ ਉਪਮਾਂ ਕਰਨ ਉਪ੍ਰੰਤ ਸਲਾਹ ਦੇਂਦੇ ਹਨ।"

"ਇਹ ਜੋਹਤਾ ਤੂੰ ਸਰਕਾਰ ਅੰਗਰੇਜ਼ੀ ਤੋਂ ਬਾਗੀ ਹੋਇਆ ਹੈਂ। ਅਕਲ ਦੀ ਗਲ ਨਹੀਂ ਕੀਤੀ। ਸਾਡੇ ਵਿਚੋਂ ਜੋਹਤਾ ਥੋੜੀ ਅਕਲ ਭੀ ਰਖਦਾ ਹੈ, ਉਹ ਭੀ ਤੇਰੀ ਸਹਾਇਤਾ ਦਾ ਨਾਮ ਨਹੀਂ ਲਵੇਗਾ। ਤੂੰ ਸਾਥੋਂ ਭੀ ਕੋਈ ਉਮੈਦ ਨ ਰਖੀ। ਅਸੀਂ ਤੈਨੂੰ ਸਚੇ ਦਿਲ ਨਾਲ ਤੇਰੇ ਦਰਦੀ ਹੋ ਕੇ ਆਖਦੇ ਹਾਂ ਕਿ ਤੂੰ ਅਜੇਹੇ ਬੁਰੇ ਖਿਆਲ ਛਡ ਕਰ ਸਾਡਾ ਆਖਿਆ ਮੰਨ ਤੇ ਲੰਡਨ ਨੂੰ ਮੁੜ ਜਾਹ ਤੇ ਮਾਫੀ ਮੰਗ ਲੈ, ਤੂੰ ਸਾਡੀ ਮਤ ਲੀਤੀ ਤਾਂ ਸੁਖ ਪਾਏਂਗਾ। ਤੇ ਅਸੀਂ ਖੁਸ਼ੀ ਮਨਾਂਵਾਂਗੇ। ਜੇ ਨਹੀਂ ਮੰਨੇਗਾ ਤਾਂ ਤੂੰ ਜਾਣ, ਪਰ ਸਾਡੀ ਵਲ ਕਦੇ ਅਜੇਹੀ ਚਿਠੀ ਨ ਭੇਜੀਂ।"

ਪ੍ਰਾਲਬਧ ਦੇ ਚਕਰ ਮਹਾਰਾਜੇ ਦੇ ਰੂਸੀ ਮਿਤਰ ਕਾਲ ਵਸ ਹੋ ਗਏ। ਏਧਰੋਂ ਖਾਲਸਾ ਜੀ ਦਾ ਇਹ ਕੋਰਾ ਤੇ ਬੇ-ਅਣਖਾ ਉਤਰ ਸੁਣ ਕੇ ਮਹਾਰਾਜਾ ਫਰਾਂਸ ਚਲਾ ਗਿਆ ਤੇ ਪੈਰਸ ਦੇ ਹੋਟਲ ਵਿਚ ਪੰਜਾਬ ਦੇ ਕੇਸਰੀ ਮਹਾਰਾਜਾ ਰਣਜੀਤ ਸਿੰਘ ਦੇ ਸਪੁਤਰ ਸਿਖ ਰਾਜ ਦੇ ਅੰਤਮ ਪ੍ਰਾਣ ਪੰਖੇਰੂ ਅੰਗਰੇਜ਼ਾਂ ਤੇ ਸਿਖਾਂ ਦੇ ਹਥੋਂ ਤੰਗ ਹੋਇਆ ਆਪਣੇ ਦੁਖ ਦੀ ਕਹਾਣੀ ਸਤਿਗੁਰੂ ਦੇ ਨਿਆਂਏਕਾਰੀ ਦਰਬਾਰ ਵਿਚ ਸੁਨਾਣ ਲਈ 23 ਅਕਤੂਬਰ 1893 ਈ: ਇਸ ਸਰੀਰ ਰੂਪੀ ਪਿੰਜਰੇ ਵਿਚੋਂ ਉਡ ਗਏ। ਸਿਖ ਕੌਮ ਨੇ ਹਾਂ ਭੀ ਨਾ ਕੀਤੀ ਜਿਸ ਬਾਬਤ ਉਸ ਸਮੇਂ ਦੀ ਇਕ ਅਖਬਾਰ ਦਸਤਾ ਤੇ ਲਿਖਦਾ ਏ।"

---

Sri Satguru Jagjit Singh Ji Elibrary NamdhariElibrary@gmail.com

# ਪੰਨਯ ਦੇਵ

"ਆਜ ਜਿਹ ਭੀ ਲੀਲਾ ਦੇਖਨੇ ਮੇਂ ਆਈ ਕਿ ਪੰਜਾਬ ਕੇਸਰੀ ਦਾ ਬੰਸ ਨਿਰਬੰਸ ਹੋ ਜਾਏ ਔਰ 'ਸਿੰਘ ਸਭਾਇ' ਠੰਡੀ ਸਾਂਸ ਤਕ ਨ ਭਰੇਂ ਔਰ ਗੁਰਮੁਖੀ ਕੇ ਅਖਬਾਰ ਕਾਲੀ ਲੀਕੇਂ ਵਾਹ ਕਰ ਸ਼ੋਕ ਚਿੰਨ੍ਹ ਤਕ ਧਾਰਨ ਕਰੇਂ।" ਸਿੰਘ ਸਭਾ ਲਹਿਰ 56 ਤੋਂ 62 ਪੰਨੇ ਤਕ । ਵਲੋਂ ਡ: ਜਗਜੀਤ ਸਿੰਘ ਜੀ।

"ਸਿੰਘ ਸਭਾ ਅਤੇ ਖਾਲਸਾ ਦੀਵਾਨ ਲਾਹੌਰ ਦਾ, ਅਰੰਭਕ ਇਤਿਹਾਸ" ਲਿਖਦਿਆਂ ਅਲਿਮ ਜੀ ਲਿਖਦੇ ਹਨ । "ਇਸ ਦੀਵਾਨ ਦੀ ਗਦੀ 21 ਸਤੰਬਰ 1902 ਈ: ਨੂੰ ਚੀਫ ਖਾਲਸਾ ਦੀਵਾਨ ਲਾਹੌਰ ਨੇ ਸਾਂਭੀ । ਜਿਸ ਦਾ ਅਰਥ ਇਹ ਹੈ ਕਿ ਸੰਨ 1873 ਈ: ਤੋਂ ਲੈ ਕੇ 1902 ਈ: ਤਕ ਖਾਲਸਾ ਦੀਵਾਨ ਲਾਹੌਰ ਪੰਥ ਹੋਣ ਦਾ ਦਾਹਵੇ ਦਾਰ ਰਿਹਾ ਅਤੇ ਉਸ ਤੋਂ ਪਿਛੋਂ ਇਹ ਡਿਗਰੀ ਚੀਫ ਖਾਲਸਾ ਦੀਵਾਨ ਗ੍ਰਹਿਣ ਕੀਤੀ।"

ਤੁਲਾ ਪਲਟਾਉ ਸਤਿਗੁਰੂ ਪੰਨਾ 9 ।

ਜੋ ਇਹ ਕੰਮ ਅਸਾਂ ਉਪਰ ਸਿੰਘ ਸਭਾ ਦੇ ਕੀਤੇ ਦਸੇ ਹਨ । ਪਾਠਕ ਪਤ ਵਿਚਾਰ ਸਕਦੇ ਹਨ ਕਿ ਸਿੰਘ ਸਭਾ ਨੇ ਧਰਮ ਪੁਸਤਕਾਂ ਤੋੜਨ ਵਲੋਂ ਤੇ ਹਿੰਦੂਆਂ ਤੇ ਸਿੱਖਾਂ ਵਿਚ ਅਜੋੜ ਤੇ ਗੁਰਮਤ ਨੂੰ ਵੰਡਨ ਦੇ ਥਾਂ ਸਗੋਂ ਉਸ ਵਲੋਂ ਮੂੰਹ ਮੋੜਨ ਦਾ ਮਤਾ ਜਾਰੀ ਕਰਨ ਦਾ ਕੰਮ ਕੀਤਾ ਤੇ ਜੋ ਗੁਰਵਾਕਾਂ ("ਗੁਰ ਕੀ ਮੂਰਤ ਮਨ ਮਹਿ ਧਿਆਨ )" ਤੇ "ਅਜੇ ਰਵਰੁ ਸਿਰਿ ਝੁਲੇ ਨਾਮੁ ਅੰਮ੍ਰਿਤ ਮੁਖ ਲੀਆਉ।" ਵਲੋਂ ਮੁਨਕਰ ਕਰ ਅੰਧ ਵਿਸ਼ਵਾਸ ਬੇਸ਼ਵਾਸ ਵਸਤ ਦੇ ਗੁਰੂ ਮੰਨਣ ਵਲ ਲਾਇਆ ਜੋ ਕੰਮ ਕੀਤਾ ਤੇ ਮਹਾਰਾਜੇ ਦਲੀਪ ਸਿੰਘ ਜੀ ਨੂੰ ਝੂਠਾ ਤੇ ਦਗੇ ਬਾਜ ਕਹੇ ਸਰਨ ਆਉਂਦੇ ਨੂੰ ਦੁਰਕਾਰ ਕਲੰਕ ਦਾ ਟਿਕਾ ਜੋ ਆਪਣੇ ਮਥੇ ਤੇ ਲਾਇਆ। ਠੀਕ ਇਹ ਕੰਮ ਸ਼ੋਧਣ ਦਾ ਜਾਂ ਵਿਰੋਧਨ ਦਾ ਹੈ। ਬਾਦ ਸਿੰਘ ਸਭਾ ਨੂੰ ਕਰਨਾ ਪਿਆ। ਅਸੀਂ ਮੰਨਦੇ ਹਾਂ ਅਸਾਂ ਨਹੀਂ

Sri Satguru Jagjit Singh Ji Elibrary NamdhariElibrary@gmail.com

ਕੀਤਾ ਤੇ ਐਸਾ ਅਗੋਂ ਭੀ ਨਹੀਂ ਕਦੀ ਕਰ ਸਕਦੇ । ਇਹ ਇਹਨਾਂ ਨੂੰ ਹੀ ਮੁਬਾਰਕ ਰਹੇ । ਜੋਹਤੇ ਅਜੇ ਭੀ ਇਸ ਆਦਤੋਂ ਨਹੀਂ ਮੁੜਦੇ ।

---

# ਜੋ ਨਿਗਰਾਨੀ ਲਗਣ ਕਰ ਪ੍ਰਚਾਰ ਦਾ ਰੁਕ ਜਾਣਾ

ਜਸਵੰਤ ਸਿੰਘ ਜੀ ਲਿਖਿਆ ਹੈ

ਇਹ ਅੰਜਾਣਾਂ ਨੂੰ ਟਪਲਾ ਲਾਣ ਅਰਥ ਹੀ ਇਕ ਗਲ ਕੀਤੀ ਹੈ ਜਿਵੇਂ ਕੋਈ ਕਮੀ ਸੀ । ਪਰ ਇਹ ਹੈ ਤੇ ਓਵੇ ਹੀ ਹੋਈ ਗਲ ਸੀ । ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦ ਪੁਰ ਛਡਣ ਤੇ ਮਜਬੂਰ ਕੀਤਾ ਗਿਆ ਸੀ ।

ਤਿਵੇਂ ਹੀ ਸੰਤ ਗੁਰੂ ਰਾਮ ਸਿੰਘ ਜੀ ਨੂੰ ਭੀ ਵੇਲੇ ਦੀ ਹਕੂਮਤ ਨਾਲ ਨ ਮਿਲ ਚਲਣ ਤੋਂ ਰੁਕਾਵਟ ਹੋਈ ਸੀ । ਵੇਲੇ ਦੀ ਹਕੂਮਤ ਨਾਲ ਵਿਰੋਧ ਕਰ ਪੰਥਾਂ ਦੇ ਪ੍ਰਚਾਰ ਰੁਕ ਹੀ ਜਾਇਆ ਕਰਦੇ ਹਨ । ਜਿਵੇਂ ਈਸਾ ਜੀ ਨੂੰ ਸਲੀਬ, ਮਿਲੀ ਤੇ ਮੁਹੰਮਦ ਸਾਹਿਬ ਨੂੰ ਭਾਜਤ ਹਿਜਰਤ ਕਰਨੀ ਪਈ ਸੀ। ਪਰ ਸਚਾਈ ਤੇ ਅਟੱਲ ਇਰਾਦੇ ਵਾਲੇ ਸਾਰੀਆਂ ਸਖਤੀਆਂ ਦੇ ਬਾਵਜੂਦ ਉਜਾਗਰ ਹੋ ਹੀ ਜਾਂਦੇ ਹਨ । ਜਿਵੇਂ ਤਦੋਂ ਤੋਂ ਹੁਣ ਤਕ ਨਾਮਧਾਰੀ ਸਚੀ ਗੁਰਮਤ ਨੂੰ ਗਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਜਿਊਂ ਦੀ ਤਿਊਂ ਵਿਧੀ ਪੂਰਬਕ ਸਰਜੀਤ ਲਈ ਆ ਰਹੇ ਹਨ । ਇਸ ਵਿਚ ਕੋਈ ਤਾਕਤ ਵੀ ਨ ਅੰਗਰੇਜ਼ ਨ ਉਹਨਾਂ ਦੀਆਂ ਬਨਾਈਆਂ ਸਿੰਘ ਸਭਾਵਾਂ ਰੋਕ ਪਾ ਸਕੀਆਂ ਹਨ ।

ਅਸਲੀਅਤ ਤਾਂ ਇਹੋ ਹੈ ਜੋ ਜਸਵੰਤ ਸਿੰਘ ਜੀ ਭੀ ਇਸੇ ਪੁਸਤਕ ਤੇ ਲਿਖੀ ਹੈ । "ਨਾਮਧਾਰੀਆਂ ਦਾ ਨਿਸ਼ਾਨਾ ਬਿਲਿਆਂ ਅੰਗਰੇਜ਼ਾਂ ਨੂੰ ਦੇਸ਼ ਚੋ ਕਢਣ ਦਾ ਸੀ (ਨਾ ਮਿਲਵਰਤਨ ਲਹਿਰ ਵਿਚ ਵੇਖੋ) ਅਤੇ ਰਿਆਸਤੀ ਰਜਵਾੜਿਆਂ ਨੇ ਆਪਣਾ ਬਚਾਅ ਅੰਗਰੇਜ਼ ਨੀਤੀ ਨੂੰ ਅਪਨੌਣ ਵਿੱਚ ਸਮਝ ਲਿਆ ਸੀ ਤੇ ਕਿਸੇ ਸਰਕਾਰ

Sri Satguru Jagjit Singh Ji Elibrary NamdhariElibrary@gmail.com

ਦੇ ਵਿਰੁਧ ਕੌਮੀ ਖਿਆਲ ਪੈਦਾ ਹੋਏ ਨੂੰ ਕੁਚਲਨਾ ਆਪਣਾ ਫਰਜ ਸਮਝਣ ਲਗ ਪਏ ਸਨ।" ਦੂ: ਛ: 144 ਪੰਨਾ

"ਪੁਜਾਰੀ ਇਨਾਂ ਦੀਆਂ ਰੀਤਾਂ ਤੋਂ ਬਹੁਤ ਚਿੜ ਗਏ ਤੇ ਉਹਨਾਂ ਨੇ ਨਾਮ-ਧਾਰੀਆਂ ਲਈ ਗੁਰਦੁਆਰੇ ਬੰਦ ਕਰ ਦਿਤੇ। ਸਰਕਾਰ ਨੇ ਆਪ ਦੀਆਂ ਸਰਗਰਮੀਆਂ ਰੋਕਣ ਲਈ ਪਾਬੰਦੀਆਂ ਲਾ ਦਿਤੀਆਂ।" ਦੂ: ਛ: ਪੰਨਾਂ 44

(ਇਹੋ ਗਲ ਹੀ ਆਲਿਮ ਜੀ ਜੁਗ ਪਲਟਾਊ ਸਤਿ ਗੁਰੂ) ਦੇ 164 ਪੰਨੇ ਤੇ ਲਿਖਦੇ ਹਨ।

' ਦੇਸ਼ ਅਤੇ ਕੌਮ ਦੀ ਸੁਤੰਤਰਤਾ ਬਦਲੇ ਖੇਲੇ ਗਏ ਖ਼ੂਨੀ ਡਰਾਮੇ ਵਿਚ ਜੇ ਸਿਖਾਂ ਦਾ ਅਮੀਰ ਤਬਕਾ ਅਤੇ ਉਸ ਦੇ ਨਾਲ ਹੀ ਗੁਰਦੁਆਰਿਆਂ ਦਾ ਪੁਜਾਰੀ ਅਤੇ ਡੇਰਿਆਂ ਦਾ ਮਹੰਤ ਸਮਾਜ, ਅੰਗਰੇਜ਼ ਦੇ ਪਖ ਵਿਚ ਕੂਕਿਆਂ ਦੇ ਵਿਰੁਧ ਨ ਨਾਚ ਨਚਦਾ ਤਾਂ ਅਵੱਲ ਤਾਂ ਸਾਰੇ ਹਿੰਦੁਸਤਾਨ ਨਹੀਂ ਤੇ ਘਟ ਤੋਂ ਘਟ ਪੰਜਾਬ ਦਾ ਮਾਨ ਚਿਤਰ (ਨਕਸ਼ਾ) ਤਾਂ ਗੁਲਾਮੀ ਦੇ ਲਾਲ ਰੰਗ ਦੀ ਉਲੀਕ ਤੋਂ ਜਰੂਰ ਰਹਿਤ ਹੁੰਦਾ। ਅਜ ਤੋਂ ਲਗ ਪਗ ਅਧੀ ਸਦੀ ਪਹਿਲੋਂ ਹੀ ਲਾਹੌਰ ਦੇ ਸ਼ਾਹੀ ਕਿਲੇ ਤੇ ਆਜ਼ਾਦੀ ਦਾ ਝੰਡਾ ਝੁਲਾਇਆ ਜਾਂਦਾ।"

ਲਿਖਦੇ ਇਕੋ ਗਲ ਹਨ ਦੋਵੇਂ। ਆਲਿਮ ਜੀ ਤੇ ਜੱਸ ਜੀ। ਪਰ ਜੱਸ ਜੀ ਆਪਣੇ ਇਨਾਮ ਦੇਣ ਵਾਲੇ ਦਾਤਿਆਂ ਨੂੰ ਖੁਸ਼ ਕਰਨ ਲਈ ਵਖਾਲਾ ਹੋਰ ਪਾਂਦੇ ਹਨ ਤੇ ਅੰਜਾਣਾਂ ਨੂੰ ਭੀ ਟਪਲਾ ਲਾਂਦੇ ਹਨ।

ਅਸਲੀਅਤ ਤੇ ਇਹੋ ਹੈ ਜੋ ਜਸਵੰਤ ਸਿੰਘ ਜੀ ਲੋਕ ਗੀਤਾਂ ਵਿਚ ਇਸੇ ਪੁਸਤਕ ਵਿਚ ਦੇਂਦੇ ਹਨ। "ਕੂਕੇ ਮਾਰ ਚਿਤਰ ਕਢ ਦੇਂਦੇ ਗੋਰਿਆਂ ਸਾਹਬਾਂ ਨੂੰ ਜੇ ਰਾਜੇ ਤੇ ਮਹੰਤ ਪੁਜਾਰੀ ਸਾਥ ਦੇਂਦੇ ਖਾਲਸੇ ਦਾ। ਮਤ ਗਈ ਰਾਜਿਆਂ ਦੀ ਮਾਰੀ ਰਾਜ ਲੈਕੇ ਮਾਲਵੇ ਦਾ "

ਸਿਰਫ ਅੰਜਾਣਾਂ ਨੂੰ ਟਪਲਾ ਦੇਣ ਲਈ ਤੇ ਇਨਾਮ ਲੈਣ ਲਈ ਆਪ ਹੋਰਾਂ ਨੇ ਵਿਖਾਲਾ ਅਸਲੀਅਤ ਲਿਖ ਭੀ ਹੋਰ ਹੀ ਪਾਇਆ ਹੈ।

. 146 ਪੰਨੇ ਤੇ ਜੋ ਜਸਵੰਤ ਸਿੰਘ ਜੀ ਨੇ ਲਿਖਿਆ ਹੈ---

Sri Satguru Jagjit Singh Ji Elibrary NamdhariElibrary@gmail.com

"ਇਸ ਤਰ੍ਹਾਂ ਬਾਬਾ ਜੀ ਦੀ ਅਦੁਤੀ ਸ਼ਖਸੀਅਤ ਸਰਬ ਸੁਧਾਰਕ ਬਨਣ ਨਾਲੋਂ ਇਕ ਵਖਰਾ ਫਿਰਕਾ ਬਣ ਕੇ ਰਹਿ ਗਈ। ਉਹਨਾਂ ਦੇ ਸਾਰੇ ਦੇ ਸਾਰੇ ਹੁਕਮਨਾਮੇਂ ਕੇਵਲ ਨਾਮਧਾਰੀਆਂ ਸੰਗਤਾਂ ਵਿਚ ਹੀ ਸੀਮਤ ਰਹੇ ਹਨ!"

ਇਸ ਦਾ ਉਤਰ ਇਹ ਹੈ ਕਿ "ਸ਼ਖਸੀਅਤ ਸਰਬ ਸੁਧਾਰਕ ਬਨਣ ਨਾਲੋਂ ਇਕ ਫਿਰਕਾ" ਜੋ ਉਨ੍ਹਾਂ ਲਿਖਿਆ ਹੈ ਇਹ ਅਖਰ ਹੀ ਗਲਤ ਹਨ ਕਿਉਂਕਿ ਸ਼ਖਸੀਅਤ ਫਿਰਕਾ ਨਹੀਂ ਬਣਦੀ। ਫਿਰਕੇ ਦਾ ਮਾਲਕ ਬਣ ਸਕਦੀ ਹੈ; ਵਿਆ-ਕਰਣ ਦੇ ਤੌਰ ਤੇ। ਕਿਉਂਕੇ ਫਿਰਕਾ ਕਈ ਸ਼ਖਸੀਅਤਾਂ ਰਲ ਕੇ ਬਣਦਾ ਹੈ। ਪਰ ਅਸੀਂ ਏਥੇ ਆਪ ਨੂੰ ਬਹੁਤਾ ਨਹੀਂ ਰਗੜਦੇ। ਕਿਉਂਕੇ ਝੂਠ ਤੇ ਈਰਖਾਂ ਤੇ ਤਲਖੀ ਵਿਚ ਪੈ ਲਿਖਣ ਨਾਲ ਐਸੀਆਂ ਉਕਾਈਆਂ ਅਵੱਸ਼ ਹੋ ਹੀ ਜਾਂਦੀਆਂ ਹਨ। ਜਿਵੇਂ ਕਿ ਜਸਵੰਤ ਸਿੰਘ ਜੀ ਤੋਂ ਹੋਈ ਹੈ।

ਅਸੀਂ ਜਸਵੰਤ ਸਿੰਘ ਜੀ ਦੇ ਲਿਖੇ ਵਿਚੋਂ ਪਹਿਲਾਂ ਉਤਰ ਦੇਂਦੇ ਹਾਂ। ਜੋ ਆਪ ਦੂ: ਭ: ਦੇ 100 ਪੰਨੇ ਸ੍ਰ: ਕਪੂਰ ਸਿੰਘ ਜੀ ਆਈ. ਸੀ. ਐਸ ਦੇ ਲਿਖੇ ਪੁਸਤਕ ਸਪਤ ਸ਼੍ਰਿੰਗ ਦੇ 11 ਪੰਨੇ ਤੋਂ ਦਿੱਤਾ ਹੈ।

"ਸਿਖ ਗੁਰੂਆਂ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਪਿਛੋਂ, ਬਾਬਾ ਰਾਮ ਸਿੰਘ ਇਕ ਬੜੇ ਮਹਾਨ ਸੁਧਾਰਕ ਤੇ ਰਾਹਨੁਮਾਂ ਹੋਏ ਹਨ ਜਿਨਾਂ ਨੇ ਸਮਾਜ ਵਿਚ ਮਰਦ ਤੇ ਇਸਤਰੀ ਦੀ ਸੰਪੂਰਨ ਤੇ ਮੁਕੰਮਲ ਏਕਤਾ ਦਾ ਪਰਚਾਰ ਕੀਤਾ ਤੇ ਆਪਣੇ ਪ੍ਰਚਾਰ ਵਿਚ ਸਫਲ ਹੋਏ। ਜੇ ਉਹਨਾਂ ਦੇ ਦੇਸ਼ ਤੇ ਜਾਤੀ ਲਈ ਜੋ ਹੋਰ ਮਹਾਨ ਕੰਮ ਕੀਤੇ ਹਨ, ਉਹ ਛਡ ਹੀ ਦੇਈਏ, ਤਾਂ ਉਹਨਾਂ ਦਾ ਇਕ ਇਹ ਪ੍ਰਚਾਰ ਕਿ ਇਸਤਰੀ ਤੇ ਮਰਦ ਸਮਾਜ ਵਿਚ ਬਰਾਬਰ ਦੇ ਹੱਕਦਾਰ ਹਨ, ਹੀ ਉਹਨਾਂ ਨੂੰ ਸੰਸਾਰ ਭਰ ਦੇ ਸ਼੍ਰੋਮਣੀ ਸੁਧਾਰਕਾਂ ਦੀ ਸਫ ਵਿਚ ਖੜਾ ਕਰ ਦਿੰਦਾ ਹੈ।"

ਪਾਠਕ ਸੋਚ ਸਕਦੇ ਹਨ। ਮਹਾਨ ਸੁਧਾਰਕ, ਤੇ ਰਾਹ ਨੁਮਾਂ, ਤੇ ਸੰਸਾਰ ਭਰ ਦੇ ਸ਼੍ਰੋਮਣੀ ਸੁਧਾਰਕਾਂ ਵਿਚ ਖੜੇ ਹੋਣ ਦੇ ਹਕਦਾਰ। ਆਪ ਹੀ ਲਿਖੇ। ਆਪ ਹੀ ਇਕ ਫਿਰਕਾ ਲਿਖਦੇ ਹਨ। ਇਹ ਕੀ ਜੋੜ ਬਣਿਆਂ ਸਰਬ ਸੁਧਾਰਕ

ਹੋਰ ਸਾਬਤ ਕਿਸ ਤਰ੍ਹਾਂ ਹੋ ਸਕਦਾ ਹੈ। ਜੋ ਗੁਰੂ ਨਾਨਕ ਜੀ ਤੇ ਦਸਮ ਜੀ ਤੋਂ ਬਾਦ ਮਹਾਨ ਸੁਧਾਰਕ ਤੇ ਰਾਹ ਨੁਮਾਂ ਤੇ ਸ਼੍ਰੋਮਣੀ ਸੁਧਾਰਕ ਕਹਿ ਦਿਤਿਆ ਨਹੀਂ ਬਣਦਾ। ਸਗੋਂ ਸ਼੍ਰੋਮਣੀ ਦਾ ਅਰਥ ਤੇ ਸਭ ਤੋਂ ਸ੍ਰੇਸ਼ਟ ਉਤਮ ਬਣਾਦਾ ਹੈ। ਵਾਹ ਜਸ ਸਾਹਿਬ। ਆਪ ਦੇ ਲਿਖੇ ਵਲ ਜੋ ਵੇਖੋ ਤੇ ਕੁਝ ਲਿਖੋ ਤਾਂ ਕੁਝ ਪਲੇ ਪੈਜੇ। ਇਹੋ ਭੀ ਅਖਰ ਤੁਸਾਂ "ਬਾਬਾ ਰਾਮ ਸਿੰਘ ਤੇ ਸਮਾਜ ਸੁਧਾਰ" ਤਲੇ ਦਿਤੇ ਹਨ। ਵੇਖੋ ਤੇ ਸਹੀ 84 ਪੰਨਾਂ ਦੂ: ਭ: ਦਾ।

"ਬਾਬਾ ਜੀ ਦੇ ਇਸਤਰੀ ਜਾਤੀ ਲਈ ਕੀਤੇ ਹੋਏ ਕੰਮਾਂ ਦਾ ਜਾਇਜ਼ਾ ਲੈਂਦੇ ਹੋਏ ਸਰਦਾਰ ਕਪੂਰ ਸਿੰਘ ਜੀ ਆਈ. ਸੀ. ਐਸ ਲਿਖਦੇ ਹਨ।"

"ਸਿਖ ਗੁਰੂਆਂ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਪਿਛੋਂ ਬਾਬਾ ਰਾਮ ਸਿੰਘ ਹਿੰਦੁਸਤਾਨ ਵਿਚ ਇਕ ਮਹਾਨ ਸੁਧਾਰਕ ਰਾਹ ਨੁਮਾਂ ਹੋਏ ਹਨ ਜਿਨ੍ਹਾਂ ਨੇ ਸਮਾਜ ਵਿਚ ਮਰਦ ਤੇ ਇਸਤਰੀ ਦੀ ਸੰਪੂਰਨ ਤੇ ਮੁਕੰਮਲ ਏਕਤਾ ਦਾ ਪਰਚਾਰ ਕੀਤਾ ਤੇ ਆਪਣੇ ਪ੍ਰਚਾਰ ਵਿਚ ਸਫਲ ਹੋਏ ਜੋ ਉਹਨਾਂ ਦੇ ਦੇਸ਼ ਤੇ ਜਾਤੀ ਲਈ ਜੋ ਮਹਾਨ ਕੰਮ ਕੀਤੇ ਹਨ, ਉਹ ਛਡ ਭੀ ਦੇਈਏ ਤਾਂ ਉਨ੍ਹਾਂ ਦਾ ਇਕ ਇਹ ਪਰਚਾਰ ਕਿ ਇਸਤਰੀ ਤੇ ਮਰਦ ਸਮਾਜ ਵਿਚ ਬਰਾਬਰ ਦੇ ਹਕਦਾਰ ਹਨ, ਹੀ ਉਨ੍ਹਾਂ ਨੂੰ ਸੰਸਾਰ ਭਰ ਦੇ ਸ਼੍ਰੋਮਣੀ ਸੁਧਾਰਕਾਂ ਦੀ ਸਫ ਵਿਚ ਖੜ੍ਹਾ ਕਰ ਦੇਂਦਾ ਹੈ। ਸਪਤ ਸ੍ਰਿੰਗ ਪੰਨਾਂ 11)

ਲਿਖੇ ਫੇਰ ਲਿਖਣਾ ਉਹ ਸਫਲ ਨਹੀਂ ਹੋਏ ਤੇ ਗੁਰੂ ਨਹੀਂ ਹੋਏ। ਸਦ ਸਰਬ ਸੁਧਾਰਕਾਂ ਨਾਲੋਂ ਸ਼੍ਰੋਮਣੀ ਹੋਏ ਤਾਂ ਬਾਕੀ ਰਿਹਾ ਫਰਜ ਇਹ ਕਿ ਜੋ ਸਭ ਗੁਰੂ ਸੁਧਾਰਕ ਹੋਏ ਹਨ। ਤੇ ਰਾਹ ਨੁਮਾਂ ਹੋਏ ਤਾਂ ਸਭ ਤੋਂ ਸ਼੍ਰੋਮਣੀ ਦਰਜਾ ਸਤਿ ਗੁਰੂ ਰਾਮ ਸਿੰਘ ਨੂੰ ਆਪ ਹੀ ਦੇਂਦੇ ਹੋ। ਜਿਵੇਂ ਗੁਰੂ ਗੋਬਿੰਦ ਸਿੰਘ ਜੀ ਲਿਖਿਆ। "ਦੁਆਦਸ ਪੁਰਖ ਹੈ ਆਦ ਸੋ ਸਭ ਹਨ ਕੇ ਸਿਰ ਮੌਰ। ਸਕਤ ਅੰਨਤੀ ਆਏ ਹੈ ਆਦ ਇਹੋ ਨਹੀਂ ਔਰ।" ਪਰ ਆਪ ਨੂੰ ਜੋ ਮਜਬੂਰੀ ਹੈ ਉਹ ਤੰਗ ਕਰਦੀ ਹੈ ਜੋ ਇਨਾਮ ਲੈਣ ਦਾ ਲਾਲਚ ਤੇ ਆਪਣੇ ਸੰਗੀਆਂ ਦੀ ਪਾਲਸੀ।

ਸੋ ਇਸ ਦਾ ਇਲਾਜ ਸੰਤੋਖ ਹੀ ਹੈ ਜਾ ਵਡਾ ਹੌਂਸਲਾ ਉਹ ਆਪ ਨੂੰ ਭਾਵੇਂ ਇਸ ਜਨਮ ਵਿਚ ਹਾਸਲ ਹੋਵੇ ਕਿ ਨ ।

ਹੋਰ ਜਸਵੰਤ ਸਿੰਘ ਜੀ ਦਾ ਲਿਖਿਆ ਇਸੇ ਅਰਥ ਅਸੀਂ ਦੇਂਦੇ ਹਾਂ ।

"ਬਾਬਾ ਜੀ ਨੇ ਨਾਮਧਾਰੀ ਸਮਾਜ ਦੀ ਉਸਾਰੀ ਪੰਚਾਇਤੀ ਰਾਜ ਦੇ ਨਿਜਮਾਂ ਦੇ ਅਧਾਰ ਤੇ ਕੀਤੀ ਹੈ । ਨਾਮਧਾਰੀ ਪਿੰਡਾਂ ਵਿਚ ਪੰਚਾਇਤਾਂ ਦੀ ਸਥਾਪਨਾ ਤੇ ਉਹਨਾਂ ਦਾ ਅਸਲੀ ਰੂਪ ਵਿਚ ਸਫਲਤਾ ਨਾਲ ਕੰਮ ਕਰਨਾ, ਨ ਕੇਵਲ ਪ੍ਰਾਚੀਨ ਭਾਰਤੀ ਰਵਾਇਤਾਂ ਨੂੰ ਕਾਇਮ ਰਖਣ ਦਾ ਜਤਨ ਸੀ । ਸਗੋਂ ਅੰਗਰੇਜੀ ਰਾਜ ਨੂੰ ਜੜ੍ਹੋਂ ਉਖੇੜ ਕੇ ਨਵੇਂ ਜਨ ਸਧਾਰਨ ਰਾਜ ਦੀਆਂ ਲੀਹਾਂ ਪਾਉਂਦਾ ਹੈ । ਆਪ ਜੀ ਦੇ ਚਲਾਏ ਹੋਏ ਬਦੇਸ਼ੀ ਤੇ ਨ ਮਿਲ ਵਰਤਨ ਦੇ ਪ੍ਰੋਗਰਾਮ ਨੇ ਪੰਜਾਬੀਆਂ ਵਿਚੋਂ ਕੌਮੀ ਜਜ਼ਬਿਆਂ ਨੂੰ ਖਤਮ ਨ ਹੋਣ ਦਿਤਾ । ਕਈ ਪ੍ਰਕਾਰ ਦੀਆਂ ਸਖਤੀਆਂ ਦੇ ਹੁੰਦਿਆਂ ਹੋਇਆਂ ਵੀ ਇਹ ਪ੍ਰੋਗਰਾਮ ਜਾਰੀ ਰਹੇ, ਅਤੇ ਇਹਨਾਂ ਨੂੰ ਲੋੜੀਂਦਾ ਸਮਝ ਕੇ ਮੁੜ ਵੀਹਵੀਂ ਸਦੀ ਵਿਚ ਮਹਾਤਮਾਂ ਗਾਂਧੀ ਨੇ ਅਪਨਾਇਆ "

144 ਪੰਨਾ ਓਹਾ ਗ੍ਰੰਥਾਂ ਦਾ ।

ਪਾਠਕ ਇਹ ਉਪਰ ਲਿਖਿਆ ਪੜ੍ਹ ਸੋਚ ਸਕਦੇ ਹਨ ।
ਸਤਿ ਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਸਮਾਜ ਦੀ ਉਸਾਰੀ ਕੀਤੀ ਉਹਨਾਂ ਦਾ ਅਸਲੀ ਰੂਪ ਵਿਚ ਕੰਮ ਕਰਨਾਂ ਭਾਰਤੀ ਰਵਾਇਤਾਂ ਨੂੰ ਕਾਇਮ ਰਖਣਾ, ਅੰਗਰੇਜ਼ ਰਾਜ ਨੂੰ ਜੜ੍ਹਾਂ ਤੋਂ ਉਖੇੜ ਕੇ ਨਵੇਂ ਜਨ ਸਧਾਰਨ ਰਾਜ ਦੀਆਂ ਲੀਹਾਂ, ਨ ਮਿਲ ਵਰਤਨ ਦੇ ਪ੍ਰੋਗਰਾਮ ਨੇ ਪੰਜਾਬ ਵਿਚੋਂ ਕੌਮੀ ਜਜ਼ਬਿਆਂ ਨੂੰ ਨ ਖਤਮ ਹੋਣ ਦਿਤਾ, ਇਹ ਪ੍ਰੋਗਰਾਮ ਜਾਰੀ ਰਹੇ, ਅਤੇ ਇਹਨਾਂ ਨੂੰ ਮੁੜ ਲੋੜੀਂਦਾ ਸਮਝਕੇ ਮਹਾਤਮਾਂ ਗਾਂਧੀ ਜੀ ਅਪਨਾਇਆ ਆਦ ਸ਼ਬਦਾ ਤੋਂ ਜਦ ਸਿਧ ਹੁੰਦਾ ਹੈ ਕਿ ਸਤਿ ਗੁਰੂ ਜੀ ਦੇ ਚਲਾਏ ਪ੍ਰੋਗਰਾਮ ਤੇ ਹੁਕਮਾਂ ਦੀ ਵਰਤੋਂ ਨੇ ਸੁਰਾਜ ਲਿਆਂਦਾ ਤਾਂ ਪੁਛਿਆ ਜਾ ਸਕਦਾ ਹੈ । ਕਿ ਹੁਕਮ ਨਾਮੇ ਕੇਵਲ ਨਾਮਧਾਰੀਆਂ ਵਿਚ ਹੀ ਕਿਵੇਂ ਸੀਮਤ ਰਹੇ ।

Sri Satguru Jagjit Singh Ji Elibrary NamdhariElibrary@gmail.com

ਕੀ ਹੁਕਮ ਨਾਮਾਂ ਉਹ ਹੀ ਹੁੰਦਾ ਹੈ ਜੋ ਕਾਗਤ ਤੇ ਹੀ ਲਿਖ ਰਖਿਆ ਜਾਵੇ ਜਾਂ ਹਰ ਗੁਰ ਵਾਕ ਜੋ ਹੁਕਮ ਹੋਵੇ ਉਹ ਹੁਕਮ ਨਾਮਾਂ ਹੀ ਹੁੰਦੇ । ਜੇ ਲਿਖਿਆ ਹੀ ਹੁਕਮ ਨਾਮਾਂ ਮੰਨੀਏ ਤਾਂ ਕੀਤੇ ਬਚਨ ਦੀ ਤਾਂ ਕੋਈ ਵੁਕਤ ਨਹੀਂ ਰਹਿ ਜਾਂਦੀ । ਤਾਂ ਫਿਰ ਇਸ ਤਰ੍ਹਾਂ ਗੁਰ ਨਾਨਕ ਜੀ ਤੋਂ ਲੈ ਸਭ ਗੁਰੂਆਂ ਦੇ ਬਚਨ ਜਬਾਨੀ ਜੋ ਉਹਨਾਂ ਕਹੇ ਸੀ । ਦੂਸਰੇ ਗੁਰੂ ਜੋਗ, ਉਹ ਸਭ ਐਵੇਂ ਹੀ ਮੰਨਣੇ ਪੈਣਗੇ । ਤੇ ਬਿਨਾਂ ਲਿਖੇ ਉਹਨਾਂ ਦੀ ਕੋਈ ਮਹਾਨਤਾ ਨ ਹੋਈ ਮੰਨਨਾ ਪਵੇਗਾ । ਜਿਹਾ ਕਿ ਗੁਰ ਨਾਨਕ ਜੀ ਨੇ ਲਹਿਣੇ ਨੂੰ ਗੁਰਤਾ ਕੁਝ ਲਿਖ ਕੇ ਦਿਤੀ ਸੀ । ਤੇ ਹੋਰ ਕਿਸੇ ਗੁਰੂ ਨੇ ਭੀ । ਤੇ ਬਾਬਾ ਬੁਕਾਲੇ ਕਹਿਣ ਦੀ ਕੋਈ ਕੀਮਤ ਕਦਰ ਨਹੀਂ ਰਹੇਗੀ । ਤੇ ਜੋ ਬਾਦ ਇਤਿਹਾਸ ਵਿਚ ਲਿਖਤ ਕਿਸੇ ਹੋਰ ਸ਼ਰਧਾਲੂ ਵਲੋਂ ਹੁੰਦੀ ਏ ਉਹ ਅਸਲ ਹੁਕਮ ਨਹੀਂ ਹੁੰਦਾ । ਕਿਉਂ ਕੇ ਉਹ ਭਿੰਨ ਭਿੰਨ ਅੱਖਰ ਹੁੰਦੇ ਹਨ ।

ਭਾਵੇਂ ਗੁਰਬਾਨੀ ਨੂੰ ਭੀ ਸਿੱਖ ਹੁਕਮ ਨਾਮੇ ਹੀ ਮੰਨਦੇ । ਹਨ ਪਰ ਜੋ ਗੁਰਤਾ ਸਬੰਧੀ ਜੋਤ ਤੇਤੋਂ ਲਗ ਕੇ ਜੋਤਿਆ ਗਿਆ ਹੈ ਸਭ ਜਬਾਨੀ ਹੀ ਜੋਤਿਆ ਹੋਇਆ ਹੈ । ਤੇ ਉਹ ਹੁਕਮ ਨਾਮੇ ਤੋਂ ਘਟ ਨਹੀਂ ਪ੍ਰਵਾਨਿਆ ਗਿਆ ਜਿਸ ਤੋਂ ਸਿਧ ਹੈ ਤੇ ਜੋ ਗੁਰੂ ਜੀ ਦਾ ਬਚਨ ਹੈ ਉਹ ਹੀ ਹੁਕਮ ਨਾਮਾਂ ਹੈ ।

ਸਤਿ ਗੁਰੂ ਰਾਮ ਸਿੰਘ ਜੀ ਦੇ ਹੁਕਮਾਂ ਬਚਨਾਂ ਨੂੰ ਅਥਵਾ ਹੁਕਮ ਨਾਮਿਆਂ ਨੂੰ ਤਦੋਂ ਤੋਂ ਲੈ ਹੁਣ ਤਕ ਮੰਨਣਾਂ ਜਾਰੀ ਰਖਿਆ । ਤੇ ਸੰਸਾਰ ਵਿਚ ਭੀ ਉਹ ਹੁਕਮ ਜੋ ਸਤਿ ਗੁਰੂ ਜੀ ਨਾਮ ਧਾਰੀਆਂ ਲਈ ਪ੍ਰਚਲਤ ਕੀਤੇ ਸੀ ਜੋ ਪਾਠਕ ਉਪਰ ਜਸਵੰਤ ਸਿੰਘ ਜੀ ਦੀ ਜਬਾਨੀ ਲਿਖੇ ਪੜ੍ਹ ਆਏ ਹਨ ਜਿਨ੍ਹਾਂ ਨੂੰ ਮਹਾਤਮਾਂ ਗਾਂਧੀ ਜੀ ਅਪਨਾਇਆ ਤਾ ਉਹ ਹੁਕਮ ਨਾਮੇ ਸੀਮਤ ਕਿਵੇਂ ਰਹੇ ।

ਹੋਰ ਉਹ ਹੁਕਮ ਨਾਮੇ ਜਾਰੀ ਰਹਿਨ ਦੇ ਸਬੂਤ ਲਈ ਜਸਵੰਤ ਸਿੰਘ ਜੀ ਦੇ ਲਿਖੇ ਵਿਚੋਂ 145 ਪੰਨੇ ਤੇ ਪੜੋ । "ਕੂਕਿਆਂ ਦੀਆਂ ਸਚੀਆਂ ਗਵਾਹੀਆਂ ਉਹਨਾਂ ਦੇ ਜਾਨੀ ਦੁਸ਼ਮਨ ਅੰਗਰੇਜ਼ਾਂ ਹਾਕਮਾਂ ਦੀਆਂ ਨਜਰਾਂ ਵਿਚ ਸਤਿਕਾਰ ਲੈ ਸਕਦੀਆਂ ਹਨ ।"

Sri Satguru Jagjit Singh Ji Elibrary NamdhariElibrary@gmail.com

ਇਸ ਪੁਸਤਕ ਦੇ 76–77 ਪੰਨੇ ਤੇ ਸੰਤ ਨਿਹਾਲ ਸਿੰਘ ਜੀ ਰੁਗਾਂਵਾਂ ਜਿਲਾ ਅੰਮਰਿਤਸਰ ਦਾ ਸਚ ਬੋਲਣ, ਦੋਸ਼ ਮੰਨਣ, ਦੀ ਸੋਭਾ ਜਸਵੰਤ ਸਿੰਘ ਜੀ ਲਿਖਦਿਆਂ ਜੋ ਵਾਰਤਾ ਲਿਖੀ ਹੈ ਉਹ ਸਤਿ ਗੁਰੂ ਜੀ ਦੇ ਬਦੇਸ਼ ਜਾਣ ਤੋਂ ਬਹੁਤ ਚਿਰ ਬਾਦ ਕੀ ਏ। ਗੁਰੂ ਹਰੀ ਸਿੰਘ ਜੀ ਦੇ ਸਮੇਂ ਦੀ ਉੱਚਤਾ ਤਤ ਪਰ ਇਸ ਲੇਖ ਬਾਰੇ ਆਪ ਲਿਖਦੇ ਹਨ।

"ਨਾਮ ਧਾਰੀਆ ਦੇ ਆਚਰਨ ਵਿਚ ਵੇਖੀ ਗਈ ਅਜੇਹੀ ਉਚਤਾ ਨ ਵੈਰੀ ਫਿਰਕਿਆਂ ਵਿਚ ਵੀ ਉਹਨਾਂ ਲਈ ਆਮ ਵਰਤੇ ਸਤਿਕਾਰ ਭਰ ਦਿਤਾ ਹੋਇਆ ਸੀ। ਭਾਵੇਂ ਕੂਕੇ ਤੇ ਅੰਗਰੇਜ਼ਾਂ ਵਿਚ ਕਿੰਨੇ ਭੀ ਵਖੇਵੇਂ ਕਿਉਂ ਨ ਹੋਣ। ਇਕ ਕੂਕੇ ਦੀ ਗਵਾਹੀ ਝੂਠ ਸਚ ਦਾ ਨਤਾਰਾ ਕਰਨ ਵਾਲੀ ਸਮਝੀ ਜਾਂਦੀ ਸੀ। ਕੋਈ ਭੁਲ ਹੋ ਜਾਣ ਤੇ ਮਾਫੀ ਮੰਗ ਲੈਣੀ ਕੋਈ ਗੁਨਾਹ ਕਰਕੇ ਇਕਬਾਲ ਕਰ ਲੈਣਾ, ਕੇ ਕਰਤੇ ਤੋਂ ਕਰਤਾ ਦੰਡ ਖਿੜੇ ਮਥੇ ਝਲਣ ਲਈ ਤਿਆਰ ਹੋ ਜਾਣਾਂ ਆਦ ਸ਼ੁਭ ਗੁਣਾਂ ਨੇ ਕੂਕਿਆਂ ਦੇ ਅਕਲ ਮਾਣ ਵਿਚ ਬਹੁਤ ਵਾਧਾ ਕੀਤਾ"

ਪਾਠਕ ਉਪਰ ਲਿਖਿਆ ਪੜ੍ਹ ਵਿਚਾਰ ਸਕਦੇ ਹਨ। ਇਹ 77 ਪੰਨੇ ਤੇ ਲਿਖਤ ਲਿਖੀ। ਤੇ ਜੋ ਆਪ ਹੀ ਜਸਵੰਤ ਸਿੰਘ ਜੀ ਨੇ ਲਿਖੀ ਹੈ ਪਾਠਕ ਨਿਰਨਾ ਕਰਨ ਕਿ ਉਹਨਾਂ (ਸਤਿ ਗੁਰੂ ਰਾਮ ਸਿੰਘ ਜੀ) ਦੇ ਪ੍ਰੋਗਰਾਮ ਜਾਰੀ ਰਹੇ ਕਿ ਸੀਮਤ ਹੋ ਕੇ ਰਹਿ ਗਏ।

ਜਿਵੇਂ ਪਾਠਕ ਪਿਛੇ ਪੜ੍ਹ ਆਏ ਹਨ। (ਗੁਰੂ ਕਾ ਲੰਗਰ) ਬਦਲ ਕੇ ਦੂਜੀ ਵਾਰ ਸਦਾ ਬਰਤ ਲਿਖਣ ਤੇ ਵੀ ਜਸਵੰਤ ਸਿੰਘ ਜੀ ਤੋਂ ("ਗੁਰੂ ਕਾ ਲੰਗਰ ਮੁੜ ਪੈਰਾਂ ਤੇ ਖਲੋ ਗਿਆ)" ਤੇ "ਜੋ ਵੀ ਭੇਟਾ ਚੜ੍ਹਦੀ ਗੁਰੂ ਦੇ ਲੰਗਰ ਵਿਚ ਪਾ ਦਿਤੀ ਜਾਂਦੀ"। ਲਿਖਿਆ ਗਿਆ ਹੈ ਤਿਵੇਂ ਮਾਤਾ ਜਿਉਣ ਕੌਰ ਜੀ ਦੇ ਵਰਤਾਉ ਦੀ ਸਿਫਤ ਭੀ ਜੋ ਜਸਵੰਤ ਸਿੰਘ ਜੀ ਤੋਂ ਬਣੇ ਬਣੀ ਹੋ ਗਈ ਹੈ। ਉਹ ਭੀ ਇਹੋ ਸਾਬਤ ਕਰਦੀ ਹੈ ਕਿ ਸਤਿ ਗੁਰੂ ਜੀ ਦੇ ਪ੍ਰੋਗਰਾਮ ਤੇ ਹੁਕਮ ਸਦਾ ਜਾਰੀ ਰਹੇ। ਜਿਹਾ ਕਿ ਆਪ ਲਿਖਦੇ ਹਨ।

Sri Satguru Jagjit Singh Ji Elibrary NamdhariElibrary@gmail.com

"ਬਾਬਾ ਰਾਮ ਸਿੰਘ ਜੀ ਦਾ ਜਾਰੀ ਕੀਤਾ ਹੋਇਆ ਲੰਗਰ ਤੇ ਸਦਾ ਵਰਤ ਉਸੇ ਤਰ੍ਹਾਂ ਚਲ ਰਿਹਾ ਹੈ। ਹਜ਼ਾਰਾਂ ਮਣ ਅਨਾਜ ਹਰ ਸਾਲ ਪਕਦਾ ਹੈ।" ਤੇ ਜੋ ਸਤਿ ਗੁਰੂ ਰਾਮ ਸਿੰਘ ਜੀ ਤੋਂ ਲੈ ਸਤਿਗੁਰੂ ਪਰਤਾਪ ਸਿੰਘ ਜੀ ਤਕ ਹਵਨ ਤੇ ਪਾਠ ਸਧਾਰਨ ਤੇ ਅਖੰਡ ਹੋਏ ਕਈ ਲਖ (ਪੰਨਾ 40) ਇਹ ਭੀ ਤਾਂ ਸਤਿ ਗੁਰੂ ਰਾਮ ਸਿੰਘ ਜੀ ਦੇ ਹੁਕਮ ਦੀ ਕਾਰ ਹੋਈ ਹੈ। ਤੇ ਸਰਬ ਸੰਪ੍ਰਦਾਏ ਕਾਨਫ਼੍ਰੰਸਾਂ ਵਿਚ ਸਭ ਪੰਥਾਂ ਨੇ ਮੰਨਿਆ ਕਿ ਇਹ ਹੀ ਇਕ ਅਸਥਾਨ ਹੈ ਜੋ ਸਭ ਲਈ ਸਾਂਝਾ ਹੈ। ਤੇ ਆਜ਼ਾਦੀ ਦੀ ਲਹਿਰ ਵਿਚ ਮਹਾਤਮਾਂ ਗਾਂਧੀ ਜੀ ਤੇ ਜਵਾਹਰ ਲਾਲ ਜੀ ਨਾਲ ਮਿਲ ਕੇ 1629 ਤੋਂ ਪਹਿਲਾਂ ਤੇ ਉਸ ਸਮੇਂ ਤੇ ਬਾਦ ਜੋ ਨਾਮ ਧਾਰੀ ਪੰਥ ਨੇ ਸਤਿ ਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਜਲੂਸ ਵਿਚ ਸਮੇਤ ਘੋੜਿਆਂ ਤੇ ਅਨੇਕ ਸਿੰਘਾਂ ਦੇ ਮਹਾਰਾਜਾ ਨਿਹਾਲ ਸਿੰਘ ਜੀ ਦੀ ਅਗਵਾਈ ਵਿਚ ਸਾਥ ਦਿਤਾ ਤੇ ਕਾਂਗਰਸ ਨਾਲ ਰਲ ਕੈਦਾਂ ਕਟੀਆਂ ਉਹ ਸਭ ਕੁਝ ਜਸਵੰਤ ਸਿੰਘ ਜੀ ਵੇਖ ਸੁਣ ਕਿਵੇਂ ਕਹਿ ਸਕਦੇ ਹਨ ਕਿ "ਬਾਬਾ ਜੀ ਦੇ ਪ੍ਰੋਗਰਾਮ ਤੇ ਹੁਕਮ ਨਾਮੇ ਨਾਮ ਧਾਰੀਆਂ ਵਿਚ ਹੀ ਸੀਮਤ ਰਹੇ।" ਇਸ ਲਈ ਜਸਵੰਤ ਸਿੰਘ ਜੀ, ਆਪਣਾ ਹੀ ਲਿਖਿਆ ਪੜ੍ਹ ਕਿ "ਉਹੋ ਪ੍ਰੋਗਰਾਮ ਗਾਂਧੀ ਜੀ ਨੇ ਵੀ ਅਪਨਾਇਆ। ਮੰਨਣਾਂ ਪਵੇਗਾ ਉਹ ਪ੍ਰੋਗਰਾਮ ਤੇ ਹੁਕਮ ਜਾਰੀ ਰਹੇ ਤੇ ਸੀਮਤ ਨ ਹੋਏ ਸਗੋਂ ਸਭ ਸੰਸਾਰ ਤੇ ਪ੍ਰਚਲਤ ਹੋਏ ਪੰਚਾਇਤੀ ਰਾਜ ਕਾਇਮ ਹੋਣ ਨਾਲ।

ਹੋਰ ਜਸਵੰਤ ਸਿੰਘ ਜੀ ਨੇ ਆਪ ਹੀ ਇਹ ਭੀ ਲਿਖਿਆ ਹੈ। "ਰੰਗੂਨ ਜੇਲ ਵਿਚੋਂ ਭੀ ਬਾਬਾ ਜੀ ਦੀ ਚਿਠੀ ਪਤ੍ਰੀ ਰੂਸ ਨਾਲ ਜਾਰੀ ਰਹਿੰਦੀ ਸੀ। ਜਿਸ ਬਾਰੇ ਅੰਗਰੇਜ਼ੀ ਸਰਕਾਰ ਨੂੰ ਪੂਰਾ ਪੂਰਾ ਸ਼ੱਕ ਸੀ।" ਪੰਨਾ 91। "ਕੈਦ ਖਾਨੇ ਵਿਚੋਂ ਵੀ ਰੂਸੀ ਤੁਰਕਸਤਾਨ ਦੇ ਗਵਰਨਰ ਰਾਹੀਂ ਰੂਸ ਨਾਲ ਚਿਠੀ ਪਤ੍ਰੀ ਰਖਦੇ ਸੀ।" ਪੰਨਾ 92।

ਇਹ ਉਪਰ ਲਿਖਿਆ ਪੜ੍ਹ ਤੇ ਵਿਚਾਰ ਕੇ ਸਿਧ ਹੋ ਜਾਂਦੇ ਕਿ ਸਤਿ ਗੁਰੂ

Sri Satguru Jagjit Singh Ji Elibrary NamdhariElibrary@gmail.com

ਰਾਮ ਸਿੰਘ ਜੀ ਦੇ ਅਮਲੀ ਭੇਤ ਹੁਕਮ ਨਾਮੇ ਤੇ ਪ੍ਰੋਗਰਾਮ ਜਾਰੀ ਰਹੇ ਤੇ ਭਾਰਤ ਅਜ਼ਾਦ ਹੋਇਆ।

ਜਸਵੰਤ ਸਿੰਘ ਜੀ ਜਿਹਾਂ ਨੂੰ ਪਤਾ ਹੋਣਾ ਚਾਹੀਦੈ, ਹੁਣ ਉਹ ਸਮਾਂ ਬੀਤ ਗਿਆ ਹੈ। ਜਦ ਸਤਿ ਜੁਗ ਅਖਬਾਰ ਤੇ ਸਤਿ ਗੁਰੂ ਰਾਮ ਸਿੰਘ ਜੀ ਦਾ ਨਾਮ ਲਿਖਣਾ ਤੇ ਨਾਮਧਾਰੀ ਸ਼ਹੀਦਾਂ ਦੇ ਕਾਰਨਾਮੇ ਲਿਖਣ ਕਰ ਸਤਿ ਜੁਗ ਜ਼ਬਤ ਕੀਤਾ ਜਾਂਦਾ ਸੀ। ਤੇ ਗੁਰੂ ਬਾਲਕ ਸਿੰਘ ਜੀ ਦਸਮ ਜੀ ਦੇ ਮਿਲਾਪ ਵਾਲੀ ਫੋਟੋ ਜ਼ਬਤ ਕੀਤੀ ਗਈ ਸੀ।

ਹੁਣ ਸਤਿ ਗੁਰੂ ਜੀ ਦੇ ਹੁਕਮਾਂ ਤੇ ਕੂਕਿਆਂ ਸ਼ਹੀਦਾਂ ਦੀ ਕੁਰਬਾਨੀ, ਤੇ ਨਾਮ ਧਾਰੀ ਪੰਥ ਦਾ ਤੇ ਮਹਾਰਾਜਾ ਨਿਹਾਲ ਸਿੰਘ ਜੀ ਤੇ ਮਹਾਰਾਜਾ ਗੁਰਦਿਆਲ ਸਿੰਘ ਜੀ ਦਾ ਕੀਤਾ ਉਦਮ ਤੇ ਕੈਦ ਹੋਣਾ ਮਹਾਰਾਜਾ ਨਿਹਾਲ ਸਿੰਘ ਜੀ ਤੇ ਊਧਮ ਸਿੰਘ ਜੀ ਪਖੀ ਸੰਤ ਮੰਗਲ ਸਿੰਘ ਜੀ, ਆਲਿਮ ਜੀ ਮੁਨਸ਼ਾ ਸਿੰਘ ਜੀ ਕੌਮੀ ਦੂਖਾ ਸਿੰਘ ਜੀ ਫਕੜੇ, ਲਾਲ ਸਿੰਘ ਜੀ ਭਾਈ ਭੱਟ ਆਦ ਦਾ ਕਾਂਗਰਸ ਨਾਲ ਮਿਲਕੇ ਕੰਮ ਕਰਨਾ ਤੇ ਕੈਦ ਹੋਣਾ ਤੇ ਕਸ਼ਟ ਸਹਿਣਾ ਕੋਈ ਗੁਝਾ ਛਿਨਾ ਤੇ ਕੰਮ ਨਹੀਂ। ਦੇਸ਼ ਅਜ਼ਾਦ ਹੋ ਗਿਆ ਹੈ। ਤੇ ਸਤਿ ਗੁਰੂ ਰਾਮ ਸਿੰਘ ਜੀ ਦਾ ਬਚਨ। "ਸਾਰੇ ਢਖ ਮਾਰ ਕੇ ਹਉਲੇ ਹੋਇ ਜਾਣਗੇ।" ਅਨੁਸਾਰ ਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਪ੍ਰਤਾਪ ਦੀ ਬਰਕਤ ਸਭ ਵਿਰੋਧੀਆਂ ਦੇ ਮੂੰਹ ਬੰਦ ਹੋ ਗਏ ਹਨ। ਜੇ ਕੋਈ ਜਸਵੰਤ ਸਿੰਘ ਜੀ ਜਿਹਾ ਸਾਡੇ ਵਰੁਧ ਕਾਲੀਆਂ ਕਰਤੂਤਾਂ ਕਰਦਾ ਹੈ ਤਾਂ ਉਹ ਆਪ ਹੀ ਈਰਖਾ ਦਾ ਮਾਰਿਆ ਸਾਬਤ ਹੁੰਦਾ ਹੈ। ਹਰ ਦੇਸ਼ ਅਜ਼ਾਦ ਕਰੌਣ ਵਾਲੇ ਉਤਸ਼ਾਹੀ ਤੇ ਸੂਰਮਿਆਂ ਤੇ ਆਗੂਆਂ ਵਿਚ ਜਦ ਨਾਮਧਾਰੀ ਪੰਥ ਦਾ ਤੇ ਸਤਿ ਗੁਰੂ ਜੀ ਦਾ ਨਾਮ ਪੜਦਾ ਸੁਣਦਾ ਹੈ। ਤੇ ਉਹ ਅਸਥਾਨ ਜਗਤ ਪ੍ਰਸਿਧ ਗਿਣੇ ਜਾਣ ਲਗ ਪਏ ਹਨ ਜਿਥੇ ਜਿਥੇ ਸ਼ਹੀਦ ਹੋਏ ਸੀ। ਤੇ "ਸਚਹੁ ਉਰੈ ਸਭ ਕੋ:" ਸਚ ਹੋ ਰਿਹਾ ਹੈ। ਤੇ ਸ਼੍ਰੋਮਣੀ ਸੁਧਾਰਕਾਂ ਵਿਚ ਸਤਿ ਗੁਰੂ ਰਾਮ ਸਿੰਘ ਜੀ ਦਾ ਨਾਮ ਗਿਣਿਆ ਜਾ ਰਿਹਾ ਹੈ ਵੇਖ ਉਹ ਆਪੇ ਹੀ ਝੇਪ ਖਾਂ ਜਾਂਦੇ।

ਅਸੀਂ ਇਹ ਮੰਨਦੇ ਹਾਂ ਕਿ ਅਸੀਂ ਅੰਗਰੇਜ਼ੀ ਰਾਜ ਸਮੇਂ, ਸਤਿ ਗੁਰੂ ਰਾਮ ਸਿੰਘ ਜੀ ਦੀ ਅੰਗਰੇਜ਼ੀ ਰਾਜ ਨਾਲ ਨਾ ਮਿਲਵਰਤਨ ਕਰ ਵਿਦਿਆ ਵਲੋਂ ਪਛੜੇ ਰਹੇ ਹਾਂ। ਪਰ ਸਾਨੂੰ ਕੋਈ ਅਫਸੋਸ ਨਹੀਂ। ਕਿਉਂਕਿ ਜੋ ਗੁਰ ਵਾਕ, "ਸਚ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ," ਹੈ ਸਾਰੰਗ ਦੀਵਾਰ ਮ: 3 ਅਨੁਸਾਰ ਸਦਾ ਉਜਲਾ ਤੇ ਸਚਾ ਨਾਮਧਾਰੀ ਪੰਥ ਦੇ ਮਾਲਕ ਸਤਿ ਗੁਰੂ ਰਾਮ ਸਿੰਘ ਜੀ ਤੇ ਸ਼ਹੀਦਾਂ ਨਾਮਧਾਰੀਆਂ ਦੇ ਕਾਰਨਾਮੇ ਇਤਿਹਾਸ ਤੇ ਧਰਮ ਪੁਸਤਕਾਂ ਵਿਚ ਅਰਥ ਆਦਰ ਤੇ ਪਿਆਰ ਨਾਲ ਲਿਖਿਆ ਵੇਖਿਆ ਜਾਵੇਗਾ। ਜੋ ਸਾਡੇ ਸੁਦੇਸ਼ੀ ਰਾਜ ਦੇ ਹੋਣ ਕਰਕੇ ਵਿਦਿਆ ਸਾਡੇ ਵਿਦਿਆਰਥੀ ਪੜ੍ਹਨਗੇ ਸੋ ਸਭ ਵਡਿਆਂ ਵਲੋਂ ਦਿਤੇ ਵਿਰਸੇ ਵਿਚੋਂ ਸਚ ਦੀ ਖੋਜ ਕਰ ਉਸਰੇ ਹੀ ਸੁਣ ਪੜ੍ਹ ਰੌਸ਼ਨ ਕਰ ਸਕਣ ਗੇ। ਤੇ ਗੁਰੂ ਬਾਲਕ ਸਿੰਘ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਮਿਲਣਾ ਆਦ ਤੇ ਸ਼ਹੀਦਾਂ ਦੇ ਕਾਰਨਾਮੇ ਉਜਾਗਰ ਕਰ ਵਿਖਾਣਗੇ। ਤੇ ਆਪਣੇ ਨਾਮ ਧਾਰੀ ਪੰਥ ਦੀ ਖੂਬੀਆਂ ਪ੍ਰਗਟ ਤੇ ਪ੍ਰਸਿਧ ਕਰ ਵਿਖਾਣਗੇ।

---

## ਇਸੇ ਪੁਸਤਕ ਦੇ ਪੰਨੇ 145 ਤੇ ਜੋ ਜਸਵੰਤ ਸਿੰਘ ਜੀ ਲਿਖਿਆ ਹੈ।

## "ਸਤ੍ਰਧਾਲੂਆਂ ਦੇ ਆਪ ਜੀ ਨੂੰ ਗੁਰੂ ਕਹਿਣ ਨਾਲ ਸਾਰੀ ਬਣੀ ਬਣਾਈ ਖੇਲ ਵਿਗੜ ਗਈ।"

ਇਸ ਦਾ ਉਤਰ ਅਸੀਂ ਭਾਵੇਂ ਅਗੇ ਭੀ ਦੇ ਆਏ ਹਾਂ। ਪਰ ਏਥੇ ਸਿਵਾਏ

Sri Satguru Jagjit Singh Ji Elibrary NamdhariElibrary@gmail.com

ਸਿਖ ਸਰਧਾਲੂਆਂ ਹੋਰ ਭਵਿਖਤ ਗੁਰ ਵਾਕਾਂ ਤੇ ਇਤਿਹਾਸਾਂ ਵਿਚੋਂ ਪਾਠਕਾਂ ਨੂੰ ਦਸਦੇ ਹਾਂ ਸਤਿ ਗੁਰੂ ਜੀ ਨੂੰ ਗੁਰੂ ਤੇ ਬਾਰਵਾਂ ਜਾਮਾਂ ਕਿਸ ਕਿਸ ਨੇ ਪੂਰਨ ਸਤਿ ਗੁਰੂ ਤੇ ਸਮਰਥ ਜਾਣ ਕਿਹਾ ਹੈ ।

ਗੁਰੂ ਨਾਨਕ ਜੀ ਮਕੇ ਮਦੀਨ ਦੀ ਗੋਸਟ ਵਿਚ ਜੋ ਵਾਕ ਕੀਤਾ ਹੈ। "ਸਾਰਾ ਕਲਜੁਗ ਭੋਗਸੀ ਨਾਨਕ ਧਰੇ ਅਵਤਾਰੇ।" ਇਹ ਨਵੇਂ ਨਵੇਂ ਜਾਮੇ ਧਾਰ ਹੀ ਕਲ ਜੁਗ ਨੂੰ ਪੂਰਾ ਕਰਨਾ ਦਸਦਾ ਹੈ। ਤੇ ਜਾਮੇ ਅਜਿਤੇ ਰੰਧਾਵੇ ਦੀ ਗੋਸ਼ਟ ਵਿਚ ਜੋ ਲਿਖਿਆ ਹੈ। "ਬਾਰਵਾਂ ਜਾਮਾਂ ਜਦ ਗੁਰੂ ਹੋਵੇਗਾ। ਸਭ ਤੋਂ ਨਿਰਲੋਭ, ਨਿਰਲੇਪ ਤੇ ਸਭ ਦੁਨੀਆਂ ਤੋਂ ਨਿਆਰਾ ਰਹੇਗਾ।"

ਜਨਮ ਸਾਖੀ ਬਾਲੇ ਵਾਲੀ ਪੰਨਾ 542—43 ।

ਇਹ ਜਨਮ ਸਾਖੀ ਮੈ ਸਭ ਇਤਿਹਾਸ ਗੁਰੂ ਨਾਨਕ ਘਰ ਦਾ ਮੁਢ ਹੈ। ਇਸ ਨੂੰ ਹੀ ਝੂਠਾ ਸਾਬਤ ਕਰਨ ਲਈ ਕਈਆਂ ਜੋਰ ਲਾਇਆ ਪਰ ਉਹ ਆਪ ਹੀ ਹਰ ਗਏ। ਬਾਲਾ ਜੀ ਤੇ ਕਤਕ ਪੂਰਨ ਅਸੀਂ ਨਹੀਂ ਹਟਾ ਸਕੇ। ਤੇ ਦਸ ਸਕੇ ਇਸ ਗੁਰੂ ਨਾਨਕ ਜੀ ਦੇ ਇਤਿਹਾਸ ਦਾ ਮੁਢ ਹੋਰ ਕਿਵੇਂ ਟੁਰਿਆ ।

ਗੁਰੂ ਗੋਬਿੰਦ ਸਿੰਘ ਜੀ ਭਵਿਖਤ ਵਾਕਾਂ ਵਿਚ ਲਿਖਦੇ ਹਨ।

"ਬਾਚੀ ਸਤ ਗੁਰ ਕਹੀਐ ਸੋਈ।
ਸਮਕਲਾ ਤੇ ਅਵਤਾਰ ਹੋਈ ।"
ਪੋਥੀ ਪ੍ਰਹਿਲਾਦ ਸਾਗਰ ।

"ਜਾਹੀ ਕੁਲ ਤੇ ਪ੍ਰਗਟ ਹੋਏ ਤਾਹੀ ਕੁਲ ਕੋ ਨਾਮ
ਪੁਨ ਦੁਆਦਸ ਗੋਬਿੰਦ ਕੋ ਮੇਰੀ ਹੈ ਪਰਨਾਮ,
ਦੁਆਦਸ ਪੁਰਖ ਹੈ ਆਦ ਮੈ ਸਭ ਹਨ ਕੇ ਸਿਰ ਮੋਰ।
ਸਕਤ ਅੰਨਤੀ ਆਹਿ ਹੈ ਆਦ ਇਹੇ ਨਹੀਂ ਔਰ।

ਗੁਰਬਿਲਾਸ ਨਾਮਾਂ

Sri Satguru Jagjit Singh Ji Elibrary NamdhariElibrary@gmail.com

ਕਲ ਜੁਗ ਮੈਂ ਸਤਿ ਜੁਗ ਵਰਤਾਊਂ,
ਤਬੀ ਬਾਰਵਾਂ ਬਪ ਕਹਾਊਂ ।
ਕਲ ਜੁਗ ਤੇ ਸਤਿ ਜੁਗ ਕਰ ਠਾਨੈ ।
ਤਬੀ ਬਾਰਵਾਂ ਬਪ ਪਹਿਚਾਨੈਂ
ਰਾਮ ਸਿੰਘ ਤਾਮੈ ਮਮਜਾਰਾ ।
ਦੇਸ਼ ਮਲਵੇ ਮੈਂ ਅਵਤਾਰਾ ।

ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਲਿਖਦੇ ਹਨ । ਸਤਿ ਗੁਰੂ ਰਾਮ ਸਿੰਘ ਜੀ ਬਾਬਤ ।

"ਐ ਪੈ ਗੁਰ ਦਸਮ ਦਰਸ ਦੈ ਜੋ ਕਹਿਉ ਤਾਹਿ,
ਮੇਰੋ ਅਵਤਾਰ ਅੰਸ ਰਾਮ ਸਿੰਘ ਹਵੈ ਭਰੋ ।"

ਤੇ ਫੇਰ ਗੁਰੂ ਬਾਲਕ ਸਿੰਘ ਜੀ, ਵਲੋਂ; "ਪੰਥ ਅਧਿਕਾਰੀ ਈਸ ਅੰਸ ਅਵ-ਤਾਰੀ," ਅਰਥਾਤ ਉਹ ਅਧਿਕਾਰ ਰਖਣ ਵਾਲੇ ਈਸ ਅੰਸ ਅਵਤਾਰੀ ਹੈ ।

ਜਸਵੰਤ ਸਿੰਘ ਜੀ ਨੇ ਭੀ ਜੋ ਕਬਿਤ ਇਸੇ ਪੁਸਤਕ ਦੇ 14 ਪੰਨੇ ਤੇ ਲਿਖਿਆ ਗਿਆ ਹੈ ।

ਪਾਇ ਇਹ ਹੁਕਮ ਪ੍ਰਮੇਸ਼ ਕਾ ਵਿਸ਼ੇਸ਼ ਇਰ,
ਰਾਮ ਪਰਦੇਸ ਉਪਦੇਸ਼ ਦੇਨ ਲਾਗਿਯੋ ।
ਫੈਲਿਯੋ ਜਸ ਭਾਰੀ ਸਿਖ ਬੀਏ ਤਾਹਿ ਕੇ ਅਪਾਰੀ,
ਸਿਖ ਪੰਥ ਬਿਰਦਾਨੈ ਨਾਮ ਰਸ ਪਾ ਗਿਯੋ ।
ਹੁਕੇ ਛੁਡਵਾਏ ਰਖਵਾਏ ਕੇਸ ਮੋਨਿਓਂ ਕੇ,
ਸੂਧਾ ਢਕਾ ਬਾਏ ਸਿਖ ਭਾਗ ਜਿਨੇ ਜਾਗਿਯੋ ।
ਫ਼ੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ,
ਠੱਗੀ ਤਜ ਥੀਏ ਸੰਤ ਸਤਿ ਜੁਗ ਆਗਿਯੋ ।

Sri Satguru Jagjit Singh Ji Elibrary NamdhariElibrary@gmail.com

ਇਹ ਉਪਰ ਲਿਖਿਆ ਪਤ ਮੰਨਣਾ ਪੈ ਦੈ ਕਿ ਜਿਨਾਂ ਨੂੰ ਪਰਮ ਏਸ ਵਲੋਂ ਹੁਕਮ ਲਗਦਾ ਹੈ ਤੇ ਜਿਨ੍ਹਾਂ ਦੇ ਸਿਖ ਹੁੰਦੇ ਹਨ। ਉਹ ਸਤਿ ਗੁਰੂ ਰਾਮ ਸਿੰਘ ਜੀ ਪੂਰਨ ਅਵਤਾਰ (ਗੁਰੂ ਸਨ, ਜਿਨਾਂ ਦੇ ਉਪਦੇਸ਼ ਨਾਲ ਕਲ ਜੁਗ ਵਿਚ ਸਤਿ ਜੁਗ ਲਗਾ) ਤੇ ਗੁਰੂ ਗੋਬਿੰਦ ਸਿੰਘ ਦਾ ਭਵਿਖਤ ਵਾਕ ਕੀਤਾ ਸਫਲ ਹੋਇਆ।

"ਕਲ ਜੁਗ ਮੈਂ ਸਤਿ ਜੁਗ ਵਰਤਾਉਂ,
ਤਬੀ ਬਾਰਵਾਂ ਬੱਪ ਕਹਾਊ। ਤੇ
ਕਲ ਜੁਗ ਤੇ ਸਤਿ ਜੁਗ ਕਰ ਠਾਨੈਂ,
ਤਬੀ ਬਾਰਵਾਂ ਬਪ ਪਹਿਚਾਨਉ।"

ਹੁਕਮ ਪ੍ਰਮੇਸ਼ ਬਾਰਤ ਜਸਵੰਤ ਸਿੰਘ ਜੀ ਨਾਮਧਾਰੀ ਇਤਿਹਾਸ ਤੇ ਪੜ੍ਹਿਆ ਤੇ ਸਭ ਕੁਝ ਹੈ ਤੇ ਇਹ ਕਬਿਤ ਲਿਖ ਭੀ ਦਿਤਾ ਹੈ। ਪਰ ਇਨਾਮ ਦੇਣ ਵਾਲਿਆਂ ਤੋਂ ਡਰਦੇ ਇਸ ਦਾ ਖੁਲਾਸਾ ਨਹੀਂ ਕੀਤਾ ਜੋ ਅਸੀਂ ਦਸਦੇ ਹਾਂ। ਪ੍ਰਮੇਸ਼ਰ ਦਾ ਹੁਕਮ। ਅਕਾਸ਼ ਬਾਣੀ ਹੋਈ ਸੀ ਜਾਂ। ਪਰਮ ਏਸ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਹੋਇਆ ਸੀ। ਪਾਠਕ ਸਤਿ ਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦਾ ਸਾਰ ਇਕ ਵੇਰ ਫੇਰ ਪੜ੍ਹਨ। "ਗਲ ਮੈਂ ਪਲਾ ਪਾਏ ਕੇ ਆਖਿਆ ਸੀ ਭੁਲਿ ਗਏ ਹਾਂ ਗੁਰੂ ਜੀ ਦੇ ਸਾਂਗ ਨੂੰ ਨਹੀਂ ਜਾਣ ਸਕੇ।"

"ਇਹ ਨਿਰੁ ਸੰਤ ਖਾਲਸੇ ਦੀ ਗੁਰੂ ਸਾਹਿਬ ਰਖੀ ਹੈ।"

"ਇਹੁ ਜਿਤਨੀ ਕਾਰ ਹੈ ਸੋ ਸਾਹਿਬ ਦਸਮੇ ਪਾਤਸ਼ਾਹ ਕੀ ਹੈ ਤੁਸੀਂ ਸਤਿ ਕਰਕੇ ਮੰਨਣਾ।"

"ਇਹੋ ਸੰਤ ਖਾਲਸੇ ਦਾ ਮੁਢ ਹੈ।" "ਇਹੋ ਤਾਂ ਗੁਰੂ ਜੀ ਨੇ ਨਾਮ ਦੀ ਗੰਗਾ ਆਂਦੀ ਹੈ।"

"ਏਨਾਂ ਤੇ ਰੀਸ ਕੀਤੀ ਹੈ ਗੁਰੂ ਦੇ ਹੁਕਮ ਦੀ,"

ਏਧਰ ਨੇਮ ਤੋਂ ਨਿਕਲ ਪਿਆ ਗੁਰੂ ਦਾ ਕਿਉਂ ਜੋ ਕੂਕੇ ਗੁਰੂ ਦੇ ਹੁਕਮ ਨਾਲ ਹੋਏ ਹਨ।"

"ਏਨਾਂ ਲੋਕਾਂ ਦਾ ਦਾਵਾ ਗੁਰੂ ਨਾਲ ਪੈ ਗਿਆ ਹੈ।"

"ਅਗੇ ਜੋ ਸਚੇ ਪਾਤਸ਼ਾਹ ਕਲਗੀਆਂ ਵਾਲੇ ਦਾ ਹੁਕਮ ਹੈ ਮੈਂ ਸਭ ਵਰਤੇਗਾ।"

ਇਹ ਉਪਰ ਲਿਖੇ ਗੁਰ ਵਾਕ ਸਭ ਪਰਮ ਏਸ ਦਸਮ ਪਿਤਾ ਜੀ ਦੇ ਹੀ ਸੂਚਕ ਹਨ।

ਇਹ ਭੀ ਹੋ ਸਕਦਾ ਹੈ ਜੋ ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ।—

"ਬੀਸਕ ਬਰਸ ਜਬ ਸਰਸ ਬਿਤਾਏ ਐਸ,
ਬੰਦਗੀ ਜੋਹਦ ਜਾਪ ਕੀਨੇ ਮਨ ਲਾਇਕੈ।
ਵਾਸੀ ਜੋਊ ਨਾਮ ਕੀ ਪ੍ਰਕਾਸ਼ੀ ਸੋਊ ਰਿਧ ਸਿਧ,
ਬਾਣੀ ਮੈ ਤਾਸੀਰ ਭਾਸੀ ਭਜਨ ਪ੍ਰਭਾਇਕੈ।
ਭਈ ਪੈ ਅਕਾਸ਼ ਬਾਨੀ ਖਾਸ ਜੋ ਮਹਾਨੀ ਤਾਹਿ,
ਵੋਹੀ ਨਾਮ ਜੀਵਨ ਕੋ ਸੀਖ ਭੇਗ ਦਾਇਕੈ।
ਪੰਥ ਗੁਰ ਦਸਮ ਕੀ ਰਸਮ ਬਢਾਵੈ ਜਗ,
ਖਸਮ ਦਾ ਖਾਲਸਾ ਹੈ ਖਾਸ ਯੌਂ ਲਖਾਇਕੈ।

ਪੰਥ ਪ੍ਰਕਾਸ਼

---

# ਹੋਰ ਪੜ੍ਹੋ

"ਬੰਦਗੀ ਜੋ ਹਦ ਤਪ ਕਰਤ ਬਧ ਬਾਰਵ ਕੋ,
ਭਈ ਨੱਭ ਬਾਣੀ ਕਈ ਬਾਰ ਪੈ ਲਖਾਇਕੈ।

Sri Satguru Jagjit Singh Ji Elibrary NamdhariElibrary@gmail.com

ਸ੍ਰੀ ਗੁਰ ਦਸਮ ਕੀ ਰਸਮ ਬਚਾਵੈ ਜਗ,
ਮਗਨ ਗੁਰਿੰਦ ਰਹੇਂ ਲਗਨ ਮਨ ਲਾਇਕੇ।
ਬਹੁਤ ਬੁਰਹਾਲੀ, ਹੋਏ ਸੁਚਾਲੀ ਕੈਸ,
ਵਾਲੀ ਤਬ,
ਬਕਲ ਦਿਖਾਲੀ ਅਸ ਆਲੀ ਸ਼ਬ ਪਾਇਕੇ
ਪਾਗ ਗੋਲ ਝੋਲ ਕਰ ਕਫ ਸਵਛ ਊਨ ਮਾਲ.
ਕਹਿਯੋ ਬੋਲ ਕਰੋਂ ਪੁੰਨ ਰੋਲ ਸੋਰ ਭਾਇਕੇ ''

---

# ਇਸ ਹੁਕਮ ਦੇ ਲਗਨ ਤੇ ਦਰਸ਼ਨ ਹੋਣ ਦੇ ਬਾਦ

ਸਤਿ ਗੁਰੂ ਰਾਮ ਸਿੰਘ ਜੀ ਚੀਨੀ ਤੇ ਅਸਵਾਰ ਹੋਏ ਤੇ ਉਪਦੇਸ਼ ਦੇ ਦਰਸ਼ਨ ਕਲ ਜੁਗ ਵਿਚ ਸਤਿ ਜੁਗ ਲਾਇਆ ਤੇ ਸਿਖ ਥੀਏ ਤਾਹੇ ਕੇ ਆਧਾਰੀ। ਇਤਿਹਾਸ ਵਿਚ ਲਿਖਿਆ। ਜਸਵੰਤ ਸਿੰਘ ਜੀ ਵਿਚਾਰ ਸਕਦੇ ਹਨ ਸਿਖ ਤੇ ਗੁਰੂ ਦੇ ਹੀ ਹੁੰਦੇ ਹਨ। ਸਿਖ ਦੇ ਸਿਖ ਤੇ ਹੁੰਦੇ ਹੀ ਨਹੀਂ ਤੇ ਏਤਨਾ ਪ੍ਰਤਾਪ ਵਧ ਸਤਿ ਜੁਗੀ ਰੀਤ ਚਲਦੀ ਹੀ ਨਹੀਂ।

ਤੇ ਗੁਰੂ ਨਾਨਕ ਜੀ ਦਾ ਵਾਕ। ਮੈਂ ਫੇਰ ਕਰੂੰਗਾ ਖਾਲਸਾ ਵਸੇ ਵਿਚ ਪੰਜਾਬ, ਭੀ ਇਸ ਸੰਤ ਖਾਲਸੇ ਦੇ ਹੋਣ ਨਾਲ ਹੀ ਮੂਰਤੀ ਮਾਨ ਹੁੰਦਾ ਹੈ ਜੋ ਫੇਰ ਕਰੂੰਗਾ ਦਾ ਅਰਥ ਹੈ ਦੂਜੀ ਵਾਰ ਕਰਾਂਗਾ।

ਪਾਠਕ ਉਪਰ ਪੜ੍ਹ ਆਏ ਹਨ, ਕਿ ਜਸਵੰਤ ਸਿੰਘ ਜੀ ਨੇ ਕਈ ਥਾਂਈ ਲਿਖਿਆ ਹੈ।

Sri Satguru Jagjit Singh Ji Elibrary NamdhariElibrary@gmail.com

"ਸਿੱਖ ਤਾਂ ਉਤ੍ਰਾ ਨਿਘਰ ਗਏ ਸੀ," 'ਸਿੱਖ ਕੌਮ ਢਹਿੰਦੀਆਂ ਕਲਾਂ ਵਿਚ ਜਾ ਰਹੀ ਸੀ' ਆਦ । ਤੇ ਸਤਿ ਗੁਰੂ ਰਾਮ ਸਿੰਘ ਜੀ ਦੇ ਨਵੇਂ ਸਿਰੇ ਸਿੱਖੀ ਸਾਜਨ ਨੂੰ ਆਪ ਹੀ ਮੰਨਦੇ ਹਨ । ਤਾਂ ਫੇਰ ਕਰੂੰਗਾ ਖਾਲਸਾ ਵਾਕ ਤੋਂ ਆਪ ਮਾਲਕ ਸਿੱਖੀ ਦੇਂਦਾ ਦੁਬਾਰਾ ਖਾਲਸਾ ਸਾਜਨ ਲਈ ਆਉਣਾ ਹੀ ਬਣਦਾ ਹੈ। ਤੇ "ਮੜ੍ਹੀ ਗੋਰ ਦੇਵਲ ਮਸੀਤਾਂ ਗਿਰਾਯੇ" ਦਸਮ ਜੀ ਦਾ ਵਾਕ ਭੀ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਹੀ ਪੂਰਾ ਕੀਤਾ ਹੈ । "ਅੱਸੀ ਸੀਸ ਖਾਲਸੇ ਕੇ ਲਗੇਂਗੇ ਇਸ ਬਾਰੇ ਸਭ ਦੇਖੇਂਗੇ ਨਰ ਨਾਰੀ" ਜੋ ਭਵਿਖਤ ਵਾਕਾਂ ਵਿਚ ਦਸਮ ਜੀ ਲਿਖਿਆ ਹੈ ਉਹ ਭੀ ਸਤਿ ਗੁਰੂ ਰਾਮ ਸਿੰਘ ਜੀ ਦੇ ਿ.ੱਖਾਂ ਤੇ ਹੀ ਘਟਦਾ ਹੈ। ਤੇ ਉਹਨਾਂ ਅੱਸੀ ਸੀਸਾਂ ਦੇ ਲਗਣ ਬਾਬਤ ਸੰਤ ਸੰਤੋਖ ਸਿੰਘ ਜੀ ਸਤਿ ਗੁਰੂ ਬਿਲਾਸ ਵਿਚ ਲਿਖਿਆ ਹੈ ਤੇ ਜਿਸ ਦਾ ਹਵਾਲਾ ਨਾਹਰ ਸਿੰਘ ਜੀ ਨਾਮ ਧਾਰੀ ਇਤਿਹਾਸ ਵਿਚ ਜੋ ਦਿਤਾ ਹੈ । ਰਾਏ ਕੋਟ ਦੇ ਸਾਕੇ ਬਾਰੇ ਬਸੀ ਵਲ ਜਾਂਦਿਆਂ ਸਤਿ ਗੁਰੂ ਜੀ ਸਿੱਖਾਂ ਨਾਲ ਬਚਨ ਕੀਤਾ ਹੈ । "ਅੱਸੀ, ਸੌ ਸਿੰਘ ਧਰਮ ਹੇਤ ਲਗ ਜਾਣ ਤਾਂ ਕੀ ਬਹੁਤ ਹੈ ਜੇ ਧਰਮ ਰਹਿ ਜਾਵਿ ।" ਇਹ ਵਾਕ ਸਿਧ ਕਰਦੇ ਹਨ ਕਿ ਸਤਿਗੁਰੂ ਜੀ ਦੀ ਰਜਾ ਸੀ । ਚੌਰ ਜਾ ਵਿਚ ਵਰਤੇ ਤੇ ਲਗੇ ਉਹ ਭੁਲੜ ਕਿਵੇਂ ਹੋਏ ।

"ਸਤਿਗੁਰ ਕੇ ਦਰਸ਼ਨ ਪਰਤਾਪਾ ।
ਰੋਗੁਨ ਦਸ ਕੇ ਨਾਸੇ ਪਾਪਾ ।".

ਦਸਮ ਜੀ ਦੇ ਵਾਕ ਤੇ—

ਸਮੁੰਦ ਸਾਗਰੁ ਹੋਵੈ ਬਹੁ ਖਾਰਾ,
ਗੁਰ ਸਿਖ ਲੰਘਿ ਗੁਰੁ ਪਹਿ ਜਾਈ ।

ਆਦ ਗਰੰਥ ਸਾਹਿਬ ਵਿਚ ਜੋ ਗੁਰਵਾਕ ਹੈ ਇਹ ਭੀ ਤਾਂ ਹੀ ਸਫਲ ਹੋ ਸਕਦਾ ਸੀ ਜੇ ਸਿਖ ਸਤਿਗੁਰੂ ਜੀ ਪਾਸ ਸਮੁੰਦਰੋਂ ਪਾਰ ਜਾਂਦੇ । ਨਹੀਂ ਤੇ ਇਹ ਤੁਕ ਕਿਤੇ ਸਫਲ ਨਹੀਂ ਹੋ ਸਕਦੀ । ਇਹ ਤੁਕ ਤੇ ਕਿਧਰੇ ਹੀ ਗੁਰਬਾਣੀ ਦੀ

Sri Satguru Jagjit Singh Ji Elibrary NamdhariElibrary@gmail.com

ਕੌਈ ਮਾਤਰ ਲਗ ਭੀ ਵਿਅਰਥ ਨਹੀਂ ਹੈ।

ਜੋ ਸੁਖਾ ਸਿੰਘ ਜੀ ਨੇ ਗੁਰ ਬਿਲਾਸ ਪਾਤਸ਼ਾਹੀ ਦਸ ਵਿਚ ਲਿਖਿਆ ਹੈ।

ਕ੍ਰਿਪਾ ਸਿੰਧ ਜੁਨੇ ਵਿਹੈ ਸੋ ਬਿਚਾਰੀ।
ਰਚਿਯੋ ਪੰਥ ਨੀਕਾ ਅੰਸੋ ਨਾਮਧਾਰੀ।
ਸਦਾ ਰੈਨ ਦਿਵਸੈ ਜਪੈ ਗੋ ਅਕਾਲੈ।
ਤਬੈ ਰਿਧ ਸਿੱਧ ਦਈ ਤਾਸ ਆਲੈ।

ਇਹ ਭੀ ਵਾਕ ਸਚ ਹੋਣੇ ਸੀ।

"ਦੁਖ ਵਿਛੋੜਾ ਇਕ ਦੁਖ ਭੂਖ।
ਇਕੁ ਦੁਖ ਸਕਤ ਵਾਰ ਜਮ ਦੂਤ।"

ਇਹ ਗੁਰਬਾਣੀ ਦੀਆਂ ਤੁਕਾਂ ਉਹਨਾਂ ਗੁਰ ਸਿਖਾਂ ਹੀ ਮੂਰਤੀ ਮਾਨ ਕੀਤੀਆਂ ਜਿਨਾਂ ਸਤਿਗੁਰੂ ਜੀ ਦੇ ਦਰਸ਼ਨ ਹਿਤ ਬਦੇਸ ਨੂੰ ਟੁਰਿਆਂ ਕਈ ਕਈ ਦਿਨ ਜਲ ਪ੍ਰਸਾਦ ਨ ਛਕਿਆ ਤੇ ਸਕਤ ਵਾਲੇ ਜਮਦੂਤਾਂ ਵਰਗੇ ਪਹਿਰੇ ਪ੍ਰੀਤਮ ਦੇ ਦੁਆਲੇ ਲਗੇ ਵੇਖੇ ਤੇ ਫੇਰ ਭੀ ਦਰਸ਼ਨ ਕੀਤੇ ਤੇ ਹੁਕਮਨਾਮੇ ਲਿਆਂਦੇ।

... ਜਸਵੰਤ ਸਿੰਘ ਜੀ ਦੇ ਆਪਣੇ ਲਿਖੇ ਇਸ ਪੁਸਤਕ ਵਿਚੋਂ ਦਸਦੇ ਹਾਂ ,'ਬਟਾਲੇ ਦੇ ਡੀ. ਏ. ਸੀ. ਕਾਇਮ ਅਲੀ ਦੀ ਰਾਇ ਪੁਛੀ ਗਈ ਜੋ ਇਸ ਤਰਾਂ ਸੀ। ਗੁਰੂ ਰਾਮ ਸਿੰਘ ਖਤਰ ਨਾਕ ਆਦਮੀ ਹੈ। ਉਸ ਨੂੰ ਗਿਰਫਤਾਰ ਕਰਨਾ ਚਾਹੀਦਾ ਹੈ।"

'ਅੰਗਰੇਜ਼ ਅਫਸਰ ਕਪਤਾਨ ਮਿਲਰ ਮਜਿਸਟਰੇਟ ਜਲੰਧਰ ਛਾਉਣੀ ਨੇ ਮਿਸਟਰ ਐਲਫਿਨਸਟਨ ਡਿਪਟੀ ਕਮਿਸ਼ਨਰ ਅਤੇ ਮਿਸਟਰ ਰੈਮਜ਼ੇ ਪੁਲਸ ਕਪਤਾਨ ਨੂੰ ਹੇਠ ਲਿਖੇ ਅਨੁਸਾਰ ਰਪੋਟ ਭੇਜੀ। ਗੁਰੂ ਰਾਮ ਸਿੰਘ ਜੀ ਉਥੇ ਨਹੀਂ ਸੀ ਤੇ ਉਨ੍ਹਾਂ ਦਾ ਮੁਖੀ ਚੇਲਾ ਸਾਹਿਬ ਸਿੰਘ ਉਥੇ ਸੀ।

ਪ: ਛ: 29 ਪੰਨਾਂ ਦੂ: 828 ਪੰਨਾ।

ਗੁਲਾਮ ਸ਼ੀਖ ਜਲੰਧਰੀ ਵਲੋਂ। "ਜਬਕਿ ਗੁਰੂ ਨੇ ਕੋਈ ਨਯਾ ਗਜ਼ਟੀ ਹੁਕਮ ਜਾਰੀ ਕਰਨਾ ਹੋਤਾ ਤੋ ਵਹ ਲਿਖ ਕਰ ਏਕ ਕੂਕੇ ਕੋ ਦੇਤਾ ਹੈ।"

ਪ: ਛ: 60 ਦੂਜੀ ਦਾ 47 ਪੰਨਾ

Sri Satguru Jagjit Singh Ji Elibrary NamdhariElibrary@gmail.com

"ਆਪਣੇ ਰਾਜਸੀ ਪਰੋਗਰਾਮ ਨੂੰ ਸਫਲ ਬਨਾਣ ਲਈ ਗੁਰੂ ਰਾਮ ਸਿੰਘ ਨੇ ਨਿਪਾਲ, ਭੂਟਾਨ, ਕਸ਼ਮੀਰ, ਆਦ ਸਰਹੱਦੀ ਪ੍ਰਾਤਾਂ ਵਿਚ ਆਪਣੀਆਂ ਸਰਗਰਮੀਆਂ ਦਾ ਜਾਲ ਵਿਛਾਇਆ ਹੋਇਆ ਸੀ। ਆਪਣੇ ਨਾਮਧਾਰੀ ਰਾਜਦੂਤਾਂ ਰਾਹੀਂ ਹਾਕਮਾਂ ਨਾਲ ਸਬੰਧ ਕਾਇਮ ਕੀਤੇ ਹੋਏ ਸਨ। ਕਹਿਆ ਜਾਂਦਾ ਹੈ ਕਿ ਗੁਰੂ ਰਾਮ ਸਿੰਘ ਨੇ ਰਾਣੀ ਝਾਂਸੀ ਅਤੇ 1857 ਦੇ ਗਦਰ ਨਾਲ ਸਬੰਧਤ ਹੋਰ ਆਗੂਆਂ ਨਾਲ ਵੀ ਸਬੰਧ ਕਾਇਮ ਕੀਤੇ ਹੋਏ ਸਨ। ਉਹ ਬੰਦੀ ਖਾਨੇ ਵਿਚੋਂ ਭੀ ਰੂਸੀ ਤੁਰਕਸਤਾਨ ਦੇ ਗਵਰਨਰ ਰਾਹੀਂ ਰੂਸ ਨਾਲ ਚਿਠੀ ਚਪੱਠੀ ਰਖਦਾ ਸੀ।" ਇਕ ਅੰਗਰੇਜ਼ ਲਿਖਤ। ਪੰਨਾਂ 92

"ਜਬ ਗੁਰੂ ਰਾਮ ਸਿੰਘ ਕੋ ਮਾਲੂਮ ਹੂਆ ਕਿ ਜਿਹ ਕਾਮ ਉਨੇ ਕੇ ਕੁਛ ਸਿਖੋਂ ਨੇ ਕੀਆ ਹੈ ਤੋ ਉਨ੍ਹਾਂ ਨੇ ਉਨ ਕੋ ਬੁਲਾ ਕਰ ਹੁਕਮ ਕੀਆ ਕਿ ਤੁਮ ਲੋਗ ਖੁਦ ਪੁਲੀਸ ਕੇ ਸਾਮਣੇ ਜਾ ਕਰ ਆਪਣਾ ਗੁਨਾਹ ਕਬੂਲ ਕਰ ਲੋ ਔਰ ਬੇ ਗੁਨਾਹੋਂ ਕੋ ਛੁੜਵਾਉ। ਵਿਸ਼ਵ ਬਾਣੀ ਹਿੰਦੀ ਪਤ੍ਰ ਅਲਾਹ ਬਾਦ ਸ੍ਰੀ ਯੁਤ ਸ਼ੰਕਰ ਲਾਲ ਇਸੇ ਪੁਸਤਕ ਦਾ 98 ਪੰਨਾ

"ਗੁਰੂ ਰਾਮ ਸਿੰਘ ਸੁਤੰਤ੍ਰਤਾ ਕੋ ਭੀ ਧਰਮ ਕਾ ਅਵੱਸ਼ਕ ਅੰਗ ਸਮਝਤੇ ਥੇ ਔਰ ਨਾਮਧਾਰੀਉਂ ਕਾ ਸੰਗਠਨ ਬਹੁਤ ਜ਼ੋਰਾਵਰ ਹੋ ਗਇਆ ਥਾ। ਹਮਾਰੇ ਦੇਸ਼ ਮੇਂ ਮਹਾਤਮਾ ਗਾਂਧੀ ਜੀ ਨੇ ਜੋ ਅਸਹਿ ਯੋਗ ਜਿਤਨੇ ਜ਼ੋਰ ਸੇ ਚਲਾਇਆ, ਉਸ ਕੋ ਗੁਰੂ ਰਾਮ ਸਿੰਘ ਜੀ ਨੇ ਪ੍ਰਾਯਾ ਪਚਾਸ ਵਰਸ਼ ਹੀ ਨਾਮਧਾਰੀਉ ਮੇ ਪ੍ਰਚੱਲਤ ਕੀਅ ਥਾ।" ਭਾਰਤ ਦੇ ਪ੍ਰਧਾਨ ਡਾਕਟਰ ਰਾਜਿੰਦਰ ਪ੍ਰਸ਼ਾਦ

ਪ: ਛ: 42 ਪੰਨਾ ਦੂ: 53 ਪੰਨਾ

"ਸ੍ਰੀ ਸਤਿ ਗੁਰੂ ਰਾਮ ਸਿੰਘ ਜੀ ਨੇ ਆਪਨੀ ਮਾਤ ਭੂਮੀ ਨੂੰ ਸੁਤੰਤਰਤਾ ਦਵਾਣ ਲਈ ਅਜ ਤੋਂ ਪੌਣੀ ਸਦੀ ਪਹਿਲਾਂ ਜੋ ਮਹਾਨ ਗੌਰਵ ਸ਼ਾਲੀ ਪ੍ਰੋਗਰਾਮ ਕੀਤਾ ਸੀ ਉਸਦੀ ਮਹਾਨਤਾ ਤੋਂ ਕੋਈ ਹਿੰਦੁਸਤਾਨੀ ਵੀ ਇਨਕਾਰ ਨਹੀਂ ਕਰ ਸਕਦਾ ਕਾਂਗਰਸ ਨੇ ਆਪਦੇ ਵਿਖਾਏ ਹੋਏ ਰਸਤੇ ਨੂੰ ਅਖਤਿਆਰ ਕਰਕੇ ਹੀ ਸ਼ਾਨਦਾਰ ਕਾਮਯਾਬੀਆਂ ਪ੍ਰਾਪਤ ਕੀਤੀਆਂ ਅਤੇ 75 ਸਾਲ ਦੇ ਲਗ ਪਗ

ਸਮੇਂ ਗੁਜਰਨ ਦੇ ਉਪਰੰਤ ਵੀ ਉਹ ਪ੍ਰੋਗਰਾਮ ਪੁਰਾਣਾਂ ਨਹੀਂ ਹੋਇਆ। ਜਿਸ ਨੂੰ ਅਮਲੀ ਸ਼ਕਲ ਦੇਣ ਨਮਿਤ ਕਠਨ ਘਾਲਣਾਂ ਘਾਲਣੀਆਂ ਪਈਆਂ। ਪੰਡਿਤ ਜਵਾਹਰ ਲਾਲ ਨਹਿਰੂ ਜੀ ਵਲੋਂ ਇਸੇ ਪੁਸਤਕ ਦਾ 140 ਪੰਨਾ

ਸਤਿਗੁਰੂ ਰਾਮ ਸਿੰਘ ਜੀ ਨੂੰ ਅੰਮ੍ਰਿਤਸਰ ਦੇ ਸਾਕੇ, ਬੁਚੜ ਬਧ ਤੇ ਰਾਏ ਕੋਟ ਤੇ ਮਲੇਰ ਕੋਟਲੇ ਦੇ ਸ਼ਹੀਦਾਂ ਦੇ ਹਾਲ ਲਿਖਣ ਸਮੇਂ ਤੇ ਬਦੇਸ਼ ਜਾਣ ਸਮੇਂ ਤਕ ਤਾਂ ਸਭ ਅਨਮਤੀ ਵਿਰੋਧੀ ਮੁਸਲਮਾਨ ਹਿੰਦੂ ਆਦ ਗੁਰੂ ਸਤਿਗੁਰੂ ਜੀ ਨਾਮ ਨਾਲ ਹੀ ਪੁਕਾਰਦੇ ਰਹੇ।

ਜਿਹਾ ਕਿ ਕਲਕਤੇ ਤੋਂ ਅੰਮ੍ਰਿਤ ਬਾਜ਼ਾਰ ਪੱਤ੍ਰਕਾ ਨੇ ਲਿਖਿਆ ਸੀ। ਗੁਰੂ ਰਾਮ ਸਿੰਘ ਜੀ ਦੇ ਨਮਿਤ ਅੰਗਰੇਜ਼ੋਂ ਨੇ ਜਿਹ ਸਖਤੀ ਔਰ ਅਨਿਆਇ ਕਾ ਜਬਰ ਹੀ ਕੀਆ ਜੋ ਬਗੈਰ ਮੁਕਦਮੇ ਕੇ ਏਤਨੀ ਸਜਾਏ ਦੀ ਗਈ ਹੈ ਤੋਪੋਂ ਸੇ ਉਡਾਣਾ ਔਰ ਬਦੇਸ਼ ਲੇ ਜਾਣਾ ਕੀਆ ਹੈ।"

ਇਹ ਉਪਰ ਲਿਖੀਆਂ ਸਭ ਲਿਖਤਾਂ ਸਤਿ ਗੁਰੂ ਰਾਮ ਸਿੰਘ ਜੀ ਨੂੰ ਅਨਮਤੀਆਂ ਤੇ ਵਿਰੋਧੀਆਂ ਵਲੋਂ ਹੀ ਤੇ ਜਸਵੰਤ ਜੀ ਦੇ ਲਿਖੇ ਵਿਚੋਂ ਹੀ ਹਨ ਇਸ ਲਈ ਪਾਠਕਾਂ ਨੂੰ ਲਿਖ ਦਸੀਆਂ ਹਨ ਕਿ ਮਲੂਮ ਹੋਵੇ ਕਿ ਨਿਰਾ ਸਰਧਾਲੂ ਹੀ ਨਹੀਂ ਗੁਰੂ ਜਾਂ ਸਤਿਗੁਰੂ ਕਹਿੰਦੇ ਸੀ ਸਗੋਂ ਸਭਨੂੰ ਉਹਨਾਂ ਵਿਚ ਪੂਰੇ ਗੁਰੂਆਂ ਵਾਲੀਆਂ ਸਿਫਤਾਂ ਵੇਖ ਤਾਂ ਗੁਰੂ ਪਦ ਦੇਣਾ ਪ੍ਰਵਾਣ ਹੋ ਚੁਕਾ ਹੋਇਆ ਸੀ। ਜਿਵੇਂ ਦਸਮ ਜੀ ਲਿਖਿਆ ਹੈ।

ਢੋਲਾ ਨਤੁ ਵਰ ਕੋਟ ਕੋ ਬਜਿਉ ਜਿਹ ਕੇ ਗਾਮ ਤਾਂ ਤੇ ਸਭ ਤ੍ਰੀਆ ਪੀਆ ਕੌ ਢੋਲਾ ਉਚਰਤ ਨਾਮ।

ਤ੍ਰਿਆ ਚਰਿਤਰ।

ਨਜ਼ਰ ਜਿਨ੍ਹਾਂ ਦੀ ਕੀਮੀਆਂ ਰਸਨਾ ਮਿਕਨਾ ਤੀਸ। ਮਸਤਕ ਮਾਣ ਗਵਾਵਣਾ ਸਭੀ ਨਿਵਾਵੇ ਸੀਸ। ਦੇ ਮੁਹਾਵਰੇ ਅਨੁਸਾਰ ਸਤਿ ਗੁਰੂ ਜੀ ਨੂੰ ਗੁਰੂ ਪਦ ਦੀ ਪਦਵੀ ਸਭ ਦਰਸ਼ਕਾਂ ਵਲੋਂ ਪ੍ਰਾਪਤ ਹੋ ਚੁਕੀ ਹੋਈ ਸੀ। ਜਸਵੰਤ ਸਿੰਘ ਜੀ ਦੇ ਲਿਖੇ

Sri Satguru Jagjit Singh Ji Elibrary NamdhariElibrary@gmail.com

ਵਿਚੋਂ ਹੀ ਅਸਾਂ ਸਾਬਤ ਕੀਤਾ ਹੈ। ਪਰ ਜਸਵੰਤ ਸਿੰਘ ਜੀ ਸਿੰਘ ਸਭਾ ਦੇ ਅਸਰ ਤਲੇ ਦਬੇ ਹੋਏ ਇਹ ਨਹੀਂ ਵਿਚਾਰਦੇ ਭਾਵੇਂ ਆਪਣਾ ਨਿਸਚਾ ਕਿਸੇ ਤੇ ਨ ਹੋਵੇ ਉਸਦੇ ਤੇ ਉਸ ਨੇ ਪ੍ਰਚਲਤ ਨਾਮ ਤੋਂ ਮੁਨਕਰ ਹੋਣਾ ਇਕ ਈਰਖਾ ਦਾ ਭੀ ਵਖਾਲਾ ਕਰਨਾ ਹੈ। ਤੇ ਦਸਨਾਂ ਹੈ ਅਜੇ ਸਿੰਘਸਭੀਆਂ ਨੇ ਨਹੀਂ ਉਹਨਾਂ ਨੂੰ ਗੁਰੂ ਸਤਿ ਗੁਰੂ ਕਹਿਨਾ ਸਾਥਾ ਭਾਵ ਇਹ ਸਦਾ ਹੀ ਤੇ ਭਾਵੇਂ ਅੰਗਰੇਜ਼ਾਂ ਦਾ ਸਖਾਇਆ ਹੀ ਨੇਮ ਹੈ।

---

# ਸੱਤ ਦੀ ਪ੍ਰਾਪਤੀ ਦੇ ਯਤਨ

ਸਤ ਦੀ ਪ੍ਰਾਪਤੀ ਦੇ ਯਤਨ। ਪੁਸਤਕ ਵਿਚ ਮਹਾਤਮਾਂ ਗਾਂਧੀ ਜੀ ਨੇ ਲਿਖਿਆ ਹੈ। ਜੇਹੜੇ ਨੌਜਵਾਨਾਂ ਨੂੰ ਮੈਂ 1920 ਵਿਚ ਇਨਾਂ ਗੁਲਾਮੀ ਦੇ ਕਿਲਿਆਂ (ਸਕੂਲਾਂ ਕਾਲਜਾਂ) ਵਿਚੋਂ ਨਿਕਲਣ ਲਈ ਕਿਹਾ ਸੀ ਅਤੇ ਜਿਨ੍ਹਾਂ ਨੂੰ ਸਲਾਹ ਦਿਤੀ ਸੀ ਕਿ ਆਜ਼ਾਦੀ ਦੀ ਖਾਤ੍ਰ ਅਨਪੜ੍ਹ ਰਹਿਣਾ ਅਤੇ ਸੜਕਾਂ ਤੇ ਪਥਰ ਕੁਟਣੇ ਗੁਲਾਮੀ ਦੀਆਂ ਜੰਜੀਰਾਂ ਵਿਚ ਤਾਲੀਮ ਪ੍ਰਾਪਤ ਕਰਨ ਨਾਲੋਂ ਚੰਗੇ ਹਨ। ਉਹ ਹੁਣ ਸਮਝ ਲੈਣ ਕਿ ਇਹ ਸਲਾਹ ਮੇਰੇ ਦਿਲ ਵਿਚ ਕਿਥੋਂ ਉਪਜੀ। ਪੰਜਵਾਂ ਕਾਂਡ 223—24 ਪੰਨਾ।

ਮਹਾਤਮਾਂ ਗਾਂਧੀ ਜੀ ਦੇ ਉਪਰ ਲਿਖੇ ਵਾਕ ਅਨੁਸਾਰ ਇਨ੍ਹਾਂ ਗੁਲਾਮੀ ਦੇ ਕਿਲਿਆਂ (ਸਕੂਲਾਂ ਕਾਲਜਾਂ) ਦੇ ਪੜ੍ਹੇ ਲਿਖੇ ਜੋ ਜਸਵੰਤ ਸਿੰਘ ਜੀ ਜਹੇ।

ਦੇਸ਼ ਛੋਡਿ ਪਰਦੇਸ ਸਿਧਾਇਆ।
ਪੰਜ ਚੰਡਾਲ ਨਾਲੇ ਲੈ ਆਇਆ।

ਗੁਰ ਵਾਕ ਨੂੰ ਵਿਚਾਰ ਅਜੇ ਭੀ ਉਹ ਆਦਤ ਨਹੀਂ ਛਡਦੇ। ਅਰਥਾਤ ਕਿ ਹੁਣ ਇਸ ਦੁਬਿਧਾ ਦੀ ਲੋੜ ਨਹੀਂ ਸਗੋਂ ਹੁਣ-ਤਾਂ ਇਕ ਮੁਠ ਹੋ ਕੇ ਕਢਣੀ

Sri Satguru Jagjit Singh Ji Elibrary NamdhariElibrary@gmail.com

ਨਾਲ ਪ੍ਰਾਪਤ ਕੀਤੀ ਦੇਸ਼ ਦੀ ਆਜ਼ਾਦੀ ਦੀ ਰਖਿਆ ਰਲਕੇ ਕਰਨ ਦੀ ਹੀ ਗਲ ਕਰਨੀ ਚਾਹੀਦੀ ਹੈ। ਨ ਕਿ ਉਹ ਅੰਗਰੇਜ਼ ਦੀ ਦਿਤੀ ਮਤ ਆਪੋ ਵਿਚ ਇਕੱਠੇ ਹੋਣ ਦੇ ਵਿਰੁਧ ਹੀ ਜੁਧ ਜਾਰੀ ਰਖਣਾ ਹੈ।

ਅਸੀਂ ਸਲਾਹ ਦੇਂਦੇ ਹਾਂ ਕਿ ਸਤਿ ਗੁਰੂ ਰਾਮ ਸਿੰਘ ਜੀ ਨੂੰ ਗੁਰੂ ਜੇ ਆਪ ਲਿਖ ਜਾਂ ਕਹਿ ਦਿਓਗੇ ਤਾਂ ਉਹ ਆਪ ਦੇ ਗੁਰੂ ਨਹੀਂ ਬਣ ਗਏ ਮੰਨੇ ਜਾਂਦੇ। ਸਿਰਫ ਇਹ ਹੀ ਜਾਪੇਗਾ ਕਿ ਤੁਸੀਂ ਕਿਨ੍ਹਾਂ ਨੂੰ ਅਦਬ ਨਾਲ ਬੁਲਾ ਸਕਦੇ ਹੋ ਤੇ ਕੁਝ ਸਮਝ ਰਖਦੇ ਹੋ ਤੇ ਕੁਝ ਅਗੇ ਨਾਲੋਂ ਮੋੜ ਗਏ ਹੋ।

---

# ਫਿਰਕਾ ਜਾਂ ਸੰਪ੍ਰਦਾ

ਕੂਕਾ ਪੰਥ ਨੂੰ ਜਸਵੰਤ ਸਿੰਘ ਜੀ ਦਾ ਫਿਰਕਾ ਜਾਂ ਸੰਪ੍ਰਦਾ ਕਹਿਣ ਤੇ ਨਿਰਨਾ। ਜੋ ਏਸ ਪੁਸਤਕ ਤੇ ਉਹਨਾਂ ਲਿਖਿਆ ਹੈ।

128—29 —145 ਪੰਨੇ ਤੇ

"ਇਕ ਉਤਮ ਪੰਥੁ ਸੁਣਿਓ ਗੁਰ ਸੰਗਤ"

ਗਰੰਥ ਸਾਹਿਬ ਆਦਿ ਪੰਨਾ 1406

"ਜੋ ਤਾਕੋ ਮਾਰਗ ਮਹਿਆਏ।
ਤੇ ਕਬਹੂ ਨਹੀਂ ਪਾਪ ਸੰਤਾਏ।
ਜੋ ਜੋ ਪੰਥ ਤਵਨ ਕੇ ਪਰੇ।
ਤਾਪ ਪਾਪ ਤਿਨ ਕੇ ਪ੍ਰਭ ਹਰੇ।
ਨਾਨਕ ਅੰਗਦ ਕੋ ਬਪੁ ਧਰਾ।
ਪੰਥ ਪਰਚੁਰ ਇਹ ਜਗ ਮੋਂ ਕਰਾ।

---

Sri Satguru Jagjit Singh Ji Elibrary NamdhariElibrary@gmail.com

# ਦਸਮ ਗਰੰਥ

"ਆਖ ਦਿਓ ਕੂਕਾ ਪੰਥ ਗੁਰੂ ਜੀ ਦਾ ਈ ਕੀਤਾ ਹੋਇਆ ਹੈ ।"

"ਗੁਰੂ ਜੀ ਦਾ ਹੁਕਮ ਨਹੀਂ ਕੂਕਾ ਪੰਥ ਤਾਂ ਤੁਸੀਂ ਕੂਕੇ ਪੰਥ ਕੋ ਮਿਟਾ ਦਿਉ ।

"ਜੋ ਗੁਰੂ ਦਾ ਪੰਥ ਨਹੀਂ ਹੋਊ ਤਾਂ ਹੀ ਮਿਟੂਗਾ ।"

"ਜਿਸ ਦਿਨ ਤੁਸੀਂ ਕੂਕਿਆਂ ਦੇ ਪੰਥ ਕੋ ਮਿਟਾ ਦੇਵੋਗੇ ।"

"ਹੁਣ ਤਾਂ ਤੁਸਾਂ ਦੀ ਪਤ ਤਾਂ ਹੀ ਰਹਿੰਦੀ ਹੈ ਜੇ ਮਿਟਾ ਦਿਉ ਕੂਕੇ ਪੰਥ ਕੋ"।

(ਹੁਕਮ ਨਾਮੇ) ।

ਸਤਿਗੁਰੂ ਰਾਮ ਸਿੰਘ ਜੀ ਹੁਕਮ ਨਾਮਿਆਂ ਵਿਚ ਇਸ ਤਰ੍ਹਾਂ ਬਹੁਤ ਥਾਂ ਪੰਥ ਹੀ ਲਿਖਿਆ ਹੈ। ਜਿਵੇਂ ਉਪਰ ਆਥ ਤੇ ਦਸਮ ਗ੍ਰੰਥ ਵਿਚ ਗੁਰੂ ਨਾਨਕ ਜੀ ਦੇ ਮਾਰਗ ਨੂੰ ਪੰਥ ਲਿਖਿਆ ਹੈ।

ਤੇ ਜਸਵੰਤ ਸਿੰਘ ਜੀ ਆਪ ਭੀ ਇਸ ਪੁਸਤਕ ਵਿਚ ਪੰਥ ਹੀ ਲਿਖਿਆ ਹੈ।

"ਨਾਮਧਾਰੀ ਪੰਥ ਵਿਚ ਪਰਚੱਲਤ ਉਪਰੋਕਤ ਮਰਜਾਦਾ ।"

ਪ: ਛਾ: 26 ਪੰਨਾ ਦੂ: 25 ਪੰਨਾ

"ਨਾਮਧਾਰੀ ਪੰਥ ਨਾਲ ਸਬੰਧਤ ਸਰਧਾਵਾਨ ।" (138 ਪੰਨਾ)

"ਨਾਮਧਾਰੀ ਪੰਥ ਦੇ ਆਗੂ ਬਾਬਾ ਪ੍ਰਤਾਪ ਸਿੰਘ ਜੀ ।" (ਪੰਨਾ 62)

ਕੂਕਾ ਪੰਥ ਬਾਰੇ ਇਕ ਸਰਕਾਰੀ ਟਰੈਕਟ ਜੋ ਉਸ ਸਮੇਂ ਪੰਜਾਬ ਸਰਕਾਰ ਨੇ ਆਪਦੇ ਕਰਮ ਚਾਰੀਆਂ ਵਿਚ ਵੰਡਿਆ ਹੈ।

87 ਪੰਨੇ ਦੇ ਤਲੇ ਨੋਟ ਵਿਚ।

ਕੂਕਿਆਂ ਦਾ ਪੰਥ ਨਿਰਾਲਾ। ਹਥਾਂ ਦੇ ਵਿਚ ਗੜਵੇ ਰਖਦੇ ਗਲ ਵਚ ਉਨ ਦੀ ਮਾਲਾ

Sri Satguru Jagjit Singh Ji Elibrary NamdhariElibrary@gmail.com

(ਸ ਅਖਰ) ਪ: ਛ: ਤੇ ਦੂਜੀ ਛਾ: 162 ਪੰਨਾ ।

ਇਤਨੀ ਵਾਰ ਤੋਂ ਵਧ ਇਸ ਪੁਸਤਕ ਵਿਚ ਜਸਵੰਤ ਸਿੰਘ ਜੀ ਨੂੰ ਕੂਕਾ ਪੰਥ ਲਿਖ ਜਦ ਆਪਣਾ ਮਨੋਰਥ ਯਾਦ ਆਉਂਦੇ ਤਾਂ ਮਨ ਦੀ ਮਰਜੀ ਪੂਰੀ ਕਰਨ ਲਈ ਸੰਪ੍ਰਦਾਏ ਜਾ ਫਿਰਕਾ ਲਿਖ ਦੇਂਦੇ ਹਨ । ਤੇ ਨਹੀਂ ਸੋਚਦੇ ਜਿਸ ਨੂੰ ਗੁਰਬਾਣੀ ਤੇ ਇਤਿਹਾਸ ਪੰਥ ਕਹਿੰਦੇ ਹਨ ਉਹ ਮੇਰੇ ਇਕ ਸਾਧਾਰਨ ਕਹੇ ਸੰਪ੍ਰਦਾ ਨਹੀਂ ਬਣ ਚਲਿਆ ।

ਪੰਥ ਪ੍ਰਕਾਸ਼ ਵਿਚ ਗਿਆਨੀ ਗਿਆਨੋ ਸਿੰਘ ਜੀ ਦਾ ਲਿਖਿਆ ਭੀ ਜਸਵੰਤ ਸਿੰਘ ਜੀ ਪੜ੍ਹ ਫੇਰ ਭੁਲ ਜਾਂਦੇ ਹਨ। ਜੋ ਆਪ ਹੀ ਪੰਨੇ 14 ਤੇ ਲਿਖਿਆ ਹੈ ।

"ਸਿਖ ਪੰਥ ਬ੍ਰਿਧਾਨ ਨਾਮ ਰਸ ਪਾਗਿਯੋ" ਤੇ ਪੰਥ ਪ੍ਰਕਾਸ਼ ਵਿਚ ਲਿਖੇ ਕਵਿਤਾ ਵਿਚ ਪੜ੍ਹਿਆ ਹੀ ਹੋਵੇਗਾ ਅਪਨੇ "ਬਰ ਹੈ ਪ੍ਰਤਾਪ ਸਿੰਘ ਪੰਥ ਰੀਤ ਇਸ ਸੋ ਭਰੇ । ਬਿਤੀ 19

"ਤੇ ਭੀ ਉਠੇ ਪੰਥ ਸੋ, ਬਚਾਏ ਗੁਰ ਨੇ ਘਣੇ" 24 ਕਬਿਤ ।

ਜੋਰ ਤੋਰ ਦੀਉ ਦੇਸ ਪੰਥ ਕੋ ਬਧੇਤ ਪੇ । 27 ਕਬਿਤ ।

ਇਹ ਉਪਰ ਲਿਖੇ ਨਾਮਧਾਰੀ ਪੰਥ ਬਾਬਤ ਅਖਰ ਤੇ ਵਿਚਾਰ ਅਸਾਂ ਇਸ ਲਈ ਦਿਤੇ ਹਨ ਕਿ ਇਹ ਨਾਮਧਾਰੀ ਪੰਥ ਹੀ ਹੈ ਪਰ ਜਸਵੰਤ ਸਿੰਘ ਜੀ ਦਾ ਜੋ ਸੁਭਾ ਹੈ ਕਿ ਉਹ ਪ੍ਰਤਾ ਹੋਣ ਲਈ ਉਨ੍ਹਾਂ ਤੋਂ ਅਵਸ਼ ਸੰਪ੍ਰਦਾ ਜਾ ਫਿਰਕਾ ਲਿਖਿਆ ਜਾਂਦਾ ਹੈ । ਹਾਂ ਜੇ ਉਹ ਆਪਣੀ ਸਿੰਘ ਸਭਾ ਲਹਿਰ, ਦੀਵਾਨ, ਚੀਫ ਖਾਲਸਾ ਦੀਵਾਨ ਨੂੰ ਜੋ ਕਿਸੇ ਗੁਰੂ ਵਲੋਂ ਚਾਲੂ ਹੋਇਆ ਸਾਬਤ ਕਰ ਦੇਣ ਸਵਾਏ ਅੰਗਰੇਜ਼ਾਂ ਦੇ ਤੇ ਅੰਗਰੇਜ਼ ਪ੍ਰਸਤ ਸਰਦਾਰਾਂ ਦੇ ਤਾਂ ਅਸੀਂ ਭੀ ਉਹਨਾਂ ਦੀ ਇਸ ਸਭਾ ਨੂੰ ਪੰਥ ਕੇਹ ਛਡਾਂਗੇ । ਜੇ ਨਹੀਂ ਤੇ ਅੰਗਰੇਜ਼ੀ ਖਾਲਸਾ ਤਾ ਉਹ ਹੈਨ ਹੀ ।

ਜੋ ਇਸ ਪੁਸਤਕ ਬਾਬਾ ਰਾਮ ਸਿੰਘ ਦੀ ਦੂਜੀ ਐਡੀਸ਼ਨ ਵਿਚ ਜਸਵੰਤ ਸਿੰਘ ਜੀ ਨੇ ਕੁਝ ਵਾਧੂ ਲਾਇਨਾਂ ਪਾਕੇ ਪੰਜਾਬ ਯੂਨੀਵਰਸਟੀ ਤੇ ਹਾਵੀ ਸਿੰਘ

Sri Satguru Jagjit Singh Ji Elibrary NamdhariElibrary@gmail.com

ਸਭੀਆਂ ਨੂੰ ਪ੍ਰਸੰਨ ਕਰਨ ਹਿਤ ਇਹ ਵਾਧਾ ਕੀਤਾ ਹੈ।

"ਬਾਬਾ ਰਾਮ ਸਿੰਘ ਦੇ ਘਟ ਸਮਝ ਰਖਣ ਵਾਲੇ ਸਰਧਾਲੂ ਤੇ ਅੰਧ ਵਿਸ਼ਵਾਸੀਆਂ ਨੇ ਬਾਬਾ ਜੀ ਦੇ ਉਦੇਸ਼ਾਂ ਨੂੰ ਗਲਤ ਸਮਝ ਕੇ ਤੇ ਅੰਨ੍ਹੇ ਜੋਸ਼ ਵਿਚ ਬੇਮੁਹਾਰੇ ਹੋਕੇ ਆਪਣੇ ਆਪ ਨੂੰ ਬਾਬਾ ਜੀ ਨੂੰ ਤੇ ਸਮੁਚੀ ਨਾਮਧਾਰੀ ਲਹਿਰ ਨੂੰ ਸਖਤ ਨੁਕਸਾਨ ਪੁਚਾਇਆ। ਦੇਹਧਾਰੀ ਗੁਰੂ ਦੀ ਪੂਜਾ ਦਾ ਫਲ, ਸਿਖ ਕੌਮ ਨਾਲ ਅਸੂਲੀ ਵਿਰੋਧ ਹੋ ਗਿਆ। ਬਹੁਤੀ ਸੁਚ ਭਿਟ ਮੰਨਣ ਦਾ ਫਲ ਨਾਮਧਾਰੀ ਸੰਪ੍ਰਦਾਇ ਪੰਜਾਬ ਦੀ ਵਡੀ ਜਿਮੀਂਦਾਰ ਕੌਮ ਦੀ ਪੂਰੀ ਮਿਲਵਰਤਨ ਇਸ ਵਾਸਤੇ ਪ੍ਰਾਪਤ ਨ ਕਰ ਸਕੀ, ਕਿ ਉਨ੍ਹਾਂ ਦਾ ਵਾਹ ਵਾਹੀ ਬੀਜੀ ਵਿਚ ਮਜ਼ਬੀਆਂ ਨਾਲ ਪੈਂਦਾ ਸੀ ਤੇ ਉਹ ਛੋਹ ਭਿਟ ਜ਼ਿਆਦਾ ਨਹੀਂ ਸਨ ਮੰਨਦੇ।

ਪਰ ਇਸ ਸੰਪ੍ਰਦਾ ਵਲੋਂ ਪੈਦਾ ਕੀਤੀ ਗਈ ਜਾਗਰਤੀ ਦੀ ਨੀਂਹ ਉਤੇ ਖਾਲਸਾ ਦੀਵਾਨ ਤੇ ਸਿੰਘ ਸਭਾਵਾਂ ਦਾ ਮਹੱਲ ਉਸਰ ਗਇਆ। ਤੇ ਪੰਜਾਬੀ ਸਾਹਿਤ ਤੇ ਸਿਖ ਸਾਹਿਤ ਉੁਨਤੀ ਵਲ ਪਲਾਂਘਾਂ ਭਰਨ ਦੇ ਜੋਗ ਬਣ ਗਿਆ।

ਜਸਵੰਤ ਸਿੰਘ ਜੀ ਨੇ ਏਨਾਂ ਵਿਚ ਚਾਰ ਗਲਾਂ ਕਹੀਆਂ ਹਨ।

(1) ਸ਼ਹੀਦਾਂ ਵਿਰੁਧ।

(2) ਦੇਹਧਾਰੀ ਗੁਰੂ ਮਤ ਦੇ ਖਿਲਾਫ।

(3) ਸੁਚ ਧਰਮ ਦੇ ਖਿਲਾਫ।

(4) ਨਾਮਧਾਰੀਆਂ ਵਾਲੀ ਜਾਗਰਤੀ ਦੀ ਨੀਂਹ ਤੇ ਆਪਣੇ ਅੰਗਰੇਜ਼ੀ ਮਤ ਦਾ ਮਹੱਲ ਉਸਾਰਿਆ।

---

## ਨਾਮਧਾਰੀ ਸ਼ਹੀਦਾਂ ਵਿਰੁਧ

(1) ਨਾਮਧਾਰੀ ਸ਼ਹੀਦਾਂ ਵਿਰੁਧ ਲਿਖ ਜਸਵੰਤ ਸਿੰਘ ਜੀ ਨੇ (ਦ੍ਰਿੜ੍ਹ ਵਿਸ਼ਵਾਸੀਆਂ ਨੂੰ ਅੰਧ ਵਿਸ਼ਵਾਸੀ ਤੇ ਗਲਤ ਸਮਝ ਵਾਲੇ ਇਸ ਲਈ ਕਿਹਾ

ਕਿ ਉਹਨਾਂ ਦੀਆਂ ਸ਼ਹੀਦੀਆਂ ਦਾ ਕਦਰ ਸਤਿਕਾਰ ਘਟੇ। ਅਸੀਂ ਪਿਛੇ ਇਹ ਉਤਰ ਪੂਰੀ ਤਰ੍ਹਾਂ ਖੋਹਲ ਕੇ ਦੇ ਆਏ ਹਾਂ, ਏਥੇ ਏਤਨਾਂ ਹੀ ਕਹਿ ਦੇਣਾ ਠੀਕ ਸਮਝਦੇ ਹਾਂ ਕਿ ਜਿਵੇਂ ਕਿ ਕੋਈ ਕੋਹ ਦੇਵੇ ਕਿ ਪੰਜਾਂ ਪਿਆਰਿਆਂ ਕਿਡਾ ਅੰਧ ਪੁਣਾਂ ਕੀਤਾ ਏ ਵਜਾ ਹੀ ਸਿਰ ਦੇਣ ਨੂੰ ਹਾਜ਼ਰ ਹੋਏ ਤੇ ਗੁਰੂ ਗੋਬਿੰਦ ਸਿੰਘ ਜੀ ਭੀ ਬਹੁਤ ਘਟ ਸੋਚ ਕੀਤੀ ਪਹਿਲੋਂ ਪਿਤਾ ਜੀ ਨੂੰ ਦਿਲੀ ਨੂੰ ਟੋਰ ਦਿਤਾ ਤੇ ਫੇਰ ਮੁਠੀ ਭਰ ਸਿਖਾਂ ਨੂੰ ਨਾਲ ਲੈ ਏਡੀ ਵਡੀ ਸਲਤਨਤ ਨਾਲ ਮਥਾ ਲਾ ਚਾਰੋਂ ਪੁਤਰ ਤੇ ਬਿਰਧ ਮਾਤਾ ਜੀ ਨੂੰ ਸ਼ਹੀਦ ਕਰਾਇਆ ਤੇ ਸਮੇਤ ਸਿੰਘਾਂ ਦੇ ਦੁਖ ਪਾਇਆ। ਤੇ ਗੁਰੂ ਨਾਨਕ ਜੀ ਤੋਂ ਚਲੀ ਆ ਰਹੀ ਸਿਖੀ ਦੀ ਆਬਰੂ ਤੇ ਗੁਰੂ ਘਰ ਦੀ ਆਬਰੂ ਦਾ ਭਾਰਾ ਨੁਕਸਾਨ ਕੀਤਾ।

---

# ਦੇਹਧਾਰੀ ਗੁਰੂ ਮਤ ਦੇ ਖਿਲਾਫ

ਦੂਜੀ ਗਲ ਦੇਹਧਾਰੀ ਗੁਰੂ ਮਤ ਦੇ ਖਿਲਾਫ ਜੋ ਪਿਛੇ ਭੀ ਗੁਰੂ ਦੇਹਧਾਰੀ ਨੁਕਸਾਨ ਹੀ ਕਰਦੇ ਤੇ ਕਰਾਂਦੇ ਰਹੇ ਹਨ ਤੇ ਦੇਹਧਾਰੀ ਨੂੰ ਮੰਨਣ ਵਾਲੇ ਜੋ ਘਾਟੇ ਵਿ ਹੀ ਰਹੇ ਹਨ ਗੁਰੂ ਨਾਨਕ ਜੀ ਤਾਂ ਲੈ ਤਾਂ ਤੇ ਸਤਿ ਗੁਰੂ ਰਾਮ ਸਿੰਘ ਜੀ ਦੇ ਮੰਨਣ ਤੇ ਭੀ ਠੀਕ ਜਸਵੰਤ ਸਿੰਘ ਜੀ ਦਾ ਕਹਿਣਾਂ ਵਾਜਬ ਹੈ ਤੇ ਜੇ ਅੰਗਰੇਜ਼ੀ ਮਤ ਚਲਾਏ ਦੇ ਆਧਾਰ ਤੇ ਗਰੰਥ ਗੁਰੂ ਵਾਲਾ ਸਿਸਟਮ ਜਿਸ ਦੀ ਨਿਖੇਧ ਅਠਵੇਂ ਗੁਰੂ ਜੀ ਦੇ ਸਮੇਂ ਹੀ ਹੋ ਚੁਕੀ ਸੀ। ਜੋ ਸੂਰਜ ਪ੍ਰਕਾਸ਼ ਵਿਚ ਸੰਗਤਾਂ ਨੂੰ ਉਪਦੇਸ਼, ਦੇ ਤਲੇ ਹੈ। ਤੇ ਜਿਸ ਤੇ ਭਾਈ ਵੀਰ ਸਿੰਘ ਜੀ ਨੇ ਇਕ ਅੱਖਰ ਭੀ ਟਿਪਣੀ ਦਾ ਨਹੀਂ ਲਿਖਿਆ ਸੂਰਜ ਪ੍ਰਕਾਸ਼ ਦਾ ਟੀਕਾ ਕਰਦਿਆਂ, ਤਾਂ ਇਹ ਦੁਬਾਰਾ ਸਿਖੀ ਨੂੰ ਉਹੋ ਆਪ ਮੁਹਾਰਾ ਕਰਨ ਲਈ ਅੰਗਰੇਜ਼ਾਂ ਦਾ ਮਤ ਟੋਰਿਆ ਹੀ ਮੰਨਣਾ ਪਵੇਗਾ। ਇਹ ਪੂਰਾ ਨਿਰਨਾਂ ਪੜ੍ਹਨ ਲਈ ਮੇਰਾ ਲਿਖਿਆ ਪੁਸਤਕ ਪੰਜ ਨਿਰਨੇ ਪੜੋ ਕਿ ਭਾਈ ਸੰਤੋਖ ਸਿੰਘ ਜੀ ਨੇ ਕਿਵੇਂ ਗਰੰਥ ਗੁਰੂ ਦੇ ਉਲਟ ਤੇ ਬਾਬੇ ਬਕਾਲੇ ਦੇ ਹੱਕ ਵਿਚ ਲਿਖਿਆ ਹੈ। ਅਰਥਾਤ। ਗਰੰਥ ਦੇ ਸਾਹਵੇਂ ਹੋਣ ਤੇ ਭੀ

Sri Satguru Jagjit Singh Ji Elibrary NamdhariElibrary@gmail.com

ਸਿਖ ਨਹੀਂ ਪਤੀਜਦੇ ਤੇ ਦੇਹਧਾਰੀ ਦੀ ਦਸ ਤੇ ਹੀ ਪਤੀਜ ਜਾਂਦੇ ਹਨ ।

ਅਸੀਂ ਉਪਰ ਇਹ ਭੀ ਨਿਰਨਾਂ ਕਰ ਆਏ ਹਾਂ ਕਿ ਨ ਕਿ ਗਰੰਥ ਸੀ ਨਦੇੜ ਤੇ ਨ ਅਜੇ ਤਕ ਕੋਈ ਸਾਬਤ ਕਰ ਸਕਿਆ ਹੈ ਸਗੋਂ ਗੁਰੂ ਹੀ ਗਵਾਚ ਗਿਆ । ਸਿਧ ਕਰਦੇ ਹਨ ਸੋ ਕੋਈ ਪੁਛਦਾ ਹੈ ਉਹ ਗੁਰੂ ਸਾਡਾ ਕਿਥੇ ਹੈ ।

(2) ਜੇ ਦੇਹਧਾਰੀ ਗੁਰੂ ਦੇ ਸਿਖ ਕੁਝ ਕਰ ਨ ਵਖਾਉਂਦੇ ਤਾਂ ਸਿੰਘ ਸਭਾਵਾਂ ਦੇ ਪੈਰੋਕਾਰਾਂ ਵਾਂਗੂ ਜੋ ਟਿਕਾ 1867 ਦੇ ਗਦਰ ਸਮੇਂ ਸਿਖ ਕੌਮ ਤੇ ਲਗਾ ਸੀ । ਉਹ ਕਦੇ ਨ ਮੇਟ ਹੁੰਦਾ ਤੇ ਜਿਵੇਂ ਮਹਾਰਾਜੇ ਦਲੀਪ ਸਿੰਘ ਜੀ ਦਾ ਸਰਨ ਔਂਦੇ ਦਾ ਅਨਾਦਰ ਸਿੰਘ ਸਭਾਈਆਂ ਜੋ ਕੀਤਾ ਸੀ ਜੋ ਅਸੀਂ ਉਪਰ ਦਸ ਆਏ ਉਹੋ ਹਾਲ ਹੀ ਰਹਿੰਦਾ ਸਦਾ ਸਭ ਸਿਖ ਪੰਥ ਦਾ । ਪਰ ਦੇਹਧਾਰੀ ਗੁਰੂ ਦੀ ਸਰਨ ਵਾਲੇ ਸਿਖਾਂ ਦੀ ਸੰਗਤ ਦਾ ਸਦਕਾ ਕੋਈ ਸਿਰਲੱਥ ਸੂਰਮੇ ਪੈਦਾ ਹੋਏ ਜਿਨ੍ਹਾਂ ਸਿੰਘ ਸਭਾ ਦੇ ਪੈਦਾ ਕਰਨ ਵਾਲਿਆਂ ਨੂੰ ਸਦਾ ਲਈ ਆਪ ਦੇ ਦੇਸ਼ ਵਿਚੋਂ ਕਢ ਦਿਤਾ । ਅਸੀਂ ਉਪਰ ਭੀ ਦਸ ਆਏ ਹਾਂ ਤੇ ਹੁਣ ਭੀ ਆਖਦੇ ਹਾਂ ਕਿ ਬਿਨਾਂ ਦੇਹ ਤੋਂ ਇਹ ਗਰੰਥ ਗੁਰੂ ਜਸਵੰਤ ਸਿੰਘ ਜੀ ਦਾ ਕੀ ਕਰ ਸਕਦੇ ਜੋ ਆਪਣੀਆਂ ਹੀ ਭੁਲਾਂ ਠੀਕ ਨਹੀਂ ਕਰ ਸਕਦਾ । ਕਈ ਅਖਰ ਗਲਤ ਇਸ ਵਿਚ ਛਪੇ ਅਸੀਂ ਵਿਖਾ ਸਕਦੇ ਹਾਂ । ਤੇ ਬੀੜਾਂ ਦੀਆਂ ਬੀੜਾਂ ਗਲਤ ਸਾਬਤ ਕਰ ਸਕਦੇ ਹਾਂ ।

ਸਿਖ ਕੌਮ ਨਾਲ ਸਾਡਾ ਕੀ ਵਿਰੋਧ ਹੈ, ਅਸੀਂ ਤਾਂ ਸਤਿ ਗੁਰੂ ਨਾਨਕ ਦੇਵ ਜੀ ਦੇ ਤੋਰੇ ਸਿਖੀ ਧਰਮ ਦਾ ਉਹੋ ਰੂਪ ਹਾਂ, ਜੋ ਉਹਨਾਂ ਤੋਂ ਬਾਦ ਦੇ ਗੁਰੂਆਂ ਜਾਰੀ ਰਖਿਆ. ਜਿਸ ਕੌਮ ਦੀ ਅਗਵਾਈ ਸਿੰਘ ਸਭਾ ਅੰਗਰੇਜ਼ੀ ਸਿਖਿਆ ਅਨੁਸਾਰ ਕੀਤੀ ਉਸ ਦੀ ਇਛਾ ਅਨੁਸਾਰ ਉਸੇ ਗੁਲਾਮੀ ਦਾ ਟਿਕਾ ਤੇ ਕਲੰਕ ਦਾ ਟਿਕਾ ਸਿੰਘ ਸਭਾ ਦੇ ਮਥੇ ਲਗਾ ਰਹੇਗਾ । ਸਿਖ ਕੌਮ ਤਾਂ ਅਜ ਵੀ ਦੇਹ ਧਾਰੀ ਗੁਰੂ ਵਿਚੋਂ ਹੀ ਕਲਿਆਣ ਮੰਨਦੀ ਹੈ, ਤਾਹੀ ਉਹ ਵਖ ਵਖ ਸੰਤਾ ਮਹਾਤਮਾਵਾਂ ਦੇ ਚਰਨੀ ਲਗਾ ਤੇ ਉਪਦੇਸ਼ ਲੈ ਦੇਹਧਾਰੀ ਗੁਰੂ ਦੀ ਲੋੜ ਦਾ ਅਜ ਤੋਂ ਜ਼ਰੂਰੀ ਪਖ ਪੇਸ਼ ਕਰਦੀ ਹੈ। ਸਿੰਘ ਸਭਾ ਵਾਲੇ ਵੀ ਅੰਤ ਨੂੰ

Sri Satguru Jagjit Singh Ji Elibrary NamdhariElibrary@gmail.com

ਭਾਈ ਵੀਰ ਸਿੰਘ ਜੀ ਨੂੰ ਗੁਰੂਆਂ ਜਿਹਾ ਸਾਬਤ ਕਰਨ ਦੀ ਕੋਸ਼ਸ਼ ਵਿਚ ਹਨ। ਸਾਹਿਤ ਸਮਾਚਾਰ ਨੂੰ ਧਿਆਣੇ ਦੇ ਭਾਈ ਵੀਰ ਸਿੰਘ ਅੰਕ ਦੇ ਪਹਿਲੇ ਚਿਤਰ ਦੀ ਨੁਹਾਰ ਤੋਂ ਅੰਦਰਲੀ ਇੱਛਾ ਦਾ ਪਤਾ ਲਗ ਜਾਂਦੈ।

ਸਿਖ ਕੌਮ ਆਪਣੇ ਅਸਲੀ ਗੁਰੂ ਦੀ ਸ਼ਰਨ ਭਾਵੇਂ ਕਈ ਬਹਿ ਕਾਵਿਆ ਕਾਰਨ ਨਾ ਆ ਸਕੇ ਪਰ ਦੇਹ ਧਾਰੀ ਗੁਰੂ ਦੀ ਲੋੜ ਸਦਾ ਮਾਸੂਸ ਕਰਦੀ ਰਹੇਗੀ। ਜਿਵੇਂ ਕਈਆਂ ਗੀਤਾਂ ਵਿਚ ਕਿਹਾ ਜਾਂਦੈ, "ਹੁਣ ਗੁਰੂਆ ਤੇਰੇ ਔਣ ਦੀ ਲੋੜ ਏ ਪਿਆ ਪੰਥ ਵਿਚ ਪਾਟੋ ਧਾੜ ਬੋੜ ਏ।

ਤੇ ਡਾਕਟਰ ਗੰਡਾ ਸਿੰਘ ਜੀ ਦੇ ਮਾਨ ਪਤਰ ਦੇ ੦ ਪੰਨੇ ਤੇ ਜਿਵੇਂ ਜੀਤ ਸਿੰਘ ਸੀਤਲ ਨੇ ਲਿਖਿਆ ਹੈ। ਗੰਡਾ ਸਿੰਘ ਦੇ ਦੁਨੀਆਂ ਤੇ ਔਣ ਨਾਲ "ਪਹਾੜੀ ਪਿੰਡ ਦਾ ਰੋਗਿਰਦਾ ਬੋਲ ਉਠਿਆ। ਖੇਤ ਹਰੇ ਭਰੇ ਹੋ ਗਏ। ਅਕਾਸ਼ ਦੀ ਉਫਕ ਨਵ ਵਿਆਹੁਤ ਦੇ ਲਜਾ ਭਰਪੂਰ ਅੱਧ ਖੁਲੇ ਮੁਖੜੇ ਵਾਂਗੂ ਇਕ ਪਾਸੇ ਲਿਸ਼ਕਦੀ ਦਿਸੀ। ਆਦ ਜੋ ਅਖਰ ਹਨ। ਸਰਧਾਲੂਆਂ ਦੇ ਸੀਨੇ ਚੋਂ ਆਪਦੇ ਸਤਿਗੁਰ ਜੇਹੇ ਹੀ ਸੁਹਾਵਣੇ ਅਲੰਕਾਰ ਜਾਹਰ ਕਰਦੇ ਹਨ। ਅਰਥਾਤ ਗੁਰੂ ਮੰਨਣ ਦੀ ਭਾਵਨਾ ਕਹਾ ਸਕਦੇ ਹਨ। ਨਹੀਂ ਤੇ "ਜਿਨ੍ਹਾਂ ਨਾਉ ਸੁਹਾਗਣੀ ਤਿਨਾ ਝਾਕਨ ਹੋਰ। ਵਾਕ ਵਾਲਿਆਂ ਨੂੰ ਐਸੇ ਭਾਈ ਵੀਰ ਸਿੰਘ ਜੀ ਤੇ ਗੰਡਾ ਸਿੰਘ ਦੀ ਬਾਬਤ ਲਿਖਨ ਦੀ ਕੀ ਲੋੜ ਏ।

ਇਹ ਗੁਰੂ ਥੋੜੇ ਹਨ ਇਹ ਤੇ ਅੰਦਰ ਦੇ ਕੋੜੇ ਹਨ। ਕੂੜ ਕੁਟਣੇ ਲੋੜੇ ਹਨ ਜੋ ਅਸੀਂ ਅੰਤ ਤੇ ਸਾਬਤ ਕਰਾਂਗ।

---

# ਸੂੱਰ ਭਿਟ ਦਾ ਮੰਨਣਾ

(ਤੀਜਾ ਨਿਰਨਾ) ਬਹੁਤੀ ਸੁਚ ਭਿਟ ਮੰਨਣ ਦਾ ਫਲ ਜੋ ਜਸਵੰਤ ਸਿੰਘ ਜੀ ਦਾ ਲਿਖਿਆ ਹੈ, ਇਹ ਆਪਣੇ ਲਿਖੇ ਤੋਂ ਉੱਕਾ ਉਲਟ ਸੁਣੀ ਸੁਣਾਈ ਦੇ ਅਧਾਰ ਤੇ ਆਪ ਨੇ ਲਿਖ ਦਿਤਾ। ਜਦ ਆਪ ਹੀ ਲਿਖਦੇ ਹਨ।

Sri Satguru Jagjit Singh Ji Elibrary NamdhariElibrary@gmail.com

"ਨਾਮਧਾਰੀ ਸਮਾਜ ਦੀ ਨੀਂਹ ਹੀ ਹਥੀ ਕਿਰਤ ਤੇ ਰਖੀ" ਕਿਰਤੀ ਲੋਕ ਇਸ ਵਿਚ ਆਮ ਰਲੇ, ਤੇ ਸਤਿ ਗੁਰੂ ਰਾਮ ਸਿੰਘ ਜੀ ਵਲੋਂ ਲਿਖਿਆ ਆਇਆ" ਡੇਰੇ ਵਿਚ ਵੇਹਲਾ ਕੋਈ ਨ ਰਹੇ;" ਤਾਂ ਨਾਮਧਾਰੀ ਵਾਹੀ ਬੀਜੀ ਵਾਲੇ ਕਿਵੇਂ ਘਟ ਹੋਏ। ਤੇ ਨਾਮਧਾਰੀਆਂ ਦੀ ਮਿਲਵਰਤਨ ਭੀ ਆਪਨੇ ਪੜ੍ਹੀ ਹੀ ਹੋਵੇਗੀ ਜੋ ਗਰੀਬ ਪਤ੍ਰਿਆਂ ਦੀ ਸੂਚੀ ਆਪਨੇ ਦਿਤੀ ਹੈ। ਉਨ੍ਹਾਂ ਵਿਚ ਕਿ ਗਊ ਘਾਤੀ ਨਿੰਦਕ ਭੀ ਵਿਰੋਧੀ ਤੇ ਅਨ ਮਤੀ ਨਾਲ ਭੀ ਸਕੇ ਭਾਈ ਵਾਂਗੂ ਆਦਰ ਨਾਲ ਵਰਤਣਾ ਤੇ ਜਲ ਪ੍ਰਸਾਦੇ ਦੀ ਸੇਵਾ ਕਰਨੀ। ਤੁਹਾਨੂੰ ਸੇਵਾ ਦਾ ਫਲ ਤੇ ਉਹਨੂੰ ਆਪਦੇ ਕਰਨ ਦਾ ਫਲ।" ਆਪਨੇ ਇਹ ਭੀ ਪੜਿਆ ਸੁਣਿਆ ਹੋਵੇਗਾ ਕਿ ਸਤਿ ਗੁਰੂ ਰਾਮ ਸਿੰਘ ਜੀ ਸੂਬੇ ਪਹਾੜਾ ਸਿੰਘ ਜੀ ਨੂੰ ਕਰੜੀ ਤਨਖਾਹ ਲਾਈ ਸੀ ਇਹ ਸਦ ਕੇ ਕਿ ਉਹਨਾਂ ਖੁਲੇ ਭਾਵ ਕੁਸੰਗੀ ਸਿਖ ਨੂੰ ਜਲ ਨ ਛਕਾਇਆ। ਗੜਵਾ ਮਾਂਜਣ ਦੇ ਆਲਸੋਂ।

(ਰਹੀ ਗੱਲ ਸੁਚ ਭਿਟ ਦੀ) ਗੁਰੂ ਨਾਨਕ ਜੀ ਤੋਂ ਲੈ ਗੁਰੂ ਗੋਬਿੰਦ ਸਿੰਘ ਜੀ ਦੇ ਬਣਾਏ ਸਚ ਧਰਮ ਦੇ ਅਸੂਲ ਨੂੰ ਹੀ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਵਰਤਦੇ ਸੀ ਤੇ ਹਨ। ਜੇਹੇ ਗੁਰ ਵਾਕ ਗਰੰਥ ਸਾਹਿਬ ਵਿਚ ਹਨ।

ਉਹਨਾਂ ਬਾਬਤ ਜੋ ਬੇਦੀਨਾਂ ਨਾਲ ਵਰਤਦੇ ਹਨ।

ਬੇ ਦੀਨਾਂ ਦੀ ਦੋਸਤੀ ਬੇ ਦੀਨਾਂ ਕਾ ਖਾਣੁ।

ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ।

ਸਲੋਕ ਮਹਲਾ 1 ਪੰਨਾ 790

ਅਰਥਾਤ ਐਸਾ ਵਰਤਨ ਵਾਲੇ ਗੁਰੂ ਕੀ ਮਤ ਦੀ ਜੋ ਸਿਫਤ ਹੈ ਉਸਦੀ ਸਾਰ ਨਹੀਂ ਜਾਣਦੇ, ਸਦਾ ਸ਼ੈਤਾਨੀ ਮਤ ਭਾਵ ਮਰਜੀ ਵਿਚ ਵਰਤਦੇ ਹਨ।

"ਸ੍ਰਿਸਟ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ" ਧਨਾਸਰੀ ਮਹਲਾ 1। ਦਾ ਇਹੋ ਭਾਵ ਹੈ ਕਿ ਇਕ ਵਰਨ ਵਰਤਿਆ ਆਪੋ ਆਪਣੇ ਧਰਮ ਦੀ ਸਾਰ ਨਹੀਂ ਰਹਿੰਦੀ।

Sri Satguru Jagjit Singh Ji Elibrary NamdhariElibrary@gmail.com

"ਸੰਤਨ ਦਾ ਰੁਖਾ ਦਾਨਾ ਸੋ ਸਰਬ ਨਿਧਾਨ।

ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੁ ਸਮਾਨ।

ਗੁਰਵਾਕ ਨੂੰ ਵਿਚਾਰ ਹੀ ਨਾਮਧਾਰੀ ਕੁ ਸੁਧ ਕਿਰਤ ਤੇ ਖੋਟੀ ਕਿਰਤ ਵਾਲੇ ਨਾਲ ਵਰਤਨ, ਜਲ ਪ੍ਰਸਾਦੇ ਦਾ ਨਹੀ ਕਰਦੇ।

ਤੇ ਜੋ ਬਲਾਵਲ ਮਹਲਾ 5 ਵਿਚ ਗੁਰੂ ਅਰਜਨ ਦੇਵ ਜੀ ਲਿਖਿਆ ਹੈ।

"ਸਤੁ ਸੰਤੋਖੁ ਦਇਆ ਧਰਮ।
ਸੁਚਿ ਸੰਤਨ ਤੇ ਇਹੁ ਮੰਤ ਲਈ।
ਕਹੁ ਨਾਨਕ ਜਿਨਿ ਮਨਹੁ ਪਛਾਨਿਆ।
ਤਿਨ ਕਉ ਸਗਲੀ ਸੋਝ ਪਈ।"

822 ਪੰਨਾ

ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਤੇ ਸੰਤਾਂ ਸਿੰਘਾਂ ਪਾਸੋਂ ਇਹੋ ਮਤ ਲਈ ਹੀ ਵਰਤਦੇ ਹਨ। ਪਰ ਨਾਲ ਇਹ ਭੀ ਕਹਿਣਾ ਪੈਂਦਾ ਹੈ ਜਿਨ੍ਹਾਂ ਨੇ ਗੁਰਮਤ ਨੂੰ ਮਨੋਂ ਪਛਾਣਿਆ ਹੈ ਇਹ ਸਾਰੀ ਸੋਝੀ ਉਸਨੂੰ ਹੀ ਪੈਂਦੀ ਹੈ।

ਅਸੀਂ ਨਾਮਧਾਰੀ ਗੁਰੂ ਅਰਜਨ ਦੇਵ ਜੀ ਦੇ ਰਾਗ ਮਲਾਰ ਵਿਚ ਉਚਰੇ ਵਾਕ।

"ਅਨਿਕ ਪ੍ਰਕਾਰ ਭੋਜਨ ਬਹੁ ਕੀਏ ਬਹੁਤਾ ਬਿੰਜਨ ਮਿਸ਼ਟਾਏ।
ਕਰੀ ਪਾਕ ਸਾਲ ਸੋਚ ਪਵਿਤ੍ਰਾ ਹੁਣ ਲਾਵਹੁ ਭੋਗੁ ਹਰਿਰਾਏ।"
ਅਨੁਸਾਰ ਹੀ ਸੁਚ ਪਵਿਤ੍ਰ ਦਾ ਪ੍ਰਸਾਦ ਤਿਆਰ ਕਰਕੇ ਅਰਦਾਸਾ ਕਰਦੇ ਹਾਂ। ਹੇ ਸਚੇ ਪਾਤਸਾਹੋਂ ਇਸ ਪ੍ਰਸਾਦ ਨੂੰ ਹੁਣ ਆਪ ਪ੍ਰਵਾਨ ਕਰੋ।
ਅਰਥਾਤ ਇਸਦਾ ਭੋਗਲਾਵਹੁ।
ਅਸੀਂ ਨਾਮਧਾਰੀ ਨਹੀਂ ਇਹ ਵਰਤੋਂ ਕਰਦੇ।

"ਸੀਲੁ ਸੰਜਮ ਸੁਚ ਭੰਨੀ ਖਾਣਾਂ ਖਾਜ ਅਹਾਜ"
ਸਰਮ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲ।"

Sri Satguru Jagjit Singh Ji Elibrary NamdhariElibrary@gmail.com

ਤੇ ਲੋਭੀ ਮੈਤੁ ਨ ਜਾਨਣੀ ਭੱਖ ਆਭੱਖ ਸਭ ਖਾਹਿ ।"
ਨਾਮਧਾਰੀ ਤਾਂ "ਸੋਧ ਸਗਲ ਸੋਧਨਾ"
ਤੇ ਬੰਧੁ ਪਾਇਆ ਮੇਰੇ ਸਤਿਗੁਰੂ,"
ਆਦ ਗੁਰਵਾਕਾਂ ਵਿਚ ਵਰਤਦੇ ਹਨ ।
ਤੇ ਦਸਮ ਗੁਰੂ ਜੀ ਦੇ ਬਚਨ—
"ਜਾਕੀ ਰਹਿਤ ਨ ਜਾਣੀਐ ਗੁਰ ਮੰਤਰ ਨਹੀਂ ਚੀਤ
ਤਾਕਾ ਭੋਜਨ ਖਾਇਕੇ ਵਿਸਰੈ ਹਰਿ ਸਿਉ ਪ੍ਰੀਤ ।"
ਤੇ ਜਹਾਂ ਕਹਾਂ ਕਾ ਛਕੇ ਪ੍ਰਸਾਦ ।
ਸਿਖ ਨਹੀਂ ਮੇਰਾ ਆਦ ਜੁਗਾਦ ।
ਦੀ ਹਰ ਸਮੇਂ ਵਿਚਾਰ ਰਖਦੇ ਹਨ ।"

ਤੇ ਰਹਿਤ ਨਾਮਿਆਂ ਦੇ ਬਚਨ :—

ਕੁਠਾ ਹੁਕਾ ਚਰਸ ਤਮਾਕੂ ।
ਗਾਂਜਾ ਟੋਪੀ ਤਾੜੀ ਖਾਕੂ ।
ਇਨਕੀ ਓਰ ਨ ਕਬਹੂ ਦੇਖੇ ।
ਰਹਿਤ ਵਾਨ ਸੋ ਸਿਖ ਵਸੇਖ ।
ਤੇ ਸਿੰਘਾਂ ਦੀ ਹੈ ਕਸਮ ਤਮਾਕੂ ।
ਕਨੀਂ ਨਾਲ ਜੋ ਛੋਹੇ ਰਤਾ ਕੂ ।
ਕਰਨ ਬਸਤਰਾਂ ਸਣੇ ਇਸ਼ਨਾਨ ।
ਸਿੰਘਾਂ ਮਨਾਂ ਇਹ ਬੁਰੀ ਉਠਾਨ ।"

ਆਦ ਵਾਕਾਂ ਨੂੰ ਵਿਸਾਰ ਕੇ ਜੋ ਜਸਵੰਤ ਸਿੰਘ ਜੀ ਜਹੇ ਜਗਤ ਜੂਠ, ਹੁਕੇ ਤਮਾਕੂ ਦੀ ਉਥਾਨੋਂ ਨਹੀਂ ਪ੍ਰਹੇਜ਼ ਕਰਨਾ ਚਾਹੁੰਦੇ ਤਾਂ ਸਾਨੂੰ ਕੀ ਜੁਟਣ ਬੁਲੋਂ ਤੋਂ ਲੈਣ ਸਿਗਰਟਾਂ ਦੇ ਹੁਲੇ ।

Sri Satguru Jagjit Singh Ji Elibrary NamdhariElibrary@gmail.com

ਜੋ ਜਸਵੰਤ ਸਿੰਘ ਜੀ ਨੇ ਲਿਖਿਆ ਹੈ ਪੂਰੀ ਜਿਮੀਂਦਾਰ ਕੌਮ ਦੀ ਮਿਲ ਵਰਤਨ ਹਾਸਲ ਨ ਕਰ ਸਕੀ। ਇਹ ਉਕਾ ਅੰਜਾਨੀ ਗੱਲ ਹੈ। ਆਪ ਹੀ ਤੇ ਲਿਖਦੇ ਹਨ। "ਬਾਬਾ ਜੀ ਨੇ ਇਕ ਐਸੇ ਸਮਾਜ ਦੀ ਉਸਾਰੀ ਕਰਨੀ ਅਰਥੀ ਜਿਸ ਦੀ ਨੀਂਹ ਹਥੀਂ ਕਿਰਤ ਕਰਨ ਉਤੇ ਰਖੀ ਸੀ।.........ਸਗੋਂ ਹਥੀਂ ਕਿਰਤ ਕਰਕੇ ਵੰਡ ਛਕਣ ਦਾ ਉਪਦੇਸ਼ ਦਿਤਾ ਹੈ।.....ਕੋਈ ਵੀ ਛੋਹੋ ਵਿਹਲਾ ਨਾ ਬੈਠੇ" ਆਦ ਵੇਖੋ ਡੂ: ਛਾ: 143—44 ਪੰਨਾ ਤਾਂ ਮਿਲਵਰਤਨ ਨ ਹੋਈ। ਜੇ ਬਹੁਤ ਨ ਹੋਈ ਕਹੋ ਤਾਂ ਜੋ ਗਰੰਥ ਸਾਹਿਬ ਦਾ ਵਾਕ ਹੈ।" "ਹੈਣ ਵਿਰਲੇ ਨਾਹੀਂ ਘਣੇ" ਉਹ ਤਾਂ "ਵਿਰਲੇ ਕਈ ਕੇ।" ਵਾਲਾ ਬਚਨ ਸਿਖ ਪੰਥ ਤੇ ਆਦ ਲੈ ਕੇ ਘਟਦਾ ਹੈ ਸਭ ਸੋਚ ਸਕਦੇ ਹਨ। ਸਿਖਾਂ ਦੀ ਗਿਣਤੀ ਸੰਸਾਰ ਵਿਚ ਕਿਤਨੀ ਕੁ ਏ। ਤੇ "ਫੈਲ ਫਕੜ ਸਾਰੇ" ਕਿਨਾ ਕੁ ਏ।

---

# ਨਾਮਧਾਰੀ ਪੰਥ ਵਲੋਂ ਪੈਦਾ ਕੀਤੀ ਜਾਗ੍ਰਤੀ ਦੀ ਨੀਂਹ ਤੇ ਆਪਣੇ ਅੰਗਰੇਜ਼ੀ ਮੱਤ ਦਾ ਮਹੱਲ ਉਸਾਰਿਆ

(4) ਨਾਮਧਾਰੀ ਪੰਥ ਵਲੋਂ "ਪੈਦਾ ਕੀਤੀ ਗਈ ਜਾਗਰਤੀ ਦੀ ਨੀਂਹ ਤੇ ਖਾਲਸਾ ਦੀਵਾਨ ਤੇ ਸਿੰਘ ਸਭਾਵਾਂ ਦਾ ਮਹੱਲ ਉਸਰਿਆ।" ਲਿਖੀ ਅੰਤ ਤੇ ਜਸਵੰਤ ਸਿੰਘ ਜੀ ਨੇ ਆਪਣਾ ਸਾਰਾ ਪਾਜ ਖੋਲ ਦਿਤਾ ਹੈ ਤੇ ਉਕਾ ਨਹੀਂ ਸੋਚਿਆ ਕਿਥੇ ਰਾਮ ਰਾਮ ਤੇ ਕਿਥੇ ਟੈਂ ਟੈਂ। ਅਰਥਾਤ ਕੂਕਾ ਨਾਮਧਾਰੀਆਂ ਦੀ ਜਾਗਰਤੀ ਦੀ ਨੀਂਹ ਕੂਕਾ ਖਾਲਸਾ ਦੀਵਾਨ ਤੇ ਸਿੰਘ ਸਭਾਵਾਂ ਦਾ ਉਸੇ ਨੀਂਹ ਤੇ ਉਸਰਨਾ। ਨਾਮਧਾਰੀ ਅੰਗਰੇਜ਼ੀ ਸਰਕਾਰ ਦੇ ਪਕੇ ਨ ਮਿਲਵਰਤਨੀ ਤੇ ਬਾਗੀ ਤੇ ਕੌੜੇ ਕਾਨੂੰਨ ਤੋੜਨ ਵਾਲੇ। ਤੇ ਸਿੰਘ ਸਭਾ ਅੰਗਰੇਜ਼ੀ ਸਰਕਾਰ ਦੀ ਵਫਾਦਾਰ ਤੇ ਉਹਨਾਂ ਦੇ ਬਣਾਏ ਹੋਏ ਅਸੂਲਾਂ

Sri Satguru Jagjit Singh Ji Elibrary NamdhariElibrary@gmail.com

ਤੇ ਤੁਰਨ ਵਾਲੀ ਤੇ ਅੰਗਰੇਜ਼ਾਂ ਦੀ ਸਰਪ੍ਰਸਤੀ ਚੋਂ ਉਂਠੀ ਤੇ ਪਲੀ ਤੇ ਪੜ੍ਹੀ ਹੋਈ।

ਨਾਮਧਾਰੀ ਦੇਹਧਾਰੀ ਗੁਰੂ ਦੇ ਮੰਨਣ ਵਾਲੇ ਜੋ ਗੁਰੂ ਨਾਨਕ ਜੀ।

"ਨਾਨਕ ਅੰਗਦ ਕੋ ਥਪ ਧਰਾ ਪੰਥ ਪ੍ਰਚੁਰ ਇਹ ਜਗ ਮੇਂ ਕਰਾ।

ਮਤ ਟੋਰਿਆ ਹੈ ਸਦ ਪੀਤੀ ਗੁਰੂ ਰਲੰਦੀ ਵਾਲਾ, ਤੇ ਸਿੰਘ ਸਭਾ ਉਕਾ ਇਸਦੇ ਉਲਟ ਅੰਗਰੇਜ਼ੀ ਮਤ ਅਨੁਸਾਰ ਦੇਹਧਾਰੀ ਗੁਰੂ ਵਲੋਂ ਉਕਾ ਮੁਨਕਰ।

ਗੁਰ ਕੀ ਮੂਰਤ ਮਨ ਮੇਂ ਧਿਆਨ ਤੋਂ ਮੁਨਕਰ।

ਨਾਮਧਾਰੀਆਂ ਦੇ ਹਥੀ ਬੀੜ ਛਾਪੀ ਦੋਹੀ ਨੂੰ ਗੁਰਬਾਣੀ ਗੁਰਵਾਕ ਵੇਦ ਮੰਨਦੇ ਹਨ ਤੇ ਇਹ ਸਿੰਘ ਸਭਾਵਾਂ ਗਲਤ, ਮਹਿੰਗਾ ਅਪਰਵਾਨ ਤੇ ਮੁਲ ਖਰੀਦ ਛਾਪ ਗੁਰੂ ਮੰਨਦੇ ਹਨ ਤੇ ਅਸਲ ਬੀੜ ਜੋ ਆਖਦੇ ਹਨ ਵਿਖਾ ਵੀ ਨਹੀਂ ਸਕਦੇ ਤ ਉਸ ਤੋਂ ਹੋਰ ਹੋਰ ਨੂੰ ਹੀ ਗੁਰੂ ਮੰਨਦੇ ਹਨ। (ਅਰਥਾਤ) ਜੋ ਬੋਲੇ ਨ ਭਰਮ ਦਾ ਪੜਦਾ ਖੋਲੇ ਨ ਉਸਤੇ ਟਿਕੇ ਹਨ। ਤਾਂ ਉਸ ਜਾਗਰਤੀ ਤੇ ਕਿਵੇਂ ਇਸਦਾ ਮਹੌਲ ਉਸਰ ਗਿਆ।

ਨਾਮਧਾਰੀ ਤਾਂ "ਕਰੀ ਪਾਕ ਸਾਲ ਸੌਚ ਪਵਿਤਰਾ ਹੁਣ ਲਾਵਹੁ ਭੋਗ ਹਰਿ ਰਾਇ। ਗੁਰਵਾਕ ਦੀ ਵਰਤੋਂ ਕਰਦੇ ਹਨ ਤੇ ਸਿੰਘ ਸਭਾਵਾਂ ਵਾਲੇ "ਸੀਲ ਸੰਜਮੁ ਸੁਚ ਭੰਨੀ, ਖਾਣਾ ਖਾਜ ਅਹਾਜੁ" ਵਰਤਦੇ ਹਨ ਕਿਵੇਂ ਉਸ ਜਾਗਰਤੀ ਦੇ ਮਤੇ ਤੇ ਮਹੌਲ ਉਸਰਿਆ।

ਸਾਨੂੰ ਇਹ ਗਲ ਜਾਪਦੀ ਏ ਦੂਜੀ ਛਾਪ ਵੇਲੇ ਕੋਈ ਜਸਵੰਤ ਸਿੰਘ ਜੀ ਨੂੰ ਪੁਛ ਬੈਠਾ ਹੈ ਕਿ ਆਪਨੇ ਏਤਨੀ ਸਿਫਤ ਭੀ ਨਾਮਧਾਰੀਆਂ ਦੀ ਲਿਖੀ ਤੇ ਭਲ ਗਏ ਭੀ ਲਿਖਦੇ ਹੋ। ਤੁਸੀਂ ਕਿਥੋਂ ਟੁਰੇ ਹੋ ਜਾਂ ਏਹਨਾਂ ਨੇ ਕਾਹਲ ਨਾਲ ਕੋਹ ਦਿਤਾ ਹੈ ਕਿ ਉਸੇ ਜਾਗਰਤੀ ਦੀ ਨੀਂਹ ਤੇ ਇਹ ਨਹੀਂ ਸੋਚਿਆ ਕਿ ਉਸੇ ਜਾਗਰਤੀ ਨਾਲ ਤਾਂ ਸਾਡਾ ਵਿਰੋਧ ਰਿਹਾ ਹੈ—

ਇਹਨਾਂ ਉਹ ਗਲ ਇਥੇ ਕਹ ਕਰ ਵਿਖਾਈਏ। ਜਿਵੇਂ ਇਕ ਸ਼ਾਦੀ ਤੇ ਮਾਂ ਤੇ ਧੀ ਗਈਆਂ ਸੀ ਪਰ ਧੀ ਕੋਲ ਇਕੋ ਰੁਪੈਆ ਸੀ ਤੇ 20 ਮਾਂ ਧਰੇ ਸਨ ਕਿਸੇ ਪੁਛਿਆ ਕੀ ਨਿਉਂਦਾ ਪਾਇਆ ਜੇ, ਤਾਂ ਧੀ ਝਟ ਕਹਿ ਦਿਤਾ ਮੈਂ ਤੇ

ਬੋਦੇ ਵਿਕੀ ਪਾਏ ।

ਜਿਸ ਖਾਲਸਾ ਦੀਵਾਨ ਦੀ ਤੇ ਸਿੰਘ ਸਭਾ ਦੀ ਆਪ ਪਦਾਇਸ਼ ਹਨ ਉਹ ਪਾਠਕ ਇਸੇ ਪੁਸਤਕ ਵਿਚ ਡਾਕਟਰ ਜਗਜੀਤ ਸਿੰਘ ਜੀ ਦੇ ਵਲੋਂ ਸਭਾ ਲਹਿਰ ਦੇ ਪੰਨਿਆਂ ਵਿਚ ਲਿਖਿਆ ਪੜ੍ਹ ਸਕਦੇ ਹਨ ਕਿ ਕਿਵੇਂ ਇਹ ਖਾਲਸਾ ਦੀਵਾਨ ਨੇ ਮਹਾਰਾਜੇ ਦਲੀਪ ਸਿੰਘ ਜੀ ਨੂੰ ਕਰੋ ਤੇ ਕੌੜੇ ਉਤਰ ਸਤਨ ਔਂਦੇ ਨੂੰ ਦਿਤੇ ਸੀ । ਤੇ ਆਪਣੇ ਮਥੇ ਤੇ ਕਲੰਕ ਦਾ ਟਿਕਾ ਲਾਇਆ ਸੀ ।

(ਸਿੰਘ ਸਭਾ ਲਹਿਰ ਦੇ 56 ਪੰਨੇ ਤੋਂ 62 ਤਕ ਹਨ)

---

# ਖਾਲਸਾ ਦੀਵਾਨ ਦੀ ਰਾਜ ਭਗਤੀ ਦੇ ਸਿਰਲੇਖ ਤਲੇ ਜੋ ਏਨਾਂ ਦੇ ਮਹੱਲ ਉਸਰੇ ਨੇ ਕੀਤਾ

ਅਸਲ ਗਲ ਇਹ ਹੈ ਜਦ ਤੋਂ ਸਿੰਘ ਸਭਾ ਬਣੀ । ਇਹ ਗੁਰੂ ਗੋਬਿੰਦ ਸਿੰਘ ਜੀ ਵਾਲੀ ਸਿਖੀ ਤੇ ਖਤਮ ਹੋਦੇ ਵੇਖ ਹੀ ਚੁਕੇ ਸਨ ਤੇ ਨਾਮਧਾਰੀਆਂ ਨਾਲ ਮਿਲ ਟੁਰਨਾ ਨਹੀਂ ਸੀ । ਤੇ ਖਾਲਸਾ ਦੀਵਾਨ ਤੇ ਅੰਗਰੇਜ਼ਾਂ ਨੂੰ ਆਪਣਾ ਮੁਢ ਮੰਨਣਾ ਇਕ ਹਾਸੋ ਹੀਣੀ ਗਲ ਸੀ । ਇਸ ਲਈ ਇਹ ਕਹਿਕੇ ਉਸ ਪ੍ਰਚਲ ਵਾਲੇ ਕੋਲੋਂ ਪਲਾ ਛੁਡਾਇਆ ਹੈ ਕਿ ਉਸ ਜਾਗਰਤੀ ਦੀ ਨੀਂਹ ਤੇ ਸਿੰਘ ਸਭਾ ਦਾ ਮਹੱਲ ਉਸਰਿਆ ਹੈ । ਕਿਉਂਕਿ ਹੋਰ ਤੇ ਕਿਤੋਂ ਜਾਗਰਤੀ ਸਾਬਤ ਨ ਹੁੰਦੀ ਸੀ । ਤੇ ਅੰਗਰੇਜ਼ੀ ਤੋਰ ਤੇ ਮੁਢ ਸਾਬਤ ਕਰਦੇ ਤਾਂ ਉਹ ਗੁਰੂ ਗੋਬਿੰਦ ਸਿੰਘ ਜੀ ਦੀ ਮਰਜ਼ਾਦਾ ਨਾਲ ਮਿਲਦੀ ਨ ਸੀ ।

ਭਾਵੇਂ ਏਨਾਂ ਗੁਰ ਮਰਜਾਦਾ ਅਨੰਦ ਨੂੰ ਉਲਟੇ ਤੋਰ ਤੇ ਚਾਲੂ ਕੀਤਾ ।

Sri Satguru Jagjit Singh Ji Elibrary NamdhariElibrary@gmail.com

ਪਰ ਅਸਾਂ ਤਾਂ ਉਹੋ ਲਿਆ । "ਜੋ ਜੀਅ ਹੋਇਸੋ ਉਗਵੇ । ਗੁਰਵਾਕ ਅਨੁਸਾਰ ਸਾਬਤ ਭੀ ਹੋ ਗਿਆ ਹੈ ਕਿ ਜਾਗਰਤੀ ਸਤਿਗੁਰੂ ਰਾਮ ਸਿੰਘ ਜੀ ਵਾਲੀ ਵਲੋਂ ਤੇ ਨਾਮਧਾਰੀਆਂ ਵਲੋਂ ਹੀ ਹੋਈ ਹੈ । ਪਰ ਮਹੱਲ ਏਨਾਂ ਉਸੇ ਨੀਂਹ ਤੇ ਉਸਾਰ ਲਿਆ ਹੈ ।

ਅਫਸੋਸ ਇਸ ਉਚੇਰੀ ਲਿਖੀ ਸਮਝੀ ਤੇ ਜਿਸ ਵਿਚ ਨਹੀਂ ਸੋਚਿਆ ਜੇਹੀ ਨੀਂਹ ਹੋਵੇ ਤੇਹੀ ਹੀ ਉਪਰ ਉਸਾਰੀ ਹੁੰਦੀ ਹੈ । ਜੇ ਨੀਂਹ ਗਲਤ ਹੋਵੇ ਤਾਂ ਉਸਾਰੀ ਕਿਵੇਂ ਸ਼ੁਧ ਹੋ ਸਕਦੀ ਹੈ ਪਰ ਅੰਤ ਤੇ ਸਾਬਤ ਜੁ ਹੋਣਾ ਹੈ ਸੀ ।

— — —

# ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰਿ

ਸ੍ਰੀ ਰਾਗ ਮਹਲਾ ੧

ਇਸ ਪੁਸਤਕ ਵਿਚ ਜੋ ਰਵਈਆ ਜਸਵੰਤ ਸਿੰਘ ਜੀ ਨੇ ਵਰਤਿਆ ਹੈ । ਉਹ ਇਸਤਰ੍ਹਾਂ ਦਾ ਹੈ ਆਖਦੇ ਹਨ ਜਿਵੇਂ ਸ਼ੁਬਾਤ੍ਰੂ ਵਡਾ ਦੋ ਗਾਈਂ ਲੋਂਹਦਾ ਹੈ । ਅਰਥਾਤ ਇਸ ਪੁਸਤਕ ਵਿਚ ਇਨਾਮ ਦੇਣ ਵਾਲਿਆਂ ਨੂੰ ਭੀ ਬਹੁਤ ਕੁਝ ਕੂਕਿਆਂ ਦੇ ਖਿਲਾਫ ਲਿਖ ਖੁਸ਼ ਕੀਤਾ ਹੋਇਆ ਏ ਤੇ ਬੜੇ ਉਚੇ ਆਦਰਸ਼ੀ ਤੇ ਭਾਰਤੀ ਜਜ਼ਬਿਆਂ ਨੂੰ ਕਾਇਮ ਰਖਣ ਵਾਲੇ ਸਿਖ ਸਤਿਗੁਰੂ ਰਾਮ ਸਿੰਘ ਜੀ ਨੂੰ ਤੇ ਕੂਕਿਆਂ ਨੂੰ ਨਾਮਧਾਰੀਆਂ ਨੂੰ ਭੀ ਖੁਸ਼ ਕੀਤਾ ਹੋਇਆ ਏ । ਇਸ ਲੇਖਕ ਦੀ ਅਸਲੀਅਤ ਲਭਣੀ ਬੜੀ ਹੋਸ਼ ਦਾ ਕੰਮ ਹੈ ।

ਤਰਨ ਸਿੰਘ ਆਖਦਾ ਸਿੰਘ ਸਭਾਈ ਜਿਸ ਮਰਜਾਦਾ ਨਾਲ ਵਧਿਆ ।

(ਕੁੰਡਲੀ) ਚੂਹੜੀ ਕਰ ਲਈ ਸਿੰਘ ਨੇ, ਕੱਛਾ ਤੇੜ ਪਵਾ ।
ਦੁਸ਼ਮਨ ਸਭੇ ਟਾਰ ਲੈ ਅੰਮ੍ਰਿਤਸਰ ਨਵਾ ।

Sri Satguru Jagjit Singh Ji Elibrary NamdhariElibrary@gmail.com

ਅੰਮ੍ਰਿਤਸਰ ਨਵਾ ਸਵਾ ਦਾ, ਕੂਨਕਾ ਕਰਕੇ ।
ਸਿੰਘਣੀ ਲਈ ਸਜਾ ਗੁਨਾਂ ਦੀ ਰੱਕੀ ਭਰਕੇ ।
ਕਹੇ ਬੰਮਣ ਕਵਿ ਰਾਏ ਉਹ ਖਹਿ ਗਈ ਭਾਹ ਕੇ ਮੂਹਤੀ ।
ਬੂਹਤਾ ਰੋਂਦਾ ਫਿਰੇ ਸਿੰਘ ਨੇ ਕਰ ਲਈ ਚੂਹਤੀ ।
(ਕਬਿਤ) ਭੁਖ ਦੀ ਤਰਾਹੀ ਧਕੇ ਖਾਂਦੀ ਕਿਤੋਂ ਆਂਵਦੀ ਏ.
ਭੁਖੇ ਘਰ ਆਏ ਝੱਟ ਬਣਦੀ ਸਵਾਣੀ ਏ ।
ਵੇਲਦਾ ਨਹੀਂ ਕੋਈ ਪਿਛਾ ਪੁਛਦੇ ਨਹੀਂ ਖਾਂਦੇ ਨਾਮ ।
ਨਾਰਾਂ ਕਹਿਣ ਭੈਣਾਂ ਰਾਜ਼ ਭੁਖੀ ਹੋਈ ਰਾਣੀ ਏ ।
ਕਰਦਾ ਨਹੀਂ ਭੇਰ ਰੰਡਾ ਉਥਾ ਭੰਡਾ ਗਾਉਂਦਾ ਏ ।
ਆਖਦਾ ਸ਼ਰੀਕੇ ਨੂੰ ਮੈਂ ਖਿਰਤੀ ਖਵਾਣੀ ਏ ।
ਤਾਹੀਜੋਂ ਤੇ ਗੀ ਪਤਾ ਲਗੇ ਚੂਹਤੀ ਕੁਤੀ ਅਉਖਾਂ ਦੀ ਏ ।
ਮੁੰਡੇ ਦਾ ਅਲਗ ਹੁੰਦਾ ਪਿੰਡੋਂ ਧਕੇ ਧਾਣੀ ਏ ।
(ਕੁੰਡਲੀ) ਰੋਟੀ ਰਲ ਖਾ ਲੈਣ ਬੇਟੀ ਦੀ ਸਾਂਝ ਨ ਕਰਦੇ ।
ਲੈ ਤਾਂ ਮਜਬਣਾਂ ਲੈਣ ਉਹਨਾਂ ਨੂੰ ਦੇਣੋਂ ਡਰਦੇ ।
ਦੇਣੋਂ ਡਰਕੇ ਕਹਿਣ ਕੁਤੀ ਕਿਵੇਂ ਕੁਤਾ ਚੋਵੇ ।
ਮਜਬੀ ਕੋਹਣ ਰੇ ਜਿਮੀ ਤਦੋਂ ਬੰਦ ਜੀਭਾ ਹੋਵੇ ।
ਤਰਨ ਸਿੰਘ ਕਹੇ ਇਹਦਾ ਲਾਣੀ ਮਤ ਹੈ ਖੋਟੀ ।
ਬੇਟੀ ਦੇਣੀ ਹੱਕ ਜਿਦੇ ਨਾਲ ਖਾਂਦੇ ਰੋਟੀ ।

ਇਸ ਤਰਾਂ ਦੇ ਵਰਤਾਉ ਨੇ ਹੀ ਨੀਚ ਕਰਮ ਲਿਆ ਦਿਤੇ ਤੇ ਧਰਮ ਭ੍ਰਿਸ਼ਟ ਬਨਾ ਦਿਤੇ ਹਨ । ਬਹੁ ਸੰਮਤੀਏ ਸਿੰਘ ਸਡੀਏ ।

ਅਸੀਂ ਸੁਥਰੇ ਖੋਟੇ ਹੀ ਚੰਗੇ ।
ਤੁਸੀਂ ਬਹੁਤੇ ਕੋੜੇ ਹੀ ਪੰਗੇ ।

Sri Satguru Jagjit Singh Ji Elibrary NamdhariElibrary@gmail.com

ਵੇਖ ਲੋ ਦੋਹਾਂ ਧੜਿਆਂ ਵਿਚ ।
ਸੰਤ ਮਾਸਟਰ ਦੇ ਬਤਿਆਂ ਵਿਚ ।
ਇਹ ਗੁਰੂ ਬਿਨਾ ਕਤ ਹੋ ਰਹੀ ।
ਦੋ ਧੜਿਆਂ ਦੀ ਪਤ ਹੋ ਰਹੀ ਏ ।

---

# ਅੰਤ ਕਾ ਨੰਬਰ (੧)

ਅੰਗਰੇਜ਼ੀ ਰਾਜ ਭਗਤ ਖਾਲਸੇ ਵਿਚੋਂ ਹੁਣ ਦੇ ਸਮੇਂ ਦੇ ਇਤਿਹਾਸਕਾਰਾਂ ਦੇ ਢੋਲ ਦਾ ਪੋਲ । ਅਰਥਾਤ ਭਾਈ ਵੀਰ ਸਿੰਘ ਜੀ ਤੇ ਸ: ਗੰਡਾ ਸਿੰਘ ਜੀ ਦੀ ਕਰਤੂਤ ।

ਪਾਠਕ ਪੜ੍ਹ ਕੇ ਸੋਚ ਸਕਦੇ ਹਨ ਕਿ ਇਹ ਭਾਈ ਜੀ ਕਿਤਨਾ ਸਚ ਵਰਤਦੇ ਸਨ ਤੇ ਹਨ ।

"ਭਾਈ ਵੀਰ ਸਿੰਘ ਜੀ ਦੇ ਸੇਵਕ ਲਿਖਦੇ ਹਨ, ਰਵਾਇਤ ਹੈ ।

ਕਿ ਉਹ ਬੀੜ 1818 ਬਿ: ਨੂੰ ਕੁਪਰਹੀੜੇ ਦੇ ਜੰਗ ਵਿਚ ਘਲੂਘਾਰੇ ਵਿਚ ਖਾਲਸੇ ਦੇ ਹਥੋਂ ਜਾਂਦੀ ਰਹੀ । ਲੋਪ ਹੋਣ ਵਿਚ ਰਾਜ਼ ਸੀ, ਭਾਈ ਵੀਰ ਸਿੰਘ ਜੀ ਕਿਹਾ ਕਰਦੇ ਸਨ, ਕਿ ਜੇ ਪ੍ਰਗਟ ਰਹਿੰਦੀ ਤਾਂ ਕਈਆਂ ਕਹਿਣ ਤੇ ਮੰਨਣ ਲਗ ਪੈਣਾ ਸੀ ਕਿ ਗੁਰਤਾ ਇਕ ਉਸ ਪਾਵਨ ਬੀੜ ਨੂੰ ਹੈ । ਇਸੇ ਲਈ ਲੋਪ, ਅਪ੍ਰਗਟ ਹੋਣ ਦਾ ਕੌਤਕ ਵਰਤਿਐ ।

ਖਾਲਸਾ ਸਮਾਚਾਰ ਜਿ: 64 ਨੰਬਰ 37 ਜੁਲਾਈ 26-1963

ਇਹ ਉਪਰ ਲਿਖੇ ਘਲੂਘਾਰੇ ਵਿਚ ਜੋ ਬੀੜਾਂ ਖਾਲਸੇ ਦੇ ਹੱਥੋਂ ਜਾਂਦੀਆਂ ਰਹੀਆਂ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਰਤਨ ਸਿੰਘ ਜੀ ਲਿਖਦੇ ਹਨ ।

ਤਿਨ ਮੈਂ ਗਰੰਥ ਤੁਰਤ ਥੇ ਜੋਇ ।
ਇਕ ਸ੍ਰੀ ਮ੍ਰਿਤ ਸਰੀਏ ਦਮਦਮੀਏ ਦੋਇ ।

Sri Satguru Jagjit Singh Ji Elibrary NamdhariElibrary@gmail.com

ਘੇਰ ਲਈ ਤਿਨ ਅਗਾਰੋ ਆਇ,
ਜੁਟੇ ਜੁਟੇ ਤੇ ਦਏ ਕਰਾਇ ।
ਧਰ ਗਰੰਥ ਤਹਿ ਲਤੇ ਮਤੇਲ ।
ਰਖਤ ਹੁਤੇ ਜੋ ਸ਼ਸਤਰ ਗੋਲ,
(369 ਪੰਨਾ)

ਭਾਈ ਵੀਰ ਸਿੰਘ ਜੀ ਨਵੇਤ ਵਾਲੀ ਉਹ ਬੀੜ ਇਸ ਘਲੂਘਾਰੇ ਵਿਚ ਗਵਾਹੀ ਬਣਾਂਦੇ ਹਨ । ਤੇ ਰਤਨ ਸਿੰਘ ਅਮਰਤਸਰ ਵਾਲੀ ਤੇ ਦਮਦਮੇ ਵਾਲੀਆਂ ਦੋ ਇਹ ਲਿਖਦੇ ਹਨ । ਪਤਾ ਨਹੀਂ ਵੀਰ ਸਿੰਘ ਜੀ ਨੇ ਨਵੇਤ ਵਾਲੀ ਕਿਥੋਂ ਕਰ ਲਈ ਹੈ । ਜਾਪਦਾ ਤਾਂ ਇਹੋ ਹੈ ਕਿ ਭਾਈ ਜੀ ਜਾਣਦੇ ਸੀ ਕਿ ਜੋ ਮੈਂ ਕਹਿ ਜਾ ਲਿਖ ਦੇਣਾਂ ਹੈ ਸੋ ਸਚ ਮੰਨਿਆ ਜਾਣਾਂ ਹੈ ਕੇਹੜੀ ਕਿਸੇ ਪੜਚੋਲ ਕਰਨੀ ਹੈ ।

ਘੜੇ ਕੂੜ ਤੇ ਭਾੜੇ ਕੂੜ
ਆਪੇ ਉਡ ਬਹਿ ਜਾਇਗੀ ਧੂੜ

ਜਿਵੇਂ ਭਾਈ ਵੀਰ ਸਿੰਘ ਜੀ ਨੇ ਆਪਣੇ ਆਪ ਨੂੰ ਲਾਸਾਨੀ ਵਿਦਵਾਨ ਮੰਨ ਕੂੜ ਲਿਖੇ ਆਪਣੇ ਪਾਠਕਾਂ ਤੇ ਸਰਧਾਲੂਆਂ ਨੂੰ ਵਰਗ ਲਾਏ ਬਹਿਕਾਏ ਰਖਿਆ ਹੈ ਹੁਣ ਤਕ ਤਿਵੇਂ ਸ: ਗੰਡਾ ਸਿੰਘ ਜੀ ਭੀ ਕੂੜ ਦੇ ਕੂੜ ਉਭਾਰੇ ਹਨ । ਜੋ ਵਣ ਨੇ ਵੇਖੇ ਹੁਣੇ ਹਨ । ਡਾਕਟਰ ਗੰਡਾ ਸਿੰਘ ਜੀ ਕੂਕਿਆਂ ਦੀ ਵਿਥਿਆ ਵਿਚ ਤੇ ਝੂਠ ਹਸ ਕੇ ਹਰ ਪਤਰੇ ਤੇ ਲਿਖਿਆ ਹੈ ਉਹ ਤੇ ਸਾਰੀ ਹੀ ਵਿਥਿਆ ਹੈ ਪਰ ਅਸੀਂ ਪਾਠਕਾਂ ਨੂੰ ਇਕ ਨਮੂਨਾਂ ਵਿਖਾਂਦੇ ਹਾਂ ਤੇ ਆਖਦੇ ਹਾਂ ਜੋ ਗੰਡਾ ਸਿੰਘ ਜੀ ਕੌਲ ਸਚ ਹੈ ਤਾਂ ਨਰ ਕੇ ਮਦਾਨ ਵਿਚ ਔਣ ਜਾ ਡੰਨ ਲਾਣ ਜਾਂ ਲਵੌਣ । ਤੇ ਵੇਖੋ ਕੂਕਿਆਂ ਦੀ ਵਿਥਿਆ ਦਾ ਪੰਨਾਂ 118 ("ਅਮਰਤਸਰ ਵਿਚ ਬੁਚੜਾਂ ਦੇ ਕਤਲ)" 14 ਜੂਨ ਸੰਨ 1870 ਈ: ।

(ਇਹ 14 ਜੂਨ ਸੰਨ 1870 ਈ:) ਹੀ ਹਰ ਲੋੜ ਸਮੇਂ ਲਿਖਦੇ ਹਨ ।

ਜੇ ਇਕ ਥਾਂ ਇਹ ਗਲਤ ਸੰਨ ਹੁੰਦਾ ਤਾਂ ਜਾਣਦੇ ਕਿ ਪਰੂਫਾਂ ਵਿਚ ਅਵੱਸ਼ ਹੀ ਪਤ ਗਲਤੀ ਹੋਈ ਹੈ । ਪਰ ਹਰ ਪਤਰੇ ਤੇ ਲੋੜ ਸਮੇਂ ਸੰਨ 1870 ਕਹਿਣਾਂ ਪੈਂਦਾ ਏ ਕਿ ਠੀਕ ਏਹਨਾਂ ਅੰਗਰੇਜ਼ ਦੀ ਉਪਜ ਸਿੰਘ ਸਭਾਈਆਂ ਦਾ 420 ਵਾਲਾ ਕਿੱਤਾ ਹੀ ਇਹੋ ਹੈ । ਆਪਣੇ ਪਾਠਕਾਂ ਤੇ ਸਰਧਾਲੂਆਂ ਨੂੰ ਹਨੇਰੇ ਵਿਚ ਰਖ

ਹੋਰ ਆਪੋਂ ਕਹਾਨੀਆਂ ਘੜ ਵਖਾਣੀਆਂ ।

ਹੋਰ ਸਭ ਇਤਿਹਾਸਕਾਰ, (ਸੰਤ ਨਿਧਾਨ ਸਿੰਘ ਆਲਿਮ । ਸਮਸ਼ੇਰ ਸਿੰਘ ਜੀ ਅਸ਼ੋਕ । ਸੰਤ ਸੰਤੋਖ ਸਿੰਘ ਜੀ। ਸ: ਨਾਹਰ ਸਿੰਘ ਜੀ ਐਮ. ਏ । ਤੇ ਜਸਵੰਤ ਸਿੰਘ ਜੀ ਆਦ ਤਾਂ 14 ਜੂਨ 1871 ਈ: ਹੀ ਲਿਖਦੇ ਹਨ ਜੋ ਸਹੀ ਤਾਰੀਕ ਹੈ। ਪਰ ਗੰਡਾ ਸਿੰਘ ਸਾਹਿਬ 1870 ਈ: ਜਿਸ ਲਈ ਲਿਖਦੇ ਹਨ ਉਹ ਪਾਜ ਵੀ ਅੰਤ ਖੁਲਨਾਂ ਹੀ ਸੀ । ਗੰਡਾ ਸਿੰਘ ਜੀ ਨੇ ਨਾਮਧਾਰੀ ਸ਼ਹੀਦਾਂ ਅਮਰਤ ਸਰ ਵਾਲਿਆਂ ਦੀ ਸ਼ਹੀਦੀ ਨੂੰ ਮੈਲਾ ਕਰਨ ਲਈ ਇਹ ਕੂੜ ਕਥਾ ਅਰੰਭੀ ਕਿ ਹੈ 14 ਮਹੀਨੇ ਬਾਦ ਫੜੇ ਆਏ ਸਾਬਤ ਕੀਤੇ ਸ਼ਹੀਦ ਸਿੰਘ ਤੇ ਉਤਰ ਵਿਚ ਜਵਾਬ ਮਾਸਟਰ ਨਿਹਾਲ ਸਿੰਘ ਜੀ ਦਿਤਾ ਜੋ ਪਾਠਕ ਪੜ੍ਹ ਵਿਚਾਰ ਸਕਦੇ ਹਨ ਇਸ ਵਿਚ ਗੰਡਾ ਸਿੰਘ ਜੀ ਜੇ ਸਾਲ ਵਿਚ ਨ ਬਣਾਂਦੇ ਤਾਂ ਕੂਕੇ ਤੁਰਤ ਆਪੇ ਆਏ ਬਣ ਸਰੇ ਸ਼ਹੀਦ ਸਾਬਤ ਹੁੰਦੇ ਹਨ! ਇਸ ਲਈ ਜਿਵੇਂ ਭਾਈ ਵੀਰ ਸਿੰਘ ਜੀ ਕਿਹਾ ਕਰਦੇ ਸੀ ਕਿ ਬੀੜ ਦੇ ਲੋਪ ਤੇ ਅਪ੍ਰਗਟ ਹੋਣ ਵਿਚ ਰਾਜ ਸੀ। ਤਿਵੇਂ ਸਾਨੂੰ ਹੁਣ ਪਤਾ ਲਗਾ ਕਿ ਗੰਡਾ ਸਿੰਘ ਜੀ ਦੇ ਇਕ ਸਾਲ ਝੂਠ ਲਿਖਣ ਵਿਚ ਇਹ ਰਾਜ਼ ਸੀ । ਜਾਂ ਹੈ ।

ਅਖਬਾਰ ਸਪੋਕਸ ਮੈਨ ਦਿਲੀ "ਵਿਚ 12 ਜੂਨ 1956 ਨੂੰ ਛਪਿਆ ਸੀ ਕਿ ਵੀ. ਜੇ ਹਸਪਤਾਲ ਵੇਹੜੇ ਵਿਚ ਇਤਿਹਾਸਕ ਦਰਖਤ (ਬੋਹੜ) ਜਿਸ ਨਾਲ ਚਾਰ ਨਾਮਧਾਰੀ ਸਿਖਾਂ ਨੂੰ 16 ਸਤੰਬਰ 1871 ਨੂੰ ਅੰਮ੍ਰਿਤਸਰ ਵਿਚ ਬੁਚੜ ਮਾਰਨ ਕਰ ਫਾਸੀ ਦਿਤੀ ਗਈ। ਪਿਛਲੇ ਹਫਤੇ ਇਕ ਝਖੜ ਦੇ ਸਮੇਂ ਟੁਟ ਗਿਆ। ਖਬਰ ਇਹ ਦਸਦੀ ਹੈ ਕਿ ਆਪਣੇ ਗੁਰੂ ਰਾਮ ਸਿੰਘ ਦੀ ਕਮਾਂਡ ਹੇਠ ਚਾਰੋਂ ਕੂਕਿਆਂ ਆਪਣੇ ਆਪ ਨੂੰ ਗ੍ਰਿਫਤਾਰ ਕਰਾਉਣ ਲਈ ਸ਼ੈਸ਼ਨ ਕੋਰਟ ਵਿਚ ਪੇਸ਼ ਕੀਤਾ।"

ਇਸ ਦੇ ਵਿਰੁਧ ਗੰਡਾ ਸਿੰਘ ਜੀ ਨੇ 29-6-64 ਨੂੰ ਛਪਵਾਇਆ। ਐਡੀਟਰ ਨੂੰ ਪਤਰ ਲਿਖ, "1871 ਵਿਚ ਕੂਕਿਆਂ ਨੂੰ ਫਾਂਸੀ ਦਿਤੀ ਗਈ ਬਾਰੇ ਇਤਿਹਾਸਕ ਸਚਾਈ ਫੇਰ। ਲੰਮੇ ਲੇਖ ਦਾ ਸਾਰ ਇਹ ਸੀ ਕਤਲ 14 ਜੂਨ 1870 ਨੂੰ ਹੋਏ ਅਤੇ 14 ਮਹੀਨੇ ਕੂਕੇ ਨਸੇ ਰਹੇ। ਤੇ ਆ ਪਣ ਆਪ ਆਪ ਜਾਂ ਗੁਰੂ ਜੀ ਦੇ ਕਹੇ ਨਹੀਂ ਆਏ ਸੀ। ਤੇ ਬੋਹੜ ਨਾਲ ਨਹੀਂ ਫਾਹੇ ਆਏ ਸੀ।

Sri Satguru Jagjit Singh Ji Elibrary NamdhariElibrary@gmail.com

ਜੇਲ ਵਿਚ ਆਏ ਸੀ। ਇਸ ਦੇ ਵਿਰੋਧੀ ਉਤਰ ਵਲੋਂ ਮਾਸਟਰ ਨਿਹਾਲ ਸਿੰਘ ਜੀ ਬੀ. ਏ. ਵਲੋਂ ਐਡੀਟਰ ਨੂੰ ਪਤਰ ਸਪਤਾਹਿਕ ਸਪੋਕਸ ਮੈਨ ਦਿਲੀ ਨੂੰ ਉਪਰ ਲਿਖੇ ਬਾਬਤ ਦਿਤਾ 25-8- 5 ਨੂੰ

---

## "ਗਲਤ ਮਜ਼ਮੂਨ ਦੀ ਅਸਲੀਅਤ"

ਨਾਮੇ ਛਪਿਆ ਹੈ। ਜਿਸਦਾ ਸਾਰ ਇਸ ਤਰ੍ਹਾਂ ਹੈ: ਨਾਮਧਾਰੀਆਂ ਨੇ 14 ਜੂਨ 1871 ਨੂੰ ਤੁਰਤ ਅੰਮ੍ਰਿਤਸਰ ਮਾਰੇ। ਤੇ ਸਤਿਗੁਰੂ ਜੀ ਜਦ ਸੁਣਿਆਂ ਕਿ ਬੇਦੋਸੇ ਹੋਰ ਫਸੇ ਹਨ ਤਾਂ ਉਹਨਾਂ ਸਿਖਾਂ ਨੂੰ ਕਿਹਾ ਜਾਉਤੇ ਕੀਤੇ ਦਾ ਫਲ ਪਾਉ। ਉਹ ਆਏ ਤੇ ਬਦੋਸੇ ਛੁਡਾਏ ਤੇ ਖੁਸ਼ੀ ਨਾਲ ਆਪ ਗਲੀਂ ਰਸੇ ਪਾ ਫਾਹੇ ਆਏ.

ਅਸਲੀਅਤ ਇਹ ਹੈ ਜੋ ਮਾਸਟਰ ਨਿਹਾਲ ਸਿੰਘ ਜੀ ਨੇ ਦਿਤੀ ਹੈ ਕਿ ਇਹ ਇਤਿਹਾਸਕਾਰ ਤਾਰੀਖ 1871 ਈ: ਦਾ 14 ਜੂਨ ਲਿਖਦੇ ਹਨ।

(ੳ) ਗੁਰਦੁਆਰਾ ਰੀਫਾਰਮ ਮੂਵਮੈਂਟ ਐਂਡ ਦੀ ਸਿਖ। ਵਲੋਂ ਪ੍ਰੋਫੈਸਰ ਰੁਚੀਅ ਰਾਮ ਸਾਹਨੀ ਸਫਾ 33

(ਅ) ਤਵਾਰੀਖ-ਏ ਪੰਜਾਬ (ਉਰਦੂ) ਵਲੋਂ ਪਰਮਾ ਨੰਦ ਐਮ ਏ ਸਫਾ 56।

(ੲ) ਥੀਬਿਜ ਆਨ ਦੀ ਨਾਮਧਾਰੀਜ਼ ਇੰਗਲਿਸ਼ ਸਫਾ 50 ਤੋਂ 53 ਤਕ।

(ਸ) ਇਤਿਹਾਸ ਦਾ ਭੁਲਾ ਹੁਆ ਪੰਨਾਂ। ਵਲੋਂ ਪੰਡਿਤ ਸੁੰਦਰ ਲਾਲ। ਭਾਰਤ ਮੇਂ ਅੰਗਰੇਜ਼ੀ ਰਾਜ ਵਿਚਦ ਬਾਣੀ ਚੋਂ ਪੰਨਾਂ 70

ਉਪਰ ਲਿਖਿਆ ਪੜ ਪਾਠਕ ਵਿਚਾਰ ਸਕਦੇ ਹਨ ਕਿ ਇਕ ਸਾਲ ਕਿਸ ਕਾਰਸਤਾਨੀ ਲਈ ਵਧਾ ਕੇ ਪਾ ਇਤਿਹਾਸ ਦਾ ਵਰਕਾ ਵਿਗਾੜਿਆ ਹੈ। ਗੰਡਾ ਸਿੰਘ ਜੀ ਨੇ। ਸਾਫ ਜਾਹਰ ਹੈ ਕਿ ਰੋਖੀ ਵਿਚ ਕਾਹਨ ਜਾਪੇ ਆਪੇ ਗੁਰ ਹੁਕਮ ਕਰ ਨਹੀਂ ਆਏ। ਫੜਿਆਂ ਫੜੇ ਆਏ ਹਨ। ਜੋ ਕ੍ਰਿਸ਼ਟੀ ਝੂਠੀ ਘਾੜਤ ਘੜੀ ਹੈ ਉਸ ਦੇ ਆਸਰੇ। ਤੇ ਬੋਹੜ ਦੇ ਫਾਹੇ ਦੀ ਸਬੂਤੀ ਲਈ ਰਾਏ ਕੋਟ ਦੇ ਲੋਕ ਹੀ ਫਾਹੇ ਲਗੇ ਦਸਦੇ ਹਨ ਤ ਲੁਧਿਆਣੇ ਜੇਲੋਂ ਬਾਹਰ ਤੇ ਕੂਕਿਆਂ ਦਾ ਕਲਰ ਕੋਟਲੋਂ

Sri Satguru Jagjit Singh Ji Elibrary NamdhariElibrary@gmail.com

ਦਾ ਅਜੇ ਮਸ਼ਹੂਰ ਹੈ ਜੋ ਦੂਰ ਜਾਂਦਿਆਂ ਨੂੰ ਭੀ ਦਸਦਾ ਹੈ। ਕੂਕਿਆਂ ਵਾਸਤੇ ਅਨਿਆਂ ਤੇ ਦਬਾ ਲੋਕਾਂ ਨੂੰ ਵਖਾਣ ਵਾਸਤੇ ਵਰਤਿਆ ਗਿਆ ਸੀ। ਉਸ ਬੋਹੜ ਤੇ ਸੁਦੇਸ਼ੀ ਰਾਜ ਸਮੇਂ ਸ਼ਹੀਦਾਂ ਦੇ ਨਾਮ ਦਾ ਬੋਰਡ ਲਗਾ ਭੀ ਇਹ ਸਾਬਤ ਕਰਦੈ।

# ਅੰਗਰੇਜ਼ੀ ਦਾ ਅਨੁਵਾਦ

ਅਸੀਂ ਆਖਦੇ ਹਾਂ ਗੰਡਾ ਸਿੰਘ ਜੀ ਜੇ ਸਾਨੂੰ ਝੂਠਾ ਕਰਨ ਤੇ ਅਸੀਂ ਡੰਨ ਲਵਾਂ-ਵਾਂਗੇ ਨਹੀਂ ਤੇ ਆਪ ਭੁਲ ਮੰਨਣ ਤੇ ਡੰਨ ਲਵਾਉਣ। ਤਰਨ ਸਿੰਘ ਸ੍ਰੀ ਰਾਮ ਪੁਰ

# ਅੰਤਕ ਨੰਬਰ (੨)

ਜੋ ਵਿਰੋਧ ਪਖੋਂ ਲਿਖਦਾ ਹੈ ਉਹ ਸਹੀ ਨਹੀਂ ਲਿਖਦਾ। ਜਿਵੇਂ ਗੁਰ ਵਾਕ ਹੈ :—

"ਗੁਰ ਸਤਿ ਗੁਰ ਵਿਚਿ ਨਾਵੈ ਕੀ ਵਡੀ ਵਡਿਆਈ,
ਹਰਿ ਕਰਤੈ ਆਪਿ ਵਧਾਈ।
ਸਵਕ ਸਿਖਿ ਸਭਿ ਵੇਖਿ ਜੀਵਨ,
ਉਨ੍ਹਾ ਅੰਦਰ ਹਿਰਦੈ ਭਾਈ,
ਨਿੰਦਕ ਦੁਸ਼ਟ ਵਡਿਆਈ।
ਵੇਖਿ ਨ ਸਕਨਿ ਉਨ੍ਹਾਂ ਪਰਾਇਆ, ਭਲਾ ਨ ਸੁਖਾਈ।
ਕਿਆ ਹੋਵੈ ਕਿਸ ਹੀ ਕੀ ਝਖਿਮਾਰੀ,
ਜਾਂ ਸਚੇ ਸਿਉ ਬਣਿਆਈ,
ਜੇ ਗਲ ਕਰਤੇ ਭਾਵੈ ਸਾ ਨਿਤ ਨਿਤ ਚੜੈ ਸਵਾਈ।
ਸਭ ਝਖਿ ਝਖਿ ਮਰੈ ਲੁਕਾਈ।

ਬਿਲਾਵਲ ਕੀ ਵਾਰ ਸਲੋਕ ਮ. 3। (850 ਪੰਨਾ

ਜੋ ਨਿੰਦਕ ਵਡਿਆਈ ਵੇਖਿ ਜਰ ਨਹੀਂ ਸਕਦੇ ਜਿਨ੍ਹਾਂ ਨੂੰ ਪਰਾਇਆ ਭਲਾ ਨਹੀਂ ਸੁਖਾਂਦਾ ਤੇ ਸਤਿ ਗੁਰੂ ਜੀ ਦੀ ਵਡਿਆਈ ਨਿਤ ਨਿਤ ਸਵਾਈ ਦੇ ਉਲਟ ਝਖਿ ਝਖਿ ਮਰਦੇ ਤੇ ਝਖਾਂ ਮਾਰਦੇ ਹਨ। ਉਹ ਅਨਮਤੀਆਂ ਦਾ ਲਿਖਿਆ ਆਪਣੇ ਗੁਰੂਆਂ ਦੇ ਵਿਰੁਧ ਵੇਖਣ।

(ਰਵਿੰਦਰ ਨਾਥ ਟੈਗੋਰ ਜੀ ਗੁਰੂ ਗੋਬਿੰਦ ਸਿੰਘ ਬਾਰੇ ਕੀ ਲਿਖਦੇ ਹਨ

Sri Satguru Jagjit Singh Ji Elibrary NamdhariElibrary@gmail.com

ਤੇ ਜਹਾਂਗੀਰ ਗੁਰੂ ਅਰਜਨ ਦੇਵ ਜੀ ਬਾਰੇ ਕੀ ਲਿਖਦਾ ਹੈ।

ਗੰਡਾ ਸਿੰਘ ਜੀ ਭਾਵੇਂ (ਸਿਖ ਇਤਿਹਾਸ ਬਾਰੇ) ਪੁਸਤਕ ਵਿਚ ਦੋ ਤਿਨ ਸਫੇ ਅਸਲੀ ਫ਼ਾਰਸੀ ਤੇ ਉਲਥਾ ਕਰ ਅਖਿਰ ਲਿਖ ਆਪਣੀ ਖੋਜ ਤੇ ਸੂਝ ਹਿੰਮਤ ਦਸੀ ਹੈ। ਪਰ ਅਸੀਂ ਆਪਣੇ ਕਾਗਜ ਕਾਲਾ ਵਿਅਰਥ ਨਹੀਂ ਕਰਦੇ। ਸਿਰਫ ਨਮੂਨਾ ਹੀ ਦੇਂਦੇ ਹਾਂ। ਜੋ ਜਹਾਂਗੀਰ ਗੁਰੂ ਅਰਜਨ ਦੇਵ ਜੀ ਬਾਰੇ ਲਿਖਿਆ ਹੈ; "ਇਸ ਜਾਹਲ ਤੇ ਹਕੀਰ ਆਦਮੀ ਨੇ ਇਰਾਦਾ ਕੀਤਾ।........ ਅਗੋ ਹੀ ਇਨ੍ਹਾਂ ਦੇ ਝੂਠ ਨੂੰ ਮੈਂ ਚੰਗੀ ਤੇ ਪੂਰੀ ਤਰ੍ਹਾਂ ਜਾਣਦਾ ਸੀ। ਸਾਰਿਆਂ ਪਾਸਿਆਂ ਤੇ ਫਰੇਬੀ ਤੇ ਫਰੇਬ ਦੇ ਪੁਜਾਰੀ ਉਸ ਪਾਸ ਆਕੇ ਉਸਨੂੰ ਗੁਰੂ ਕਹਿੰਦੇ ਹਨ।" ਆਦਿ

ਦੇਖੋ ਪੰਨੇ 11 ਤੋਂ 13 ਤਕ

ਟੈਗੋਰ ਲਿਖਤ ਇਤਿਹਾਸ ਦਾ ਨਮੂਨਾ।

ਸਿਖ ਇਤਿਹਾਸ ਤੇ ਕੂਕੇ।

ਅਮਰ ਭਾਰਤੀ ਜੀ ਵਲੋਂ ਵਿਚੋਂ।

ਗੁਰੂ ਗੋਬਿੰਦ ਸਿੰਘ ਜੀ ਸੰਬੰਧੀ ਨਮੂਨਾ।

ਬਾਬਾ ਨਾਨਕ ਨੇ ਜਿਹੜਾ ਰਾਹ ਖਰਚ ਦੇ ਕੇ ਉਨ੍ਹਾਂ ਨੂੰ ਇਸ ਉਦਾਰ ਰਸਤੇ ਤੇ ਤਰਿਆ ਸੀ ਉਹ ਇਹਨਾਂ ਨੇ ਰਾਹ ਖਰਚ ਉਥੇ ਹੀ ਮੁਕਾ ਲਿਆ...... ਗੁਰੂ ਗੋਬਿੰਦ ਸਿੰਘ ਜੀ ਗੁਰੂ ਨਾਨਕ ਦਾ ਨਿਸ਼ਾਨਾ ਸਥਿਰ ਨਹੀਂ ਰਖ ਸਕੇ।...... ਜਿਹੜੀ ਨਦੀ ਸਮੁੰਦਰ ਵਿਚ ਮਿਲਣ ਲਈ ਗਗਨ ਚੁੰਬੀ ਪਰਬਤ ਦੀ ਪਵਿਤ ਬਰਫਾਨੀ ਚੋਟੀ 'ਚੋਂ ਨਿਕਲੀ ਸੀ ਉਹ ਜਦੋਂ ਰਸਤੇ ਵਿਚਲੇ ਰੇਗਿਸਤਾਨ ਦੇ ਰੇਤੀਲੇ ਅੰਬਰ ਵਿਚ ਪੁਜਣ ਤੇ ਆਪਣੀ ਸ਼ਰਧਾਅ ਗਵਾ ਬੈਠੀ।.........ਜਿਹੜਾ ਸੰਗਰਾਮ ਕੀਤਾ ਸੀ ਉਹ ਸਿਰਫ ਸਿਖ ਸੰਪਰਦਾ ਦਾ ਹੀ ਸੰਗਰਾਮ ਸੀ।" ਆਦਿ ਆਦਿ। ਦੇਖੋ ਪੰਨਾ 13 ਤੋਂ 15 ਤਕ।

ਜਿਵੇਂ ਇਹ ਵਿਰੋਧੀ ਤੇ ਵੇਪਖੀਆਂ ਜੋ ਗੁਰੂ ਅਰਜਨ ਦੇਵ ਜੀ, ਤੇ ਗੁਰ ਗੋਬਿੰਦ ਸਿੰਘ ਜੀ ਬਾਬਤ ਲਿਖਿਆ ਹੈ। ਉਵੇਂ ਹੀ ਗੰਡਾ ਸਿੰਘ ਜੀ ਨੇ ਕੂਕਿਆਂ ਦੀ ਵਿਥਿਆ ਤੇ ਜਸਵੰਤ ਸਿੰਘ ਜੀ ਨੇ ਬਾਬਾ ਰਾਮ ਸਿੰਘ।

ਅਸੀਂ ਇਤਿਹਾਸ ਲਿਖਣ ਵਾਲਿਆਂ ਨੂੰ ਸਲਾਹ ਦੇਂਦੇ ਹਾਂ ਕਿ ਉ ਇਤਿਹਾਸ ਉਸੇ ਸਪਿਰਟ ਤੇ ਸੁਵਾਦ ਵਿਚ ਲਿਖਿਆ ਜਾਵੇ ਜਿਸ ਵਿਚ ਉਹ ਬਣਿਆ ਹੋਵੇ।

---

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com



ਸੁਧ ਖੱਦਰ ਦਾ ਬਾਣਾਂ, ਉੱਨਾਲ ਮੋਟਾ ਸੂਤ ਦਾ, ਖੁਬ ਵਰਗਾ ਚਿੱਟਾ। ਗਲ ਵਿਚ ਮਾਲਾ ਦੂਧੀਆ ਉਨ ਦੀ, ਹੱਥ ਗੜਵਾ ਮੋਢੇ ਛੂਰੀ, ਜ਼ਿਮੀਂਦਾਰ ਧੋਂਤੂ ਪੰਜਾਬ ਦਾ। ਤ੍ਰਿਗਵਲੀ ਦਾੜ੍ਹੀ ਇਉਂ ਜਾਪੇ ਜਿਦਾਂ ਕੋਈ ਸੰਤ ਹੁਣੇ ਹੁਣੇ ਕਿਸੇ ਪਹਾੜ ਤੋਂ ਉਤਰ ਕੇ ਆਇਆ ਹੋਵੇ।

ਵੇਖੀਏ ਤੇ ਜੱਟ, ਉਦਾਂ ਕਵੀ, ਸਾਹਿਤਕਾਰ, ਖੋਜੀ, ਪੜ੍ਹ-ਚੋਲੀਆ ਤੇ ਬੁਲਾਰਾ। ਤੁਸੀਂ ਏਸ ਆਦਮੀ ਨੂੰ ਕੀ ਆਖੋਗੇ। ਮੇਰਾ ਖ਼ਿਆਲ ਏ ਜੇ ਤੁਸੀਂ ਮੈਨੂੰ ਆਗਿਆ ਦਿਉ ਤੇ ਮੈਂ ਏਸ ਮਾਲਾ ਦੇ ਮਨਕੇ ਨੂੰ 'ਤਰਨ ਸਿੰਘ ਵਹਿਮੀ' ਆਖ ਦੇਵਾਂ ਤੇ ਕੋਈ ਹਰਜ ਤੇ ਨਹੀਂ। ਕਿਉਂ ਪਸੰਦ ਆਈ ਏ ਮੇਰੀ ਗੱਲ !

ਇਤਿਹਾਸ ਦੇ ਗਵਾਚੇ ਹੋਏ ਪਤਰਿਆਂ ਵਿਚ ਪੜਚੋਲ ਵੇਖਣੀ ਹੋਵੇ ਤੇ ਤੁਸੀਂ ਨਤਾਰ ਕੇ ਵੇਖੋ, ਸ੍ਰੀ ਗੁਰੂ ਗੋਬਿੰਦ ਜੀ ਦਾ ਨੰਦੇੜੋਂ ਬਾਦ ਦਾ ਜੀਵਨ।

ਧਰਮ, ਜੀਵਨ ਤੇ ਸ੍ਰਿਸ਼ਟੀ ਵਿਚ ਪੁਰਸ਼ ਕਿਸ ਕਿਸ ਤਰ੍ਹਾਂ ਦੇ ਨਿਰਨੇ ਕਰਨਾ ਚਾਹੁੰਦਾ ਏ। ਪੰਜ ਨਿਰਨੇ ਪੜ੍ਹੋ ਤੇ ਆਪਣੀ ਕਾਇਆਂ ਸਾਧੋ। ਸੋਰਠ ਬੀਜਾ ਵਿ ਬੋਲੀ ਨੂੰ ਚੁਟਕਾਰੇ ਲੈਂਦੀ ਵੇਖੋ।

ਬੰਦਾ ਕੰਮ ਦਾ ਜੇ ਮਿਲੇ, ਕੰਮ ਦੀਆਂ ਗੱਲਾਂ ਸੁਣ ਲੈਣੀਆਂ, ਆਉਣਗੀ

ਹਰਨਾਮ ਦਾਸ ਸਹਿਰਾ

Sri Satguru Jagjit Singh Ji Elibrary NamdhariElibrary@gmail.com